ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 35 | 04 September 2019 to 10 September 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

➤ ਅੰਦਰ ਪੜ੍ਹੋ



13

■ ਖ਼ਾਸ ਰਿਪੋਰਟ

ਪੰਜਾਬ ਵਿਧਾਨ ਸਭਾ ਦੀਆਂ ਉਪ ਚੋਣਾਂ ਲਈ ਕਮਰਕੱਸੇ



24

■ ਖਾਸ ਖ਼ਬਰਾਂ

ਬੇਅਦਬੀ ਦਾ ਮਾਮਲਾ ਕੇਂਦਰ ਸਰਕਾਰ ਤੇ ਏਜੰਸੀਆਂ ਕਾਰਨ ਉਲਝਿਆ

# ਪਾਕਿਸਤਾਨ ਵਿਚ ਸਿੱਖਾਂ ਨੂੰ ਮਿਲੇਗਾ 'ਮਲਟੀਪਲ ਆਨ ਅਰਾਈਵਲ ਵੀਜ਼ਾ'

## ਤਿੰਨ ਰੋਜ਼ਾ ਅੰਤਰਰਾਸ਼ਟਰੀ ਸਿੱਖ ਕਨਵੈਨਸ਼ਨ ਵਿਚ ਇਮਰਾਨ ਖਾਨ ਦਾ ਐਲਾਨ

### ਅਮਰੀਕਾ ਤੋਂ ਜੱਥੇ ਨੇ ਵੀ ਕੀਤੀ ਕਾਨਫਰੰਸ 'ਚ ਸ਼ਮੂਲੀਅਤ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :**

ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਪਾਕਿਸਤਾਨ ਵਿਚ, ਸਰਕਾਰ ਵੱਲੋਂ ਵੱਡੇ ਪੱਧਰ ਉਤੇ ਮਨਾਉਣ ਦੀ ਤਿਆਰੀ ਤਹਿਤ ਲਾਹੌਰ ਵਿਚ ਤਿੰਨ ਦਿਨਾ ਅੰਤਰਰਾਸ਼ਟਰੀ ਸਿੱਖ ਕਨਵੈਨਸ਼ਨ ਕਰਵਾਈ ਗਈ। ਕਾਨਫਰੰਸ ਵਿਚ ਸ਼ਾਮਿਲ ਹੋ ਕੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਪਵਿੱਤਰ ਅਸਥਾਨਾਂ ਦੀ ਯਾਤਰਾ ਦੌਰਾਨ ਭਾਰਤ ਤੇ ਵਿਦੇਸ਼ਾਂ ਤੋਂ ਆਏ ਸਿੱਖ ਸ਼ਰਧਾਲੂਆਂ ਨੂੰ "ਮਲਟੀਪਲ ਆਨ ਅਰਾਈਵਲ ਵੀਜ਼ਾ" ਜਾਰੀ ਕਰੇਗੀ ਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕਰੇਗੀ। ਇਮਰਾਨ ਖਾਨ ਨੇ ਸੋਮਵਾਰ ਨੂੰ ਰਾਜਪਾਲ ਭਵਨ ਵਿੱਚ ਅੰਤਰਰਾਸ਼ਟਰੀ ਸਿੱਖ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਕਿਹਾ, "ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਤੁਹਾਨੂੰ ਮਲਟੀਪਲ ਵੀਜ਼ੇ ਜਾਰੀ ਕੀਤੇ ਜਾਣਗੇ... ਇਹ ਸਾਡੀ ਜ਼ਿੰਮੇਵਾਰੀ ਹੈ। ਅਸੀਂ ਤੁਹਾਨੂੰ ਇਹ ਸਹੂਲਤ ਦੇਵਾਂਗੇ। ਇਥੋਂ ਤਕ ਕਿ ਹਵਾਈ ਅੱਡੇ 'ਤੇ ਵੀਜ਼ਾ ਸਹੂਲਤ ਮੁਹੱਈਆ ਕਰਾਵਾਂਗੇ।"



ਪ੍ਰਧਾਨ ਮੰਤਰੀ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਤੀਰਥ ਯਾਤਰਾ ਜਾਂ ਸੈਰ-ਸਪਾਟੇ ਲਈ ਪਾਕਿਸਤਾਨ ਦਾ ਦੌਰਾ ਕਰਨ ਦੇ ਇੱਛੁਕ ਵਿਦੇਸ਼ੀਆਂ ਨੂੰ ਵੀਜ਼ੇ ਲੈਣ 'ਚ ਦਰਪੇਸ਼ ਮੁਸ਼ਕਲਾਂ ਮਹਿਸੂਸ ਕੀਤੀਆਂ ਹਨ। ਉਨ੍ਹਾਂ ਕਿਹਾ, "ਹਾਲਾਂਕਿ ਸਾਡੀ ਸਰਕਾਰ ਨੇ ਵੀਜ਼ਾ ਪ੍ਰਣਾਲੀ ਨੂੰ ਬਦਲਿਆ ਹੈ, ਰੁਕਾਵਟਾਂ ਪੈਦਾ ਕਰਨ ਦੀ ਮਾਨਸਿਕਤਾ ਹੌਲੀ ਹੌਲੀ ਘੱਟ ਹੁੰਦੀ ਜਾਵੇਗੀ।"

ਬਾਕੀ ਸਫ਼ਾ 32 'ਤੇ

# ਅਮਰੀਕਾ 'ਚ ਸਿਆਸੀ ਸ਼ਰਨ ਲੈਣੀ ਹੋਈ ਔਖੀ

## *ਸਿੱਖਾਂ ਨੂੰ ਖ਼ਤਰੇ ਵਾਲਾ ਕਾਰਨ ਮੰਨਣ ਤੋਂ ਅਦਾਲਤਾਂ ਇਨਕਾਰੀ*

**ਜਲੰਧਰ/ਬਿਊਰੋ ਨਿਊਜ਼ :**

ਪੰਜਾਬ ਦੇ ਕਾਲੇ ਦੌਰ ਦੌਰਾਨ ਅਮਰੀਕਾ ਵਿਚ ਦਾਖ਼ਲ ਹੋਣ ਵਾਲੇ ਸਿੱਖ ਸਿਆਸੀ ਸ਼ਰਨ ਲੈਣ ਲਈ ਭਾਰਤ ਵਿਚ ਸਿੱਖਾਂ ਦੀ ਜਾਨ ਨੂੰ ਖ਼ਤਰੇ ਕਾਰਨ ਉਥੇ ਟਿਕ ਜਾਂਦੇ ਰਹੇ ਹਨ। ਬਾਅਦ ਵਿਚ ਹੁਣ ਤਕ ਇਹ ਵਰਤਾਰਾ ਜਾਰੀ ਸੀ। ਇਸ ਲਈ ਅਕਾਲੀ ਦਲ (ਅ) ਦੇ ਪੱਤਰ ਵੀ ਕੰਮ ਦਿੰਦੇ ਰਹੇ ਹਨ। ਇਸ ਬਹਾਨੇ ਕਈ ਏਜੰਟਾਂ ਨੇ ਪੈਸੇ ਕਮਾਉਣ ਦਾ ਤਰੀਕਾ ਵੀ ਅਪਣਾ ਰੱਖਿਆ ਸੀ। ਅਮਰੀਕਾ ਨੂੰ ਗ਼ੈਰ-ਕਾਨੂੰਨੀ ਭੇਜੇ ਜਾਣ ਵਾਲੇ ਵਿਅਕਤੀਆਂ ਨੂੰ ਏਜੰਟ ਭਾਰਤ ਤੋਂ ਪਹਿਲਾਂ ਹੀ ਸਿਖਾ ਕੇ ਭੇਜਦੇ ਕਿ ਤੁਸੀਂ ਕਹਿਣਾ ਹੈ ਕਿ ਪੰਜਾਬ ਵਿਚ ਅਸੀਂ ਆਜ਼ਾਦੀ ਲਈ ਲੜ ਰਹੇ ਅਕਾਲੀ ਦਲ (ਅ) ਦੇ ਪੋਸਟਰ ਲਗਾਉਣ ਤੇ ਹੋਰ ਸਰਗਰਮੀਆਂ ਵਿਚ ਸ਼ਾਮਿਲ ਸੀ ਤੇ ਪੁਲਿਸ ਨੇ ਸਾਨੂੰ ਫੜ ਕੇ ਤਸ਼ੱਦਦ ਢਾਹਿਆ ਤੇ ਅਸੀਂ ਜਾਨ ਬਚਾ ਕੇ ਇਥੇ ਪੁੱਜੇ ਹਾਂ। ਇਸ ਤਰ੍ਹਾਂ ਵੱਡੀ ਗਿਣਤੀ ਵਿਚ ਲੋਕਾਂ ਨੂੰ ਕਈ ਸਾਲ ਅਮਰੀਕਾ ਵਿਚ ਸਿਆਸੀ ਸ਼ਰਨ ਮਿਲਦੀ ਵੀ ਰਹੀ ਹੈ ਪਰ ਹੁਣ ਅਮਰੀਕੀ ਪ੍ਰਸ਼ਾਸਨ ਭਾਰਤ ਅੰਦਰ ਸਿੱਖਾਂ ਦੀ ਜਾਨ ਨੂੰ ਖ਼ਤਰੇ ਦੀ ਗੱਲ ਪ੍ਰਵਾਨ ਕਰਨ ਨੂੰ ਤਿਆਰ ਨਹੀਂ ਤੇ ਸਿਆਸੀ ਸ਼ਰਨ ਦੇ ਅਦਾਲਤਾਂ ਵਿਚ ਲੱਗੇ ਕੇਸਾਂ ਵਿਚ ਹੁਣ ਅਕਾਲੀ ਦਲ (ਅ) ਦੇ ਪੱਤਰਾਂ ਦੀ ਵੁੱਕਤ ਘਟ ਗਈ ਹੈ। ਪਿਛਲੇ 3-4 ਮਹੀਨੇ ਤੋਂ ਭਾਰਤ ਅੰਦਰ ਸਿੱਖਾਂ ਦੀ ਜਾਨ ਨੂੰ ਖ਼ਤਰਾ ਦੱਸ ਕੇ ਸ਼ਰਨ ਮੰਗਣ ਵਾਲੇ ਪੰਜਾਬੀਆਂ ਦੇ ਧੜਾਧੜ ਕੇਸ ਰੱਦ ਕਰਕੇ ਅਮਰੀਕਾ ਤੋਂ ਡਿਪੋਰਟ ਕੀਤਾ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਖੁਲਾਸਾ ਅਮਰੀਕਾ ਤੋਂ ਡਿਪੋਰਟ ਹੋ ਕੇ ਇਥੇ ਪੁੱਜੇ ਕਈ ਵਿਅਕਤੀਆਂ ਨੇ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕੈਲੀਫੋਰਨੀਆ ਦੇ ਸੈਨਡਿਆਗੋ ਦੇ ਕੇਂਦਰ ਵਿਚ ਬੰਦ ਪੰਜਾਬੀਆਂ ਵਿਚੋਂ ਸਿਰਫ਼ ਸੁਲਤਾਨਪੁਰ ਲੋਧੀ ਦੇ ਵਾਸੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਸਰਗਰਮ ਆਗੂ ਕਮਲਜੀਤ ਸਿੰਘ ਨੂੰ ਹੀ ਸ਼ਰਨ ਮਿਲੀ।



ਬਾਕੀ ਸਫ਼ਾ 32 'ਤੇ

# ਅਮਰੀਕਾ 'ਤੇ ਬਹੁਤ ਭਾਰੂ ਰਿਹਾ ਲੰਘਿਆ ਹਫਤਾ

- **ਕੈਰੀਬੀਆਈ ਦੀਪਾਂ 'ਤੇ ਤੂਫਾਨ ਨੇ ਮਚਾਈ ਤਬਾਹੀ**
- **ਕਿਸ਼ਤੀ ਨੂੰ ਅੱਗ ਲੱਗਣ ਕਾਰਨ ਢਾਈ ਦਰਜਨ ਤੋਂ ਵੱਧ ਦੀ ਮੌਤ**
- **ਅੱਲੜ ਮੁੰਡੇ ਨੇ ਪਰਿਵਾਰ ਦੇ ਪੰਜ ਜੀਆਂ ਨੂੰ ਗੋਲੀਆਂ ਨਾਲ ਭੁੰਨਿਆਂ**
- **ਸ਼ਿਕਾਗੋ 'ਚ ਸੱਤ ਜਣਿਆਂ ਦੀ ਗੋਲੀਆਂ ਮਾਰ ਕੇ ਹੱਤਿਆ**

**ਵਾਸ਼ਿੰਗਟਨ/ਬਿਊਰੋ ਨਿਊਜ਼**

ਰੀਵੇਰੀਆ ਬੀਚ ਦਾ ਖ਼ਤਰਨਾਕ ਤੂਫਾਨ 'ਡੋਰੀਅਨ' ਬਹਾਮਾਸ 'ਚ ਤਬਾਹੀ ਮਚਾਉਣ ਤੋਂ ਬਾਅਦ ਅਮਰੀਕੀ ਤੱਟਾਂ ਵੱਲ ਵਧਿਆ। ਸਭ ਤੋਂ ਖ਼ਤਰਨਾਕ 5ਵੀਂ ਸ਼੍ਰੇਣੀ ਦੇ ਇਸ ਤੂਫਾਨ ਕਰਕੇ ਤੇਜ਼ ਹਵਾਵਾਂ ਤੇ ਬਾਰਸ਼ ਨਾਲ ਬਹਾਮਾਸ 'ਚ ਹਜ਼ਾਰਾਂ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ। ਤਬਾਹੀ ਦੇ ਡਰ ਤੋਂ ਹਜ਼ਾਰਾਂ ਲੋਕਾਂ ਨੂੰ ਤੱਟਾਂ ਤੋਂ ਦੂਰ ਰਹਿਣ ਲਈ ਕਿਹਾ ਗਿਆ ਹੈ। ਕੈਰੀਬੀਆਈ ਦੀਪਾਂ 'ਤੇ ਤੂਫਾਨ ਕਰਕੇ ਕਿੰਨੀ ਤਬਾਹੀ ਹੋਈ, ਇਸ ਦੀ ਜਾਣਕਾਰੀ ਦਿਲ ਕੰਬਾਊ ਹੈ। ਡੋਰੀਅਨ ਤੂਫਾਨ 185 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਬਹਾਮਾਸ ਦੇ ਪੱਛਮੀ-ਉੱਤਰੀ 'ਚ ਸਥਿਤ ਅਬਾਕੋ ਦੀਪ ਦੇ ਤੱਟ ਤੋਂ ਲੰਘਿਆ। ਇਹ ਕੈਰੀਬੀਆਈ ਦੀਪਾਂ ਤੋਂ ਆਇਆ ਸਭ ਤੋਂ ਭਿਆਨਕ ਤੂਫਾਨ ਹੈ। ਇਹ ਅਟਲਾਂਟਿਕ ਬੇਸਿਨ ਤੋਂ ਉੱਠਣ ਵਾਲਾ ਦੂਜਾ ਸਭ ਤੋਂ ਸ਼ਕਤੀਸ਼ਾਲੀ ਤੂਫਾਨ ਰਿਹਾ ਹੈ। ਅਮਰੀਕੀ ਰਾਸ਼ਟਰੀ ਮੌਸਮ ਸੇਵਾ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਜਾਰੀ ਤਸਵੀਰਾਂ ਹਵਾ ਤੇ ਸਮੁੰਦਰੀ ਲਹਿਰਾਂ ਨਾਲ ਭਾਰੀ



ਬਾਕੀ ਸਫ਼ਾ 32 'ਤੇ

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email: asrtimes.gmail.com













SOVEREIGN TOUR OF STATES
ਗੁਰਮੁਖੀ ਦਾ ਬੇਟਾ
Live
in Concert
Satinder Sartaaj
Aug 10 San Jose, CA
Aug 11 Sacramento, CA
Aug 17 Stockton, CA
Aug 18 Fresno, CA
Aug 23 Detroit, MI
Aug 24 Chicago, IL
Aug 25 New York, NY
Aug 31 Bakersfield, CA
Sept 01 Seattle, WA
Sept 07 Virginia City, VA
Sept 08 Rahway, NJ
For Tickets Visit :
www.satindersartaaj.com

# ਕੁਲਜੀਤ ਸਿੰਘ ਬਦਮਾਸ਼ੀ ਵਾਲਾ ਰਵੱਈਆ ਛੱਡੇ : ਸਿੱਖ ਪੰਚਾਇਤ

**ਫਰੀਮੌਂਟ/ਏਟੀ ਨਿਊਜ਼ :**
ਸਿੱਖ ਪੰਚਾਇਤ ਨੇ ਗੁਰਦੁਆਰਾ ਸਾਹਿਬ ਫਰੀਮੌਂਟ ਦੇ ਸੁਪਰੀਮ ਕੌਂਸਲ ਮੈਂਬਰ ਕੁਲਜੀਤ ਸਿੰਘ ਵੱਲੋਂ ਵਰਤੀ ਜਾਂਦੀ ਸ਼ਬਦਾਵਲੀ ‘ਤੇ ਇਤਰਾਜ਼ ਕਰਦਿਆਂ ਕਿਹਾ ਹੈ ਕਿ ਕਿਸੇ ਅੰਮ੍ਰਿਤਧਾਰੀ ਨੂੰ ਅਜਿਹੀ ਸ਼ਬਦਾਵਲੀ ਵਰਤਣ ਵੇਲੇ ਹਜ਼ਾਰ ਵਾਰ ਸੋਚਣਾ ਚਾਹੀਦਾ ਹੈ। ਇਸ ਵੱਲੋਂ ਹਰ ਰੋਜ਼ ਸਿੱਖ ਪੰਚਾਇਤ ਮੈਂਬਰਾਂ ਬਾਰੇ ਭੱਦੀ ਸ਼ਬਦਾਵਲੀ ਵਰਤੀ ਜਾ ਰਹੀ ਹੈ ਤੇ ਹਰ ਰੋਜ਼ ਲੜਾਈ ਲਈ ਇਹ ਚੈਲੰਜ ਕਰਦਾ ਹੈ। ਸਿੱਖ ਪੰਚਾਇਤ ਦੇ ਬੁਲਾਰੇ ਨੇ ਕਿਹਾ ਕਿ ਕੋਈ ਸਿਆਣਾ ਵਿਅਕਤੀ ਇੰਨਾ ਹੋਛਾਪਣ ਨਹੀਂ ਕਰ ਸਕਦਾ, ਜੇ ਕਿਸੇ ਹੋਰ ਦੀ ਸ਼ਹਿ ਨਾ ਹੋਵੇ। ਇਸ ਨੂੰ ਅਜਿਹਾ ਕਰਨ ਲਈ, ਜਾਅਲੀ ਰੇਡੀਓ ਮਿਰਚੀ ਦੇ ਮਾਲਕ ਐਸਪੀ ਸਿੰਘ ਅਤੇ ਹਰਮਿੰਦਰ ਸਿੰਘ, ਜੋ ਆਪ ਵੀ ਸੁਪਰੀਮ ਕੌਂਸਲ ਮੈਂਬਰ ਹੈ, ਵਲੋਂ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਹ ਤਿੰਨ ਬੰਦੇ ਗੁਰਦੁਆਰਾ ਸਾਹਿਬ ਫਰੀਮੌਂਟ ਵਿੱਚ ਲੜਾਈ ਦਾ ਮਾਹੌਲ ਪੈਦਾ ਕਰ ਰਹੇ ਹਨ।



ਯਾਦ ਰਹੇ ਕਿ ਐਸਪੀ ਸਿੰਘ, ਗੁਰਮੀਤ ਸਿੰਘ ‘ਖਾਲਸਾ’ ਦਾ ਸਲਾਹਕਾਰ ਹੈ ਤੇ ਇਹ ਦੋਵੇਂ ਫਰੀਮੌਂਟ ਪੁਲਿਸ ਕੋਲ ਜਸਜੀਤ ਸਿੰਘ ਵਿਰੁੱਧ ਮੁਖ਼ਬਰੀ ਕਰਨ ਦੀ ਵੀ ਭੂਮਿਕਾ ਨਿਭਾ ਚੁੱਕੇ ਹਨ। ਪੰਥਕ ਤੌਰ ‘ਤੇ ਇਹਨਾਂ ਦੀ ਕੋਈ ਦੇਣ ਨਜ਼ਰ ਨਹੀਂ ਆਉਂਦੀ, ਸਗੋਂ ਪੰਥਕ ਸ਼ਖ਼ਸੀਅਤਾਂ ਦਾ ਅਕਸ ਵਿਗਾੜਨ ਦਾ ਕੰਮ ਇਹ ਕਈ ਸਾਲਾਂ ਤੋਂ ਕਰ ਰਹੇ ਹਨ। ਯਾਦ ਰਹੇ ਕਿ ਐਸਪੀ ਸਿੰਘ ਸਮੇਤ ਖਾਲਸਾ ਧੜਾ ਸਿੱਖ ਪੰਚਾਇਤ ਛੱਡ ਕੇ ਜਾ ਚੁੱਕਾ ਹੈ, ਜਿਸ ਦਾ ਪ੍ਰਮੁੱਖ ਕਾਰਨ ਇਸ ਦੇ ਰੇਡੀਓ ਨੂੰ $ 2500 ਨਾ ਦੇਣੇ ਸਨ। ਇਸ ਬੰਦੇ ਦਾ ਗੁਰੂ ਦੀ ਗੋਲਕ ਵਿੱਚੋਂ ਰੇਡੀਓ ਲਈ ਹਰ ਮਹੀਨੇ ਮਾਇਆ ਲੈ ਕੇ ਢਿੱਡ ਨਹੀਂ ਭਰਿਆ ਤਾਂ ਇਸ ਕੰਮ ਲਈ ਇੱਕ ਅਖਬਾਰ ਵੀ ਕੱਢ ਲਈ। ਸੈਨਹੋਜ਼ੇ ਦਾ ਬਾਬ ਢਿੱਲੋਂ ਇਸ ਨੂੰ ਗੁਰੂ ਦੀ ਗੋਲਕ ਵਿੱਚੋਂ ਹਜ਼ਾਰ ਡਾਲਰ ਦੇ ਚੁੱਕਾ ਹੈ।

ਉਨ੍ਹਾਂ ਕਿਹਾ ਕਿ ਸਾਡੀ ਗੁਰਦੁਆਰਾ ਸਾਹਿਬ ਫਰੀਮੌਂਟ ਦੀ ਸੰਗਤ ਨੂੰ ਅਪੀਲ ਹੈ ਕਿ ਅਜਿਹੇ ਲੋਕ ਜਿਹੜੇ ਗੁਰਦੁਆਰਾ ਪ੍ਰਬੰਧ ਵਿੱਚ ਸੇਵਾ ਕਰਨ ਦੀ ਬਜਾਏ ਸਿਰਫ ਖ਼ਾਸ ਮਕਸਦ ਲਈ ਆਉਂਦੇ ਹਨ, ਦਾ ਖ਼ਾਸ ਧਿਆਨ ਰੱਖਿਆ ਜਾਵੇ, ਤਾਂ ਜੋ ਆਉਣ ਵਾਲ਼ੀਆਂ ਚੋਣਾਂ ਵਿੱਚ ਅਜਿਹੇ ਅਨਸਰਾਂ ਤੋਂ ਛੁਟਕਾਰਾ ਪਾਇਆ ਜਾ ਸਕੇ।










# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205,
Total 8 APN number, one lot,
7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15.**
**Almost 10 acres paved truck parking with approximately $32000 monthly income.** **$4,399,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਸੈਨਹੋਜ਼ੇ ਗੁਰਦੁਆਰਾ ਚੋਣ ਸਬੰਧੀ ਮੌਜੂਦਾ ਪ੍ਰਬੰਧਕ ਖੁੱਲੀ ਬਹਿਸ ਤੋਂ ਮੁਨਕਰ ਹੋਏ

**ਸੈਨਹੋਜ਼ੇ/ਏਟੀ ਨਿਊਜ਼ :** ਖਾਲਸਾ ਹਾਕੀ ਕਲੱਬ ਦੇ ਸਮੂਹ ਵੀਰਾਂ ਵੱਲੋਂ ਬੜੀ ਹੀ ਨਿਮਰਤਾ ਸਹਿਤ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀ ਮੌਜੂਦਾ ਪਰਬੰਧਕ ਕਮੇਟੀ ਅਤੇ ਸਾਧ ਸੰਗਤ ਸਲੇਟ ਨੂੰ ਸੰਗਤ ਸਾਹਮਣੇ ਖੁੱਲੀ ਬਹਿਸ ਕਰਨ ਲਈ ਵਿਚੋਲੇ ਬਣਨ ਦੀ ਪੇਸ਼ਕਸ਼ ਦਿੱਤੀ ਗਈ ਸੀ, ਤਾਂ ਜੋ 22 ਸਤੰਬਰ 2019 ਨੂੰ ਹੋਣ ਵਾਲ਼ੀਆਂ ਚੋਣਾਂ ਵਿੱਚ ਸੰਗਤ ਨੂੰ ਤੱਥਾਂ ਦੀ ਸਹੀ ਜਾਣਕਾਰੀ ਮਿਲ ਸਕੇ। ਇਨਾਂ ਦੋਹਾਂ ਧਿਰਾਂ ਨੂੰ ਪਬਲਿਕ ਡਿਬੇਟ ਲਈ ਲਿਖਤੀ ਸੱਦਾ ਪੱਤਰ ( ਰਾਹੀਂ) ਦਿੱਤਾ ਗਿਆ ਅਤੇ ਵਾਰ-ਵਾਰ ਅਪੀਲ ਕਰਨ ਤੋਂ ਬਾਅਦ ਮੌਜੂਦਾ ਪਰਬੰਧਕ ਕਮੇਟੀ ਬਾਬ ਢਿੱਲੋਂ ਅਤੇ ਸੁਖਦੇਵ ਸਿੰਘ ਬੈਣੀਵਾਲ ਵੱਲੋਂ ਕਿਸੇ ਵੀ ਪਬਲਿਕ ਪਲੇਟਫ਼ਾਰਮ ਉੱਪਰ ਡਿਬੇਟ ਦੇ ਸੱਦੇ ਨੂੰ ਨਾਂਹਪੱਖੀ ਹੁੰਗਾਰਾ ਦਿੱਤਾ ਅਤੇ ਸਾਧ ਸੰਗਤ ਸਲੇਟ ਨੇ ਇਸ ਡਿਬੇਟ ਨੂੰ ਹਰ ਪਬਲਿਕ ਪਲੇਟਫ਼ਾਰਮ ਉੱਪਰ ਆ ਕੇ ਡਿਬੇਟ ਵਾਲੇ ਸੱਦੇ ਨੂੰ ਪਰਵਾਨ ਕੀਤਾ। ਇਸ ਬਾਰੇ ਜਾਣਕਾਰੀ ਦਿੰਦਿਆਂ ਖਾਲਸਾ ਹਾਕੀ ਕਲੱਬ ਨੇ ਦੱਸਿਆ ਕਿ ਅਸੀਂ ਸੰਗਤਾਂ ਨੂੰ ਇੱਥੇ ਦੱਸਣਾ ਚਾਹੁੰਦੇ ਹਾਂ ਸਾਡਾ ਦੋਹਾਂ ਧਿਰਾਂ ਨੂੰ ਇੱਕ ਜਗਾ ਆਦਰ ਮਾਣ ਨਾਲ ਬਿਠਾ ਕਿ ਡਿਬੇਟ ਕਰਾਉਣ ਦਾ ਮੁੱਖ ਮਕਸਦ ਸੀ ਕਿ ਆਮ ਸੰਗਤ ਦੇ ਹਰ ਮੈਂਬਰ ਨੂੰ ਗੁਰਦੁਆਰਾ ਸਾਹਿਬ ਵਿੱਚ ਉਹ ਕਿਹੜੇ ਮੁੱਦੇ ਹਨ, ਜਿਨਾਂ ਨੂੰ ਲੈ ਕੇ ਲੜਾਈ ਝਗੜੇ ਹੁੰਦੇ ਹਨ, ਦੀ ਜਾਣਕਾਰੀ ਮਿਲ ਸਕੇ। ਕੀ ਸਾਂਝੇ ਮੁੱਦਿਆਂ ਨੂੰ ਅਸੀਂ ਆਪਸ ਵਿਚ ਬੈਠ ਕੇ ਹੱਲ ਨਹੀਂ ਕਰ ਸਕਦੇ ? ਕਈ ਵਾਰ ਇਹ ਲੜਾਈ ਝਗੜੇ ਇਸ ਹੱਦ ਤੱਕ ਵੱਧ ਜਾਂਦੇ ਹਨ ਜਿਸ ਨਾਲ ਸਾਡਾ ਜਾਨੀ ਮਾਲੀ ਨੁਕਸਾਨ ਹੋਣ ਦੇ ਨਾਲ-ਨਾਲ ਜ਼ਾਤੀ ਅਤੇ ਸੱਭਿਆਚਾਰਕ ਰਿਸ਼ਤਿਆਂ ਉੱਪਰ ਵੀ ਬਹੁਤ ਹੀ ਮਾੜਾ ਅਸਰ ਪੈਂਦਾ ਹੈ ਅਤੇ ਜਦੋਂ ਅਸੀਂ ਇਹਨਾਂ ਝਗੜਿਆਂ ਨੂੰ ਇੱਥੇ ਦੇ ਕੋਰਟ ਕਚਹਿਰੀਆਂ ਵਿੱਚ ਲੈ ਜਾਂਦੇ ਹਾਂ, ਤਾਂ ਜਿੱਥੇ ਗੁਰਦੁਆਰਾ ਸਾਹਿਬ ਦੀ ਗੋਲਕ ਵਕੀਲਾਂ ਦੀਆਂ ਫ਼ੀਸਾਂ ਲਈ ਵਰਤੀ ਜਾਂਦੀ ਹੈ, ਓਥੇ ਆਪੋਜੀਸ਼ਨ ਵੀ ਘਰ-ਘਰ ਜਾ ਕੇ ਸਿੱਖ ਸੰਗਤ ਤੋਂ ਫੰਡ ਇਕੱਠਾ ਕਰਦੀ ਹੈ। ਕਈ ਵਾਰ ਇਹੋ ਜਿਹੇ ਝਗੜੇ ਸਾਲਾਂਬੱਧੀ ਚੱਲਦੇ ਹਨ ਜਿਸ ਨਾਲ ਪੈਸੇ ਦਾ ਤਾਂ ਨੁਕਸਾਨ ਹੁੰਦਾ ਹੀ ਹੈ, ਓਥੇ ਸਾਡੀ ਕੌਮ ਅਤੇ ਭਾਈਚਾਰੇ ਦਾ ਨਾਮ ਵੀ ਕੋਰਟ ਕਚਹਿਰੀਆਂ ਵਿੱਚ ਬਦਨਾਮ ਹੁੰਦਾ ਹੈ। ਸਾਡਾ ਬਹਿਸ ਕਰਾਉਣ ਦਾ ਮਕਸਦ ਇਹ ਸੀ ਕਿ ਇਹ ਸਾਰਾ ਕੁੱਝ ਨਾ ਵਾਪਰੇ ਅਤੇ ਅਸੀਂ ਸਾਹਮਣੇ ਬੈਠ ਕੇ ਗੱਲਬਾਤ ਰਾਹੀਂ ਹੱਲ ਕਰਨ ਦੇ ਸਮਰੱਥ ਹੋ ਸਕੀਏ ਅਤੇ ਸਾਡਾ ਸਭ ਦਾ ਪ੍ਰੇਮ ਪਿਆਰ ਇਸ ਤਰਾਂ ਹੀ ਬਣਿਆ ਰਹੇ। ਇਹੋ ਹੀ ਸਾਡਾ ਡਿਬੇਟ ਕਰਾਉਣ ਦਾ ਮੁੱਖ ਨਿਸ਼ਾਨਾ ਸੀ।

***ਅਸੀਂ ਹੇਠ ਲਿਖੇ ਮੁੱਦਿਆਂ 'ਤੇ ਡਿਬੇਟ ਕਰਾਉਣੀ ਚਾਹੁੰਦੇ ਸੀ ਤੇ ਹੁਣ ਵੀ ਤਿਆਰ ਹਾਂ, ਜੇ ਮੌਜੂਦਾ ਪ੍ਰਬੰਧਕ ਮੰਨ ਜਾਣ:***

1. **ਗੁਰਦੁਆਰਾ ਸਾਹਿਬ ਦੇ ਬਾਈਲਾਜ ਵਿੱਚ ਕੋਈ ਵੀ ਤਬਦੀਲੀ ਭਾਵ AMENDMENT ਕਰਨ ਦੀ ਲੋੜ ਪਵੇ ਤਾਂ ਉਸ ਨੂੰ ਕੌਣ ਕਰ ਸਕਦਾ ਹੈ, ਜਨਰਲ ਬਾਡੀ ਜਾਂ ਪ੍ਰਬੰਧਕ ਕਮੇਟੀ ?**
2. **ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਚਲਾਉਣ ਲਈ ਅਸੀਂ ਇਲ਼ੈਕਸ਼ਨ ਕਿਉਂ ਕਰਾਉਂਦੇ ਹਾਂ ਸਿਲੈਕਸ਼ਨ ਕਿਉਂ ਨਹੀਂ ?**
3. **ਜਦੋਂ ਕੋਈ ਵੀ ਮੈਂਬਰ ਗੁਰਦੁਆਰਾ ਸਾਹਿਬ ਦੀ ਸੇਵਾ ਕਰਨ ਭਾਵ ਪ੍ਰਬੰਧਕੀ ਢਾਂਚੇ ਵਿੱਚ ਆਉਂਦਾ ਹੈ, ਤਾਂ ਉਸ ਦੀ ਟਰਮ ਕਿੰਨਾ ਸਮਾਂ ਹੋਣੀ ਚਾਹੀਦੀ ਹੈ।**
4. **ਗੁਰਦੁਆਰਾ ਸਾਹਿਬ ਦੇ ਵੋਟਰ ਮੈਂਬਰ ਬਣਨ ਲਈ ਕੀ ਤਰੀਕਾ ਹੋਣਾ ਚਾਹੀਦਾ ਹੈ, ਜਿਸ ਵਿੱਚ ਕਿਸੇ ਵੀ ਤਰਾਂ ਦਾ ਫਲਾਅ ਨਾਂ ਹੋਵੇ ਅਤੇ ਮੈਂਬਰ ਕੌਣ ਬਣ ਸਕਦਾ ਹੈ ?**
5. **ਆਪਣੇ ਗੁਰਦੁਆਰਾ ਸਾਹਿਬ ਦੇ ਝਗੜਿਆਂ ਨੂੰ ਹੱਲ ਕਰਨ ਲਈ ਸੰਗਤ ਨੂੰ ਪਹਿਲ ਦੇਣੀ ਚਾਹੀਦੀ ਹੈ ਜਾਂ ਕੋਰਟ ਕਚਹਿਰੀ ਨੂੰ ?**

ਉਨਾਂ ਕਿਹਾ ਕਿ ਸਾਡੀ ਇੱਕ ਵਾਰ ਫਿਰ ਮੌਜੂਦਾ ਪ੍ਰਬੰਧਕਾਂ ਨੂੰ ਬੇਨਤੀ ਹੈ ਕਿ ਸਾਡੀ ਬੇਨਤੀ 'ਤੇ ਦੁਬਾਰਾ ਗ਼ੌਰ ਕੀਤਾ ਜਾਵੇ ਤੇ ਖੁੱਲੀ ਬਹਿਸ ਦੇ ਸੱਦੇ ਨੂੰ ਪਰਵਾਨ ਕੀਤਾ ਜਾਵੇ।

# ਗੁਰੂ ਪਿਆਰੀ ਸਾਧ ਸੰਗਤ ਜੀ

## ਵਿਸ਼ਾ: ਗੁਰੂ ਘਰ ਦੇ ਸੰਵਿਧਾਨ ਵਿਚ ਬਦਲੀ ਜਾਂ ਕਬਜ਼ੇ ਦੀ ਤਿਆਰੀ

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਫਤਹਿ।।

ਸੈਨਹੋਜ਼ੇ ਗੁਰੂ ਘਰ ਦੀ 22 ਸਤੰਬਰ, 2019 ਨੂੰ ਹੋਣ ਵਾਲੀ ਪ੍ਰਬੰਧਕ ਕਮੇਟੀ ਦੀ ਚੋਣ ਬਹੁਤ ਹੀ ਮਹੱਤਵਪੂਰਨ ਹੈ ਕਿਉਂਕਿ ਇਹ ਚੋਣ ਹੀ ਫੈਸਲਾ ਕਰੇਗੀ ਕਿ ਕਮੇਟੀ ਦੀ ਚੋਣ ਦੁਬਾਰਾ ਹੋਵੇਗੀ ਜਾਂ ਨਹੀਂ। ਕਿਉਂਕਿ ਪਿਛਲੇ ਕੁਝ ਸਾਲਾਂ ਵਿਚ ਬਾਬ ਢਿੱਲੋਂ ਦੀ ਚੌਧਰ ਹੇਠ ਇਸ ਕਮੇਟੀ ਨੇ ਇਕ-ਇਕ ਕਰਕੇ ਗੁਰੂ ਘਰ ਦੇ ਮੈਂਬਰਾਂ ਦੇ ਹੱਕ ਖੋਹ ਲਏ ਹਨ ਅਤੇ ਗੁਰੂ ਘਰ ਬਾਰੇ ਕੋਈ ਵੀ ਸੂਚਨਾ ਲੈਣ ਲਈ ਤੁਹਾਨੂੰ ਕਾਨੂੰਨੀ ਲੜਾਈ ਲੜਨੀ ਪੈਂਦੀ ਹੈ। ਅਸਲ ਵਿਚ ਹਰ ਇਕ ਮੈਂਬਰ ਨੂੰ ਗੁਰੂ ਘਰ ਦੇ ਖਰਚਿਆਂ ਅਤੇ ਮੀਟਿੰਗਾਂ ਆਦਿ ਬਾਰੇ ਸੂਚਨਾ ਲੈਣ ਦਾ ਪੂਰਾ ਅਧਿਕਾਰ ਹੈ। ਇਸ ਸਮੇਂ ਉਹ ਤਾਂ ਦੂਰ ਦੀ ਗੱਲ ਹੈ, ਕਿ ਇਹ ਕੋਈ ਵੀ ਸੂਚਨਾ ਕਿਸੇ ਨੂੰ ਵਿਖਾਉਣਾ ਵੀ ਨਹੀਂ ਚਾਹੁੰਦੇ। ਕਿਉਂ ? ਸ਼ਾਇਦ ਦਾਲ ਵਿਚ ਕੁਝ ਕਾਲਾ ਹੈ।

ਸੰਗਤਾਂ ਕੋਲ ਸਾਰੀ ਪਾਵਰ ਹੋਣੀ ਚਾਹੀਦੀ ਹੈ ਜਿਨ੍ਹਾਂ ਨੇ ਇਨਾਂ ਨੂੰ ਚੁਣਿਆ ਹੈ ਪਰ ਸਭ ਨੂੰ ਬੁੱਧੂ ਬਣਾਇਆ ਜਾ ਰਿਹਾ ਹੈ, ਚੌਧਰ 'ਤੇ ਕਾਬਜ਼ ਰਹਿਣ ਲਈ ਤਰਲੋਮੱਛੀ ਹੋ ਰਹੇ ਹਨ। ਇੰਨਾ ਸਮਾਂ ਚੌਧਰ ਵਿਚ ਰਹਿ ਕੇ ਵੀ ਇਨ੍ਹਾਂ ਦੀ ਚੌਧਰ ਦੀ ਭੁੱਖ ਪੂਰੀ ਨਹੀਂ ਹੋਈ ਅਤੇ ਹੁਣ ਇਹ ਚਾਰ ਸਾਲ ਦੀ ਮਿਆਦ ਚਾਹੁੰਦੇ ਹਨ। ਕਿਉਂ ? ਸਾਧ ਸੰਗਤ ਜੀ ਕੀ ਇਸ ਸੰਗਤ ਦੇ ਹਜ਼ਾਰਾਂ ਪੜ੍ਹੇ ਲਿਖੇ ਮੈਂਬਰਾਂ ਵਿਚੋਂ ਕੋਈ ਹੋਰ ਮੈਂਬਰ ਨਹੀਂ ਜੋ ਗੁਰੂ ਘਰ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਾ ਸਕਦੇ ਹਨ। ਜਿਸ ਮੁਲਕ ਵਿਚ ਅਸੀਂ ਰਹਿੰਦੇ ਹਾਂ, ਉਸ ਵਿਚ ਰਾਸ਼ਟਰਪਤੀ ਨੂੰ ਵੀ 8 ਸਾਲਾਂ ਬਾਅਦ ਘਰ ਭੇਜ ਦਿਤਾ ਜਾਂਦਾ ਹੈ। ਇਕ ਧਾਰਮਿਕ ਸੰਸਥਾਂ ਲਈ ਤਾਂ ਕੁਰਸੀ ਦੀ ਭੁੱਖ ਹੋਣੀ ਹੀ ਨਹੀਂ ਚਾਹੀਦੀ। ਸੇਵਾ ਤਾਂ ਇਹ ਫਿਰ ਵੀ ਕਰ ਸਕਦੇ ਹਨ। ਕੀ ਦੂਸਰਿਆ ਨੂੰ ਮੌਕਾ ਦੇਣਾ ਇਨ੍ਹਾਂ ਦਾ ਧਾਰਮਿਕ ਫਰਜ਼ ਨਹੀਂ ਬਣਦਾ ਹੈ ?

### ਭਖਦੇ ਮੁੱਦੇ

ਅਗਰ ਆਪ ਜੀ ਨੇ ਬੈਲਟ ਪੇਪਰ ਵਿਚ ਲਿਖੀਆਂ ਗੁਰੂ ਘਰ ਦੇ ਸੰਵਿਧਾਨ ਵਿਚ ਬਦਲੀ ਕਰਨ ਦੀਆਂ ਧਾਰਾਵਾਂ ਬਾਰੇ ਪੜ੍ਹਿਆ ਹੈ, ਤਾਂ ਆਪ ਜੀ ਨੂੰ ਹੇਠ ਲਿਖੀ ਗਈ ਇਬਾਰਤ ਵਿਚੋਂ ਕੁਝ ਪੱਲੇ ਨਹੀਂ ਪਿਆ ਹੋਵੇਗਾ, ਕਿਉਂਕਿ ਇਹ ਸੰਗਤ ਨੂੰ ਕੁਰਾਹੇ ਪਾਉਣ ਲਈ ਐਸੀ ਭਾਸ਼ਾ ਵਿਚ ਲਿਖੀ ਗਈ ਹੈ, ਤਾਂ ਕਿ ਕਿਸੇ ਨੂੰ ਸਮਝ ਨਾ ਆਵੇ, ਕਿਉਂਕਿ ਅਗਰ ਸੰਗਤ ਸਮਝਦੀ ਹੈ ਕਿ ਇਸ ਦਾ ਕਿੰਨਾ ਭਾਰੀ ਨੁਕਸਾਨ ਹੋਵੇਗਾ, ਤਾਂ ਕੋਈ ਮੈਂਬਰ ਇਸ ਲਈ ਹਾਂ ਨਹੀਂ ਕਰੇਗਾ। ਕਹਿਣ ਨੂੰ ਤਾਂ ਸੰਵਿਧਾਨ ਵਿਚ ਇਹ ਬਦਲੀ ਪ੍ਰਬੰਧਕ ਕਮੇਟੀ ਤੋਂ ਮੈਂਬਰ ਸੂਚਨਾ ਜਾਂ ਮੈਂਬਰ ਸੂਚੀ ਲੈਣ ਦੇ ਵਾਦ-ਵਿਵਾਦ ਤੋਂ ਬਚਣ ਲਈ ਕੀਤੀ ਜਾ ਰਹੀ ਹੈ, ਭਾਵ ਮੈਂਬਰ ਅਸਾਨੀ ਨਾਲ ਹੀ ਲਿਸਟ ਅਤੇ ਹੋਰ ਸੂਚਨਾ ਕਮੇਟੀ ਤੋਂ ਲੈ ਸਕਣਗੇ। ਪਰ ਅਜੇਹਾ ਬਿਲਕੁਲ ਹੀ ਨਹੀਂ, ਇਸੇ ਲਈ ਹੀ ਇਹ ਵਕੀਲ ਦੀ ਭਾਸ਼ਾ ਵਿਚ ਹੀ ਲਿਖੀ ਗਈ ਹੈ, ਤਾਂ ਕਿ ਤੁਸੀਂ ਭੁਲੇਖੇ ਵਿਚ ਹੀ ਇਸ 'ਤੇ ਹਾਂ ਕਰ ਦਿਓ। ਇਸੇ ਲਈ ਅਸੀਂ ਸਾਧ ਸੰਗਤ ਨੂੰ ਸਾਰੀਆ ਧਾਰਾਵਾਂ ਨੂੰ ਰੱਦ ਭਾਵ ਨਾਂਹ ਵੋਟ ਕਰਨ ਦੀ ਬੇਨਤੀ ਕਰਦੇ ਹਾਂ।

ਸਾਧ ਸੰਗਤ ਜੀ, ਇਹ ਬਹੁਤ ਹੀ ਘਿਨਾਉਣੀ ਹਰਕਤ ਹੈ, ਉਨ੍ਹਾਂ ਸਭ ਹਰਕਤਾਂ ਨਾਲੋਂ ਵੀ ਘਿਨਾਉਣੀ, ਜਿਹੜੀਆਂ ਬਾਬ ਢਿਲੋਂ ਨੇ ਪਹਿਲਾਂ ਕੀਤੀਆਂ ਹਨ; ਜਿਵੇਂ ਕਿ ਵੋਟਰਾਂ ਦੀ ਲਿਸਟ ਨਾ ਦੇਣ ਕਰਕੇ ਚੋਣਾਂ ਲਗਭਗ ਤਿੰਨ ਸਾਲ ਰੁਕੀਆਂ ਰਹੀਆਂ। ਹੁਣ ਇਨ੍ਹਾਂ ਨੂੰ ਕੋਈ ਪੁੱਛੇ ਕਿ ਚਾਰ ਸਾਲ ਦੀ ਮਿਆਦ ਕਿਸ ਲਈ ਚਾਹੀਦੀ ਹੈ, ਤਾਂ ਕਿ ਇਹ ਉਮਰ ਭਰ ਲਈ ਕਾਬਜ਼ ਰਹਿ ਸਕਣ।

***ਸਾਧ ਸੰਗਤ ਜੀ, ਸਾਡੀ ਸਨਿਮਰ ਬੇਨਤੀ ਹੈ ਕਿ ਗੁਰੂ ਘਰ ਨੂੰ ਲੰਬੇ ਸਮੇਂ ਲਈ ਜੱਫਾ ਮਾਰੂ ਤਾਕਤਾਂ ਤੋਂ ਬਚਾਉਣ ਲਈ ਸਾਧ ਸੰਗਤ ਸਲੇਟ ਨੂੰ ਸੇਵਾ ਦਾ ਮੌਕਾ ਦੇ ਕੇ ਸਾਨੂੰ ਧੰਨਵਾਦੀ ਬਣਾਓ ਜੀ।***

**ਬੇਨਤੀ ਕਰਤਾ : ਸਾਧ ਸੰਗਤ ਸਲੇਟ**










# ਵਾਸ਼ਿੰਗਟਨ ਡੀਸੀ. ਵਿਖੇ ਗੁਰੂ ਨਾਨਕ ਜੀ ਦੇ 550ਵੇਂ ਗੁਰਪੁਰਬ ਨੂੰ ਸਮਰਪਿਤ ਸਮਾਗਮ







**ਵਾਸ਼ਿੰਗਟਨ ਡੀਸੀ./ਰਾਜ ਗੋਗਨਾ :** ਰਾਜਧਾਨੀ ਵਾਸ਼ਿੰਗਟਨ ਡੀਸੀ ਵਿਖੇ ਗੁਰੂ ਨਾਨਕ ਸਾਹਿਬ ਜੀ ਦਾ 550ਵਾਂ ਗੁਰਪੁਰਬ ਮੈਟਰੋਪੁਲਿਟਨ ਦੀਆਂ ਸੰਗਤਾਂ ਵਲੋਂ ਇੱਕ ਓਂਕਾਰ ਸੰਸਥਾ ਦੇ ਬੈਨਰ ਹੇਠ ਬਹੁਤ ਹੀ ਸ਼ਰਧਾ ਤੇ ਧਾਰਮਿਕ ਰਹੁਰੀਤਾਂ ਨਾਲ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਰੱਥ ਤੇ ਸਜਾ ਕੇ ਲਿਆਂਦੀ ਗਈ, ਜਿਸ ਨੂੰ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਪੰਡਾਲ ਤੋਂ ਸਟੇਜ ਤੱਕ ਲਿਆਉਂਦਿਆਂ ਬਹੁਤ ਹੀ ਸ਼ਰਧਾ ਨਾਲ ਗੁਰੂ ਸ਼ਬਦ ਦਾ ਗਾਇਨ ਕਰਦੀਆਂ ਸੰਗਤਾਂ ਨੇ ਸਟੇਜ 'ਤੇ ਸੁਸ਼ੋਭਿਤ ਕੀਤਾ। ਇਹ ਆਲੌਕਿਕ ਨਜ਼ਾਰਾ ਵੇਖਣਯੋਗ ਸੀ। ਵੱਖ-ਵੱਖ ਜਥਿਆਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਮੁੱਖ ਤੌਰ ਤੇ ਭਾਈ ਸ਼ਵਿੰਦਰ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਨਿਰਮਲ ਸਿੰਘ, ਬੀਬੀ ਗੁਨੀਤ ਕੌਰ ਦੇ ਜਥੇ ਵਲੋਂ ਬਹੁਤ ਹੀ ਸ਼ਰਧਾ ਨਾਲ ਬਾਬੇ ਗੁਰੂ ਨਾਨਕ ਜੀ ਦੀਆਂ ਸਿੱਖਿਆਵਾਂ ਨਾਲ ਸਬੰਧਤ ਸ਼ਬਦ ਕੀਰਤਨ ਕੀਤਾ। ਜੈਕਾਰਿਆਂ ਦੀ ਗੂੰਜ ਨਾਲ ਇਹ ਦਿਹਾੜਾ ਗੁਰੂ ਨਾਨਕ ਜੀ ਦੇ ਜੀਵਨ ਫ਼ਲਸਫ਼ੇ ਨੂੰ ਸਮਰਪਿਤ ਕੀਤਾ ਗਿਆ। ਲੰਗਰ ਅਤੁੱਟ ਵਰਤਾਇਆ ਗਿਆ। ਸਿਮਰਨਜੀਤ ਸਿੰਘ ਮਾਨ ਗਰੁੱਪ ਵੱਲੋਂ ਖਾਲਿਸਤਾਨ ਦੇ ਬੈਨਰਾਂ ਨਾਲ ਆਪਣੀ ਸ਼ਮੂਲੀਅਤ ਦਾ ਪ੍ਰਗਟਾਵਾ ਕੀਤਾ। ਸਿੱਖਾਂ ਦੀ ਅੰਤਰਰਾਸ਼ਟਰੀ ਸ਼ਖਸੀਅਤ ਸ. ਰਵੀ ਸਿੰਘ ਖਾਲਸਾ, ਜੋ ਸਿੱਖ ਕੌਮ ਦੀ ਸੇਵਾ ਭਾਵਨਾ ਦੀ ਅਗਵਾਈ ਕਰਨ ਵਾਲੇ ਮਹਾਨ ਸ਼ਖ਼ਸੀਅਤ ਦੇ ਤੌਰ 'ਤੇ ਜਾਣੇ ਜਾਂਦੇ ਹਨ, ਵੀ ਵਿਸ਼ੇਸ਼ ਤੌਰ 'ਤੇ ਪੁੱਜੇ ਹੋਏ ਸਨ, ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਉਪਰੰਤ ਸਿੱਖ ਸਕਾਲਰਜ਼ ਵਲੋਂ ਗੁਰੂ ਨਾਨਕ ਜੀ ਦੀਆਂ ਸਿੱਖਿਆਵਾਂ ਤੇ ਮਾਨਵਤਾ ਦੀ ਸੇਵਾ ਸਬੰਧੀ ਖੂਬ ਚਾਨਣਾ ਪਾਇਆ ਗਿਆ, ਜਿਸ ਦੌਰਾਨ ਰਵੀ ਸਿੰਘ (ਖਾਲਸਾ ਏਡ) ਨੂੰ ਸੁਣਨ ਲਈ ਸੰਗਤਾਂ ਵਿਚ ਖਾਸ ਦਿਲਚਸਪੀ ਦੇਖੀ ਗਈ। ਗੁਰੂ ਨਾਨਕ ਜੀ ਦਾ 550ਵਾਂ ਗੁਰਪੁਰਬ ਮੇਲੇ ਦਾ ਰੂਪ ਧਾਰਨ ਕਰ ਗਿਆ, ਜਿੱਥੇ ਵੱਖ-ਵੱਖ ਗੁਰੂਘਰਾਂ ਤੋਂ ਆਏ ਲੰਗਰ ਨੂੰ ਸੰਗਤਾਂ ਤੋਂ ਇਲਾਵਾ ਕੈਪੀਟਲ ਹਿੱਲ 'ਤੇ ਯਾਦਗਾਰ ਦੇਖਣ ਆਏ ਗੋਰਿਆਂ-ਕਾਲਿਆਂ ਨੇ ਵੀ ਛਕਿਆ। ਇਸ ਗੁਰਪੁਰਬ ਸਮਾਗਮ ਨੂੰ ਸ਼ਰਧਾ ਦੇ ਤੌਰ 'ਤੇ ਸੰਪੂਰਨ ਕਰਨ ਵਿੱਚ ਗੁਰੂਘਰਾਂ, ਜਥੇਬੰਦੀਆਂ ਅਤੇ ਸੰਸਥਾਵਾਂ ਦਾ ਭਰਪੂਰ ਯੋਗਦਾਨ ਸੀ। ਸਮੁੱਚੇ ਤੌਰ 'ਤੇ ਕੈਪੀਟਲ 'ਚ ਗੁਰਪੁਰਬ ਮਨਾਉਣ ਦੀ ਰੀਤ ਸ਼ੁਰੂ ਕਰਨਾ ਕਾਫ਼ੀ ਸਲਾਹਿਆ ਗਿਆ। ਸਟਾਲਾਂ ਰਾਹੀਂ ਕਾਫ਼ੀ ਕੁਝ ਪ੍ਰਦਰਸ਼ਨ ਕੀਤਾ ਗਿਆ ਜਿਸ ਵਿੱਚ ਮੈਡੀਕਲ ਚੈਕਅਪ ਤੇ ਸਿੱਖੀ ਸਬੰਧੀ ਲਿਟਰੇਚਰ ਵੰਡਣਾ ਸ਼ਲਾਘਾ ਯੋਗ ਸੀ। ਆਸ ਹੈ ਕਿ "ਇਕ ਉਂਕਾਰ" ਸੰਸਥਾ ਭਵਿੱਖ ਵਿੱਚ ਵੀ ਅਜਿਹੇ ਹੋਰ ਧਾਰਮਿਕ ਪ੍ਰੋਗਰਾਮ ਕੈਪੀਟਲ ਹਿੱਲ 'ਤੇ ਕਰੇਗੀ।

## ਦਲਿਤ ਤੇ ਸਿੱਖ ਜਥੇਬੰਦੀਆਂ ਵਲੋਂ ਰਵਿਦਾਸ ਮੰਦਰ ਢਾਹੁਣ ਵਿਰੁੱਧ ਰੋਸ ਮਾਰਚ

**ਜਲੰਧਰ/ਏਟੀ ਨਿਊਜ਼ :** ਦਿੱਲੀ ਦੇ ਤੁਗ਼ਲਕਾਬਾਦ ਵਿਚ ਗੁਰੂ ਰਵਿਦਾਸ ਮੰਦਰ ਢਾਹੇ ਜਾਣ ਵਿਰੁੱਧ ਸਿੱਖ ਸੰਗਠਨ ਦਲ ਖ਼ਾਲਸਾ, ਅਕਾਲੀ ਦਲ (ਅੰਮ੍ਰਿਤਸਰ), ਯੂਨਾਈਟਿਡ ਅਕਾਲੀ ਦਲ ਅਤੇ ਗੁਰੂ ਰਵਿਦਾਸ ਸਾਧੂ ਸੰਪਰਦਾ ਸੁਸਾਇਟੀ ਦੇ ਧਾਰਮਿਕ ਆਗੂਆਂ ਨੇ ਸ਼ਹਿਰ ਵਿਚ ਰੋਸ ਮਾਰਚ ਕੱਢਿਆ। ਇਸ ਮਾਰਚ ਵਿਚ ਜਿੱਥੇ ਸਿੱਖ ਸੰਗਠਨ ਅਤੇ ਦਲਿਤ ਜਥੇਬੰਦੀਆਂ ਦੇ ਆਗੂ ਸ਼ਾਮਲ ਹੋਏ, ਉੱਥੇ ਹੀ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਵੀ ਸ਼ਮੂਲੀਅਤ ਕੀਤੀ। ਬਸਪਾ ਦੇ ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ ਦੀ ਗ੍ਰਿਫ਼ਤਾਰੀ ਵਿਰੁੱਧ ਰੋਸ ਪ੍ਰਗਟਾ ਰਹੇ ਆਗੂਆਂ ਨੇ 6 ਸਤੰਬਰ ਨੂੰ ਦੋਆਬਾ ਬੰਦ ਦਾ ਸੱਦਾ ਦਿੱਤਾ ਹੋਇਆ ਹੈ। ਇਸ ਸੱਦੇ ਦੀ ਹਮਾਇਤ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸਮੇਤ ਹੋਰ ਪੰਥਕ ਸੰਗਠਨਾਂ ਨੇ ਵੀ ਕੀਤੀ ਹੈ। ਰੋਸ ਮਾਰਚ ਦੀ ਅਗਵਾਈ ਸਿਮਰਨਜੀਤ ਸਿੰਘ ਮਾਨ ਕਰ ਰਹੇ ਸਨ।

ਇਹ ਰੋਸ ਮਾਰਚ ਗੁਰੂ ਤੇਗ਼ ਬਹਾਦਰ ਨਗਰ ਤੋਂ ਸ਼ੁਰੂ ਹੋ ਕੇ ਮਾਡਲ ਟਾਊਨ, ਗੁਰੂ ਰਾਮਦਾਸ ਚੌਕ ਤੋਂ ਹੁੰਦਾ ਹੋਇਆ ਨਕੋਦਰ ਰੋਡ 'ਤੇ ਗੁਰੂ ਰਵਿਦਾਸ ਚੌਕ ਤੱਕ ਕੱਢਿਆ ਗਿਆ। ਸਿੱਖ ਜਥੇਬੰਦੀਆਂ ਦੇ ਆਗੂ ਮੰਦਰ ਉਸੇ ਇਤਿਹਾਸਕ ਸਥਾਨ 'ਤੇ ਉਸਾਰਨ ਦੀ ਮੰਗ ਕਰ ਰਹੇ ਸਨ। ਕਈ ਸਿੱਖ ਨੌਜਵਾਨਾਂ ਨੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ।

ਇਸ ਮੌਕੇ ਗੁਰੂ ਰਵਿਦਾਸ ਸਾਧੂ ਸੰਪਰਦਾ ਦੇ ਚੇਅਰਮੈਨ ਸੰਤ ਮਹਿੰਦਰਪਾਲ ਪੰਡਵਾਂ, ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਯੂਨਾਈਟਿਡ ਅਕਾਲੀ ਦਲ ਦੇ ਆਗੂ ਗੁਰਦੀਪ ਸਿੰਘ ਬਠਿੰਡਾ, ਭਾਰਤ ਮੁਕਤੀ ਮੋਰਚਾ ਦੇ ਪ੍ਰਧਾਨ ਰਾਜਿੰਦਰ ਰਾਣਾ ਨੇ ਵੀ ਸੰਬੋਧਨ ਕੀਤਾ।


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

## ਹੋਣਹਾਰ ਸੌਫਟਵੇਅਰ ਇੰਜੀਨੀਅਰ ਕਿਰਨਜੋਤ ਸਿੰਘ ਦਿਓਲ ਦੀ ਹਾਦਸੇ 'ਚ ਮੌਤ

**ਸਿਲੀਕਾਨ ਵੈਲੀ/ਏਟੀ ਨਿਊਜ਼ :** ਲੰਘੇ ਬੁੱਧਵਾਰ, 28 ਅਗਸਤ ਨੂੰ ਇਕ ਮੰਦਭਾਗੇ ਹਾਦਸੇ ਵਿੱਚ ਹੋਣਹਾਰ ਸੌਫਟਵੇਅਰ ਇੰਜੀਨੀਅਰ ਕਿਰਨਜੋਤ ਸਿੰਘ ਦਿਓਲ ਦੀ ਮੌਤ ਹੋਣ ਦਾ ਦੁਖਦ ਸਮਾਚਾਰ ਮਿਲਿਆ ਹੈ। ਮਿਲੀ ਜਾਣਕਾਰੀ ਮੁਤਾਬਕ ਕਿਰਨਜੋਤ ਸਿੰਘ ਸਵੇਰੇ ਆਪਣੇ ਕੰਮ 'ਤੇ ਸਾਈਕਲ ਉਤੇ ਸਵਾਰ ਹੋ ਕੇ ਜਾ ਰਹੇ ਸਨ, ਕਿ ਹਾਦਸੇ ਦਾ ਸ਼ਿਕਾਰ ਹੋ ਗਏ। ਉਹ ਫੇਸਬੁੱਕ ਦਫਤਰ ਵਿੱਚ ਸੌਫਟਵੇਅਰ ਇੰਜਨੀਅਰ ਵੱਜੋਂ ਤਾਇਨਾਤ ਸਨ। ਉਨ੍ਹਾਂ ਦੀ ਸਿੰਘਣੀ ਵੀ ਫੇਸਬੁੱਕ ਵਿੱਚ ਹੀ ਕੰਮ ਕਰਦੇ ਹਨ ਤੇ ਅਕਸਰ ਦੋਵੇਂ ਇਕੱਠੇ ਹੀ ਸਾਈਕਲਾਂ 'ਤੇ ਦਫਤਰ ਜਾਂਦੇ ਸਨ ਪਰ ਉਸ ਦਿਨ ਕੁਝ ਮੀਟਿੰਗਾਂ ਕਾਰਨ ਉਨ੍ਹਾਂ ਦੀ ਸਾਥਣ ਨੇ ਕਾਰ ਵਿੱਚ ਜਾਣ ਦਾ ਫੈਸਲਾ ਕਰ ਲਿਆ।



ਜ਼ਿਕਰਯੋਗ ਹੈ ਕਿ ਦਿਓਲ ਪਰਿਵਾਰ ਗੁਰਸਿੱਖੀ ਨੂੰ ਮੰਨਣ ਵਾਲਾ ਹੈ। ਜਿਨ ਕੇ ਬੰਕੇ ਘਰੀ ਨ ਆਇਆ ਤਿਨ ਕਿਉ ਰੈਣਿ ਵਿਹਾਣੀ ॥੬॥ ਗੁਰਬਾਣੀ ਮਹਾਵਾਕ ਮੁਤਾਬਕ, ਕਿਰਨਜੋਤ ਸਿੰਘ ਦੀ ਧਰਮ ਪਤਨੀ ਨੇ ਅੰਤ ਦੀ ਇਸ ਮੁਸ਼ਕਿਲ ਘੜੀ ਵਿਚ ਵੀ ਗੁਰੂ 'ਤੇ ਭਰੋਸਾ ਪ੍ਰਗਟ ਕੀਤਾ। ਕਿਰਨਜੋਤ ਸਿੰਘ ਸਵੇਰੇ ਹੀ ਚੜ੍ਹਾਈ ਕਰ ਗਏ ਸਨ ਪਰ ਉਸ ਦੀ ਪਤਨੀ ਨੂੰ ਇਸ ਘਟਨਾ ਦਾ ਕੋਈ ਪਤਾ ਨਹੀਂ ਸੀ। ਉਹ ਦਫਤਰ ਵਿਚ ਕਿਰਨਜੋਤ ਸਿੰਘ ਦੇ ਕੰਮ ਵਾਲੀ ਡੈਸਕ ਕੋਲੋਂ ਵੀ ਗੁਜ਼ਰੀ, ਜਿੱਥੇ ਉਸ ਨੂੰ ਉਹ ਨਾ ਦਿਖਿਆ। ਉਸ ਨੇ ਸੋਚਿਆ ਕਿ ਬੁੱਧਵਾਰ ਨੂੰ ਖੇਡਦੇ ਹੁੰਦੇ ਨੇ, ਉੱਥੇ ਗਏ ਹੋਣਗੇ। ਬਾਅਦ ਵਿਚ ਸ਼ਾਮ ਸਾਢੇ ਸੱਤ ਵਜੇ ਦੇ ਕਰੀਬ ਫੇਸਬੁੱਕ ਦੇ ਦਫ਼ਤਰ ਵਿਚ ਹੀ ਪੁਲਿਸ ਵਾਲਿਆਂ ਉਸ ਨੂੰ ਕਿਰਨਜੋਤ ਸਿੰਘ ਦੇ ਹਾਦਸੇ ਦੀ ਖ਼ਬਰ ਦਿੱਤੀ। ਉਹ ਇਸ ਅਣਹੋਣੀ ਖ਼ਬਰ ਨਾਲ ਘਰੇ ਪਹੁੰਚੀ ਤਾਂ ਉਸ ਦੇ ਮਾਤਾ ਜੀ ਸੁੱਖ-ਆਸਣ ਦੀ ਸੇਵਾ ਕਰ ਰਹੇ ਸਨ। ਉਹ ਆਪਣੀ ਮਾਂ ਨੂੰ ਕਹਿਣ ਲੱਗੀ ਕਿ ਅਰਦਾਸ ਵਿੱਚ ਵਾਹਿਗੁਰੂ ਤੋਂ ਭਾਣਾ ਮੰਨਣ ਦਾ ਬਲ ਮੰਗ ਲਓ। ਅਰਦਾਸ ਉਪਰੰਤ ਹੀ ਧੀ ਨੇ ਇਹ ਅਣਹੋਣੀ ਆਪਣੀ ਮਾਂ ਨਾਲ ਸਾਂਝੀ ਕੀਤੀ।

ਮਰਹੂਮ ਕਿਰਨਜੋਤ ਸਿੰਘ ਦਾ ਵਿਆਹ ਅਕਤੂਬਰ 2016 ਵਿੱਚ ਹੋਇਆ ਸੀ। ਅੰਤਿਮ ਸੰਸਕਾਰ ਬਾਰੇ ਸਮਾਂ ਤੇ ਸਥਾਨ ਨਿਸ਼ਚਿਤ ਹੋਣ ਤੋਂ ਬਾਅਦ ਸੰਗਤਾਂ ਨਾਲ ਜਾਣਕਾਰੀ ਸਾਂਝੀ ਕੀਤੀ ਜਾਏਗੀ।

# ਬਾਬ ਢਿੱਲੋਂ ਸੰਗਤਾਂ ਦੇ ਹੱਕ ਖੋਹਣ ਦੀ ਤਿਆਰੀ ਵਿੱਚ

## ਸੈਨਹੋਜ਼ੇ ਦੀਆਂ ਸੰਗਤਾਂ ਸੁਚੇਤ ਹੋਣ

**ਸੈਨਹੋਜੇ/ ਏਟੀ ਨਿਊਜ਼:** ਗੁਰਦੁਆਰਾ ਸਾਹਿਬ ਸੈਨਹੋਜੇ ਦੀ ਚੋਣ ਵੇਲੇ ਬਾਬ ਢਿੱਲੋਂ ਨੇ ਗੁਰਦੁਆਰੇ ਦੇ ਸੰਵਿਧਾਨ ਵਿਚ ਤਰਮੀਮਾਂ ਲਿਆਉਣ ਲਈ ਸੰਗਤ ਦੇ ਮੈਂਬਰਾਂ ਦੇ ਘਰ ਚਿੱਠੀਆਂ ਪਾਈਆਂ ਹਨ। ਮੌਜੂਦਾ ਕਮੇਟੀ ਨੇ ਸੰਗਤ ਦੀ ਪਰਵਾਹ ਕੀਤੇ ਬਿਨਾਂ ਕਈ ਅਜਿਹੀਆਂ ਤਬਦੀਲੀਆਂ ਲਿਆਉਣ ਦੀ ਤਿਆਰੀ ਕਰ ਲਈ ਜਿਸ ਰਾਹੀਂ ਸੰਗਤ ਨੂੰ ਉਸ ਦੇ ਹੱਕਾਂ ਤੋਂ ਵਾਂਝੇ ਕਰ ਦਿੱਤਾ ਜਾਵੇਗਾ।

ਇਕ ਤਰਮੀਮ ਅਜਿਹੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਸੰਗਤ ਦਾ ਕੋਈ ਮੈਂਬਰ ਕਦੇ ਵੀ ਗੁਰਦੁਆਰਾ ਸਾਹਿਬ ਦਾ ਕੋਈ ਰਿਕਾਰਡ ਨਹੀਂ ਦੇਖ ਸਕੇਗਾ।

ਇਕ ਤਰਮੀਮ ਰਾਹੀਂ ਇਹ ਕਿਹਾ ਜਾ ਰਿਹਾ ਹੈ ਕਿ ਸੰਗਤ ਦਾ ਕੋਈ ਮੈਂਬਰ ਕਦੇ ਵੀ ਗੁਰਦੁਆਰੇ ਜਾਂ ਕਿਸੇ ਪ੍ਰਬੰਧਕ ਵਿਰੁਧ ਕੋਰਟ ਵਿਚ ਨਹੀਂ ਜਾ ਸਕੇਗਾ।

ਇਸ ਵੇਲੇ 250,000 ਡਾਲਰ ਤੋਂ ਉਪਰ ਖਰਚ ਕਰਨ ਲਈ ਸੰਗਤ ਦੀ ਪ੍ਰਵਾਨਗੀ ਲੈਣੀ ਪੈਂਦੀ ਹੈ ਤੇ ਨਵੀਂ ਤਰਮੀਮ ਵਿਚ ਪ੍ਰਬੰਧਕ ਕਮੇਟੀ ਨੂੰ ਸੰਗਤ ਤੋਂ ਕਿਸੇ ਵੀ ਤਰਾਂ ਦੇ ਖਰਚੇ ਲਈ ਪ੍ਰਵਾਨਗੀ ਦੀ ਜ਼ਰੂਰਤ ਨਹੀਂ ਰਹੇਗੀ, ਚਾਹੇ ਉਹ 5 ਮਿਲੀਅਨ ਡਾਲਰ ਵੀ ਹੋਵੇ।

ਪ੍ਰਬੰਧਕ ਕਮੇਟੀ ਦੀ ਮਿਆਦ 2 ਸਾਲ ਤੋਂ ਵਧਾ ਕੇ 4 ਸਾਲ ਕਰ ਦਿੱਤੀ ਜਾਵੇਗੀ।

ਕੋਈ ਵੀ ਜੱਜ, ਕੋਰਟ ਜਾਂ ਸੰਗਤ ਮੈਂਬਰ ਪ੍ਰਬੰਧਕ ਕਮੇਟੀ ਨੂੰ ਸੁਆਲ ਨਹੀਂ ਕਰ ਸਕੇਗਾ।

ਬਾਬ ਢਿੱਲੋਂ ਨੂੰ ਪਤਾ ਹੈ ਕਿ ਸੰਗਤ ਉਸ ਦੀਆਂ ਇਹ ਤਰਮੀਮਾਂ ਕਦੇ ਵੀ ਪ੍ਰਵਾਨ ਨਹੀਂ ਕਰੇਗੀ ਤਾਂ ਸੁਆਲ ਉਠਦਾ ਹੈ ਕਿ ਫੇਰ ਇਹ ਤਰਮੀਮਾਂ ਕਿਉਂ ਲਿਆਈਆਂ ਜਾ ਰਹੀਆਂ ਹਨ। ਸਾਧ ਸੰਗਤ ਸਲੇਟ ਨੂੰ ਸ਼ੱਕ ਹੈ ਕਿ ਬਾਬ ਢਿੱਲੋਂ ਨੇ ਚੋਣਾਂ ਵਿਚ ਹੇਰਾ ਫੇਰੀ ਕਰਕੇ ਧੱਕੇ ਨਾਲ ਸੰਵਿਧਾਨ ਬਦਲ ਦੇਣਾ ਹੈ, ਜਿਸ ਵਿਚ ਸੰਗਤ ਕੋਲ ਕੋਈ ਹੱਕ ਨਹੀਂ ਰਹਿ ਜਾਣਾ। ਸਾਧ ਸੰਗਤ ਸਲੇਟ ਦੇ ਸੀਨੀਅਰ ਮੈਂਬਰ ਭਾਈ ਜਸਪਾਲ ਸਿੰਘ ਸੈਣੀ ਨੇ ਕਿਹਾ ਕਿ ਇਨਾਂ ਮੌਜੂਦਾ ਪ੍ਰਬੰਧਕਾਂ ਦੀਆਂ ਅਜਿਹੀਆਂ ਧੱਕੇਸ਼ਾਹੀਆਂ ਵਾਲੀਆਂ ਕਾਰਵਾਈਆਂ ਰੋਕਣ ਤੇ ਸੰਗਤ ਦੇ ਹੱਕ ਬਰਕਰਾਰ ਰੱਖਣ ਨੂੰ, ਅਸੀਂ ਕੋਰਟ ਨੂੰ ਦਖ਼ਲ ਦੇਣ ਲਈ ਕਿਹਾ ਹੈ। ਅਸੀਂ ਸੰਗਤ ਨੂੰ ਵੀ ਅਪੀਲ ਕਰਦੇ ਹਾਂ ਕਿ ਜੇ ਤੁਸੀਂ ਹਾਲੇ ਵੀ ਬਾਬ ਧੜੇ ਨੂੰ ਇੱਥੋਂ ਚਲਦਾ ਨਹੀਂ ਕਰਦੇ ਤਾਂ ਇਹ ਗੁਰਦੁਆਰਾ ਬਾਬ ਢਿੱਲੋਂ ਦਾ ਡੇਰਾ ਬਣ ਕੇ ਰਹਿ ਜਾਵੇਗਾ ਅਤੇ ਫੇਰ ਸੰਗਤ ਕੋਲ ਕੋਈ ਵੀ ਹੱਕ ਨਹੀਂ ਰਹੇਗਾ। ਇਸ ਲਈ ਹੁਣ ਤੋਂ ਹੀ ਸੁਚੇਤ ਹੋ ਕੇ ਚੋਣਾਂ ਵਿਚ ਬਾਬ ਢਿੱਲੋਂ ਨੂੰ ਹਰਾਉਣ ਤੇ ਸਾਧ ਸੰਗਤ ਸਲੇਟ ਨੂੰ ਕਾਮਯਾਬ ਕਰੋ।

# ਲਹਿੰਦੇ ਪੰਜਾਬ ਦੇ ਗਵਰਨਰ ਦੀ ਸਾਲਸੀ ਨਾਲ ਅਗਵਾ ਸਿੱਖ ਕੁੜੀ ਦੀ ਘਰ ਵਾਪਸੀ

**ਅੰਮ੍ਰਿਤਸਰ/ਏਟੀ ਨਿਊਜ਼ :**

ਲਹਿੰਦੇ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਨੇ ਲਾਹੌਰ ਸਥਿਤ ਗਵਰਨਰ ਹਾਊਸ ਵਿੱਚ ਨਨਕਾਣਾ ਸਾਹਿਬ ਸਥਿਤ ਗੁਰਦੁਆਰਾ ਤੰਬੂ ਸਾਹਿਬ ਦੇ ਗ੍ਰੰਥੀ ਗਿਆਨੀ ਭਗਵਾਨ ਸਿੰਘ ਅਤੇ ਮੁਸਲਿਮ ਮੁੰਡੇ ਮੁਹੰਮਦ ਹਸਨ ਦੇ ਪਰਿਵਾਰ ਵਿਚਾਲੇ ਸਮਝੌਤਾ ਕਰਵਾਉਂਦਿਆਂ ਸਿੱਖ ਕੁੜੀ ਜਗਜੀਤ ਕੌਰ ਦੀ ਘਰ ਵਾਪਸੀ ਲਈ ਰਾਹ ਪੱਧਰਾ ਕਰ ਦਿੱਤਾ। ਵੇਰਵਿਆਂ ਮੁਤਾਬਕ ਲਾਹੌਰ ਸਥਿਤ ਗਵਰਨਰ ਹਾਊਸ ਵਿੱਚ ਗਵਰਨਰ ਚੌਧਰੀ ਮੁਹੰਮਦ ਸਰਵਰ ਵਲੋਂ ਸਿੱਖ ਅਤੇ ਮੁਸਲਿਮ ਪਰਿਵਾਰ ਦੋਵਾਂ ਦੇ ਜੀਆਂ ਨੂੰ ਸੱਦਿਆ ਗਿਆ ਸੀ, ਜਿੱਥੇ ਸਰਕਾਰ ਦੇ ਦਬਾਅ ਹੇਠ ਦੋਵਾਂ ਪਰਿਵਾਰਾਂ ਵਿਚਾਲੇ ਸਮਝੌਤਾ ਕਰਵਾਇਆ ਗਿਆ ਹੈ। ਮੁਸਲਿਮ ਪਰਿਵਾਰ ਨੇ ਸਿੱਖ ਕੁੜੀ 'ਤੇ ਆਪਣਾ ਹੱਕ ਖ਼ਤਮ ਕਰਦਿਆਂ ਕੁੜੀ ਨੂੰ ਉਸ ਦੇ ਪਰਿਵਾਰ ਨੂੰ ਸੌਂਪਣ ਦੀ ਰਜ਼ਾਮੰਦੀ ਦਿੱਤੀ ਹੈ। ਇਸ ਮੌਕੇ ਲੜਕੀ ਦੇ ਪਿਤਾ ਗਿਆਨੀ ਭਗਵਾਨ ਸਿੰਘ ਤੇ ਭਰਾ ਸਮੇਤ ਸਿੱਖ ਆਗੂ ਗੋਪਾਲ ਸਿੰਘ ਚਾਵਲਾ ਅਤੇ ਦੂਜੀ ਧਿਰ ਵਲੋਂ ਮੁਸਲਿਮ ਮੁੰਡੇ ਦਾ ਪਿਤਾ ਤੇ ਉਸ ਦਾ ਵਕੀਲ ਹਾਜ਼ਰ ਹੈ। ਮੁਸਲਿਮ ਮੁੰਡੇ ਦੇ ਪਿਤਾ ਨੇ ਆਖਿਆ ਕਿ ਜੇਕਰ ਕੁੜੀ ਆਪਣੇ ਮਾਪਿਆਂ ਕੋਲ ਜਾਣਾ ਚਾਹੁੰਦੀ ਹੈ ਤਾਂ ਉਨ੍ਹਾਂ ਦੇ ਪਰਿਵਾਰ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਉਹ ਇਸ ਕੁੜੀ 'ਤੇ ਆਪਣਾ ਹੱਕ ਨਹੀਂ ਜਤਾਉਣਗੇ। ਇਸ ਮੌਕੇ ਗੋਪਾਲ ਸਿੰਘ ਚਾਵਲਾ ਨੇ ਆਖਿਆ ਕਿ ਉਹ ਪਾਕਿਸਤਾਨ ਸਰਕਾਰ ਦੇ ਧੰਨਵਾਦੀ ਹਨ, ਜਿਨ੍ਹਾਂ ਸਿੱਖ ਕੁੜੀ ਦੀ ਘਰ ਵਾਪਸੀ ਲਈ ਸੁਹਿਰਦ ਯਤਨ ਕੀਤੇ ਹਨ।

ਨਨਕਾਣਾ ਸਾਹਿਬ ਦੇ ਸਿੱਖ ਆਗੂਆਂ ਨੇ ਦੱਸਿਆ ਕਿ ਦੋਵਾਂ ਪਰਿਵਾਰਾਂ ਵਿਚਾਲੇ ਸਮਝੌਤਾ ਹੋਣ ਮਗਰੋਂ ਸਿੱਖ ਕੁੜੀ ਜਗਜੀਤ ਕੌਰ ਨੂੰ ਉਸ ਦੇ ਪਰਿਵਾਰ ਨੂੰ ਸੌਂਪ ਦਿੱਤਾ ਜਾਵੇਗਾ। ਇਸ ਫ਼ੈਸਲੇ ਨਾਲ ਨਨਕਾਣਾ ਸਾਹਿਬ ਦੇ ਸਿੱਖਾਂ ਵਿਚ ਖ਼ੁਸ਼ੀ ਦਾ ਆਲਮ ਹੈ। ਫਿਲਹਾਲ ਕੁੜੀ ਲਾਹੌਰ ਸਥਿਤ ਸ਼ੈਲਟਰ ਹੋਮ ਵਿੱਚ ਹੀ ਹੈ। ਸਿੱਖ ਆਗੂਆਂ ਨੇ ਆਖਿਆ ਕਿ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਗੈਰ-ਮੁਸਲਿਮ ਕੁੜੀ ਜਿਸ ਦਾ ਧਰਮ ਤਬਦੀਲ ਕਰਕੇ ਨਿਕਾਹ ਕਰ ਦਿੱਤਾ ਗਿਆ ਹੋਵੇ, ਨੂੰ ਮੁੜ ਉਸ ਦੇ ਪਰਿਵਾਰ ਨੂੰ ਸੌਂਪਣ ਦਾ ਫੈਸਲਾ ਕੀਤਾ ਗਿਆ ਹੈ। ਇਹ ਸਭ ਕੁਝ ਸਿੱਖ ਭਾਈਚਾਰੇ ਵੱਲੋਂ ਪਾਏ ਗਏ ਦਬਾਅ ਸਦਕਾ ਸੰਭਵ ਹੋਇਆ ਹੈ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang

Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775

Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776

When tired of all treatments for any disease at any age Try

HOMEOPATHIC

Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU

DHMS-Gold Medalist, BAMS, MDEH. - INDIA

Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170

'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!




Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh

Contact any time from anywhere

Tel 707.302.0512, 916.340.8100 • Fax 707.425.4260

Email: bsonstravel@yahoo.com

1652 West Texas St. Suite 139, Fairfield, CA 94533

4200 North Boulevard Street No. 1B, Sacramento, CA, 95834


ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥
ਦੇਗ ਤੇਗ ਫਤਹ ਪੰਥ ਕੀ ਜੀਤ
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ
ਦੇਗ ਤੇਗ ਫਤਹ ਪੰਥ ਕੀ ਜੀਤ
SIKH GURDWARA - SAN JOSE
ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆ ਚੋਣਾਂ
22 ਸਤੰਬਰ 2019 ਦਿਨ ਐਤਵਾਰ ਨੂੰ ਹੋ ਰਹੀਆਂ ਹਨ।
ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸਾਧ ਸੰਗਤ ਸਲੇਟ ਦੇ ਸਾਰੇ ਉਮੀਦਵਾਰਾਂ ਨੂੰ ਆਪਣੀ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਜੀ।
San Jose Gurdwara Sahib Election
will be held on 22 September 2019, Sunday. A humble request to all the Sangat to vote for all the candidates of SADH SANGAT SLATE
ਕਸ਼ਮੀਰ ਸਿੰਘ ਕਾਲਕਟ Kashmir Singh Kalkat
ਗੁਰਮੇਲ ਸਿੰਘ ਖਾਲਸਾ (ਬਾਠ) Gurmail Singh Khalsa (Bath)
ਸਰਬਜੋਤ ਸਿੰਘ ਸਵੱਦੀ Sarbjot Singh Swaddi
ਜਸਪਾਲ ਸਿੰਘ ਸੈਣੀ Jaspal Singh Saini
ਕਸ਼ਮੀਰ ਸਿੰਘ ਸਿਵੀਆ Kashmir Singh Sivia
ਨੀਟੂ ਸਿੰਘ ਕਾਹਲੋਂ Neetu Singh Kahlon
ਸੁਖਵਿੰਦਰ ਸਿੰਘ ਮਾਨ Sukhwinder Singh Mann
ਹਰਪਾਲ ਸਿੰਘ ਚਾਹਲ Harpal Singh Chahal
ਜਗਜੀਤ ਸਿੰਘ ਮੰਡ Jagjit Singh Mand
ਮਨਪ੍ਰੀਤ ਸਿੰਘ ਬਦੇਸ਼ਾ Manpreet Singh Badesha
ਪ੍ਰੀਤ ਸਿੰਘ ਰੰਧਾਵਾ Preet Singh Randhawa
ਭੁਪਿੰਦਰ ਸਿੰਘ ਗਿੱਲ Bhupinder Singh Gill
ਇੰਦਰਜੀਤ ਸਿੰਘ Inderjit Singh
ਕੁਲਵੰਤ ਕੌਰ ਚਾਹਲ Kulwant Kaur Chahal
ਗੁਰਦੇਵ ਸਿੰਘ ਕਲਸੀ Gurdev Singh Kalsi
ਬਲਦੇਵ ਸਿੰਘ ਜੰਡੂ Baldev Singh Jandu
ਕਮਲਜੀਤ ਸਿੰਘ ਚੀਮਾ Kamaljeet Singh Cheema
ਸਤਪਾਲ ਸਿੰਘ ਸਿੱਧੂ Satpal Singh Sidhu
ਸੰਦੀਪ ਸਿੰਘ ਸੰਧੂ Sundeep Singh Sandhu
ਰਤਨਦੀਪ ਸਿੰਘ ਸੈਣੀ Rattandeep Singh Saini
ਗੁਰਪ੍ਰੀਤ ਕੌਰ ਸੈਣੀ Gurpreet Kaur Saini
Contact for further information ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਰਬਜੋਤ ਸਿੰਘ ਸਵੱਦੀ 408-449-1639
ਜਸਪਾਲ ਸਿੰਘ ਸੈਣੀ 408-393-9505
ਹਰਪਾਲ ਸਿੰਘ ਚਾਹਲ 408-981-2842
Please vote for Sadh Sangat Slate

# ਵਿਸ਼ਵ ਕਬੱਡੀ ਕੱਪ ਦੇ ਸਪਾਂਸਰਾਂ ਸਿਰ ਬੱਝੇਗਾ ਇਤਿਹਾਸਕ ਸਫਲਤਾ ਦਾ ਸਿਹਰਾ

## *15 ਸਤੰਬਰ ਨੂੰ ਹੋਣ ਵਾਲੇ 15ਵੇਂ ਵਿਸ਼ਵ ਕਬੱਡੀ ਕੱਪ 'ਤੇ ਹੋਵੇਗਾ ਪ੍ਰਮੁੱਖ ਸ਼ਖਸ਼ੀਅਤਾਂ ਦਾ ਸਨਮਾਨ : ਗਾਖਲ*

    

**ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ ਅਤੇ ਤੀਰਥ ਸਿੰਘ ਗਾਖਲ**

**ਵਾਟਸਨਵਿੱਲ/ਏਟੀ ਨਿਊਜ਼ :** ਮਿਤੀ 15 ਸਤੰਬਰ, ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆਂ ਵਲੋਂ ਕਰਵਾਏ ਜਾ ਰਹੇ 15ਵੇਂ ਵਿਸ਼ਵ ਕਬੱਡੀ ਕੱਪ ਸਬੰਧੀ ਇਕ ਅਹਿਮ ਤਕਨੀਕੀ ਤੇ ਪ੍ਰਸ਼ਾਸ਼ਨਿਕ ਮੀਟਿੰਗ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸਭ ਤੋਂ ਪਹਿਲਾਂ ਇਕ ਮਤੇ ਰਾਹੀਂ ਆਪਣੇ ਸਾਰੇ ਸਪਾਂਸਰਸਜ਼ ਦਾ ਧੰਨਵਾਦ ਕੀਤਾ ਗਿਆ। ਖਾਸ ਤੌਰ 'ਤੇ ਡਾਇਮੰਡ ਸਪਾਂਸਰ ਸ. ਇੰਦਰ ਸਿੰਘ ਦੋਸਾਂਝ, ਸਰਾਏ ਪਰਿਵਾਰ, ਪਹਿਲੇ ਇਨਾਮ ਦੇ ਸਪਾਂਸਰ ਜਗਜੀਤ ਸਿੰਘ ਰੱਕੜ (ਓਸ਼ੀਅਨ ਟਰਾਂਸਪੋਰਟ), ਕੁਲਜੀਤ ਸਿੰਘ ਨਿੱਝਰ (ਵਾਈਟ ਹਾਕ), ਦੂਜੇ ਵੱਡੇ ਇਨਾਮ ਦੇ ਸਪਾਂਸਰ ਸਹੋਤਾ ਭਰਾ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਅਤੇ ਤੀਜਾ ਵੱਡਾ ਇਨਾਮ ਦੇਣ ਵਾਲੇ ਬੋਪਾਰਾਏ ਭਰਾ ਜਸਵਿੰਦਰ ਬੋਪਾਰਾਏ, ਦਲਬੀਰ ਬੋਪਾਰਾਏ, ਮਲਕੀਤ ਬੋਪਾਰਾਏ ਅਤੇ ਗੁਰਦੇਵ ਬੋਪਾਰਾਏ ਦਾ ਧੰਨਵਾਦ ਵੀ ਕੀਤਾ ਗਿਆ। ਇਸ ਕਬੱਡੀ ਕੱਪ ਨੂੰ ਸਫਲ ਬਣਾਉਣ ਲਈ ਇਸ ਵੱਡੇ ਸਹਿਯੋਗ ਦੀ ਭਵਿੱਖ ਵਿਚ ਵੀ ਅਜਿਹੀ ਆਸ ਪ੍ਰਗਟਾਈ। ਆਲ ਓਪਨ ਦੇ ਮੁੱਖ ਸਪਾਂਸਰ ਸਵ. ਸੰਤੋਖ ਸਿੰਘ ਤੱਖਰ ਦੇ ਪਰਿਵਾਰ ਦਾ ਵੀ ਉਚੇਚਾ ਧੰਨਵਾਦ ਕੀਤਾ ਗਿਆ। ਸ. ਗਾਖਲ ਨੇ ਕਿਹਾ ਕਿ ਵਿਸ਼ਵ ਕਬੱਡੀ ਦੇ ਮੁੱਖ ਮਹਿਮਾਨ ਸੈਨੇਟ ਦੀ ਚੋਣ ਲੜ ਰਹੇ ਮੈਨੀ ਗਰੇਵਾਲ ਹੋਣਗੇ ਅਤੇ ਉਦਘਾਟਨ ਸ. ਸੁਰਜੀਤ ਸਿੰਘ ਟੁੱਟ, ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਸੇਵਾ ਸਿੰਘ ਰੰਧਾਵਾ, ਜਸਪ੍ਰੀਤ ਅਟਾਰਨੀ, ਰਾਜ ਸਲਵਾਨ, ਮੇਜਰ ਸਿੰਘ ਬੈਂਸ ਤੇ ਤੀਰਥ ਸਿੰਘ ਗਾਖਲ ਸਾਂਝੇ ਰੂਪ ਵਿਚ ਕਰਨਗੇ।

ਸ. ਗਾਖ਼ਲ ਨੇ ਇਹ ਵੀ ਮਾਣ ਨਾਲ ਕਿਹਾ ਕਿ ਉਹ ਆਪਣੇ ਪਿਤਾ ਸਵ. ਨਸੀਬ ਸਿੰਘ ਗਾਖਲ ਦੀ ਯਾਦ ਵਿਚ ਨੇਕੀ ਸਿੱਧਵਾਂ, ਮੰਗੀ ਬੱਗਾ ਪਿੰਡ, ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ ਅਤੇ ਸੁਲਤਾਨ ਸ਼ਮਸ਼ਪੁਰ ਦਾ ਗੋਲਡ ਮੈਡਲਾਂ ਨਾਲ ਸਨਮਾਨ ਕਰਨਗੇ। ਤਕਨੀਕੀ ਪ੍ਰਬੰਧਾਂ ਦੀ ਦੇਖ ਰੇਖ ਕਰ ਰਹੇ ਸ. ਇਕਬਾਲ ਸਿੰਘ ਗਾਖਲ ਤੇ ਤੀਰਥ ਸਿੰਘ ਗਾਖਲ ਨੇ ਕਿਹਾ ਕਿ ਵਿਸ਼ਵ ਕੱਪ ਵਿਚ ਚਾਰ ਪ੍ਰਮੁੱਖ ਟੀਮਾਂ ਬੇਏਰੀਆ ਸਪੋਰਟਸ ਕਲੱਬ, ਯੰਗ ਸਪੋਰਟਸ ਕਬੱਡੀ ਕਲੱਬ, ਮੈਟਰੋ ਸਪੋਰਟਸ ਕਲੱਬ ਨਿਊਯਾਰਕ ਅਤੇ ਕੈਨੇਡਾ ਕਲੱਬ ਦੀਆਂ ਟੀਮਾਂ ਸ਼ਾਮਿਲ ਹੋ ਰਹੀਆਂ ਹਨ। ਖਾਸ ਗੱਲ ਇਹ ਹੋਵੇਗੀ ਕਿ ਚੌਹਾਂ ਟੀਮਾਂ ਵਿਚ ਹੀ ਬਰਾਬਰ ਝੰਡਾਂ ਕਰਨ ਵਾਲੇ ਖਿਡਾਰੀਆਂ ਸੰਤੁਲਨ ਕਾਇਮ ਰੱਖਿਆ ਗਿਆ ਹੈ ਅਤੇ ਦਰਸ਼ਕਾਂ ਨੂੰ ਇਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਤਿਹਾਸਕ ਕਬੱਡੀ ਕੱਪ ਦਾ ਹਰ ਮੈਚ ਹੀ ਸਾਹ ਰੋਕ ਕੇ ਵੇਖਣ ਵਾਂਗ ਅਨੰਦ ਦੇਵੇਗਾ। ਕਲੱਬ ਦੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਅਤੇ ਵਿਤ ਸਕੱਤਰ ਨਰਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਇਸ ਇਤਿਹਾਸਕ ਕਬੱਡੀ ਕੱਪ ਦੀ ਇਹ ਵੀ ਇਕ ਖਾਸੀਅਤ ਹੋਵੇਗੀ ਕਿ ਸਮਾਜਿਕ, ਖੇਡਾਂ, ਸਾਹਿਤ ਅਤੇ ਹੋਰ ਖੇਤਰਾਂ ਵਿਚ ਪੰਜਾਬੀ ਭਾਈਚਾਰੇ ਦਾ ਨਾਮ ਰੌਸ਼ਨ ਕਰਨ ਵਾਲੀਆਂ ਪੰਜ ਸਖਸ਼ੀਅਤਾਂ ਡਾ. ਹਰਕੇਸ਼ ਸਿੰਘ ਸੰਧੂ, ਉਲੰਪੀਅਨ ਮਹਿੰਦਰ ਸਿੰਘ ਗਿੱਲ, ਗੈਰੀ ਸਿੰਘ ਡਿਪਟੀ ਮੇਅਰ ਯੂਨੀਅਨ ਸਿਟੀ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਤਰਲੋਚਨ ਸਿੰਘ ਦੁਪਾਲਪੁਰ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਪ੍ਰਸ਼ਾਸ਼ਕੀ ਪੱਖ ਤੋਂ ਹਰ ਪਹਿਲੂ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ ਹੈ। ਸਕਿਉਰਿਟੀ, ਪਾਰਕਿੰਗ ਦਾ ਖਾਸ ਬੰਦੋਬਸਤ ਕਰਦਿਆਂ ਹਜ਼ਾਰਾਂ ਦੀ ਤਾਦਾਦ ਵਿਚ ਪੁੱਜਣ ਵਾਲੇ ਦਰਸ਼ਕਾਂ ਨੂੰ ਹਰ ਸਹੂਲਤ ਪ੍ਰਦਾਨ ਕਰਨ ਦੇ ਪ੍ਰਬੰਧ ਕੀਤੇ ਗਏ ਹਨ। ਫਰੀਮੌਂਟ, ਮਿਲਪੀਟਸ, ਸੈਨਹੋਜ਼ੇ ਅਤੇ ਸਟਾਕਟਨ ਗੁਰੂਘਰਾਂ ਵਲੋਂ ਗੁਰੂ ਕੇ ਲੰਗਰ ਦੀ ਸੇਵਾ ਕੀਤੀ ਜਾਵੇਗੀ ਜਦੋਂਕਿ ਰਾਜਾ ਸਵੀਟਸ ਵਲੋਂ ਚਾਹ ਪਕੌੜਿਆਂ ਤੇ ਜਲੇਬੀਆਂ ਦਾ ਲੰਗਰ ਅਤੇ ਸ਼ਿਕਾਗੋ ਪੀਜ਼ਾ ਉੱਥੇ ਹੀ ਤਿਆਰ ਕਰਕੇ ਦਰਸ਼ਕਾਂ ਨੂੰ ਮੁਫਤ ਦਿੱਤਾ ਜਾਵੇਗਾ। ਸ. ਗਾਖਲ ਨੇ ਉਚੇਚੇ ਤੌਰ 'ਤੇ ਕਿਹਾ ਕਿ ਮੇਲੇ ਦੇ ਸਪਾਂਸਰ ਇਸ ਮੇਲੇ ਲਈ ਰੀੜ੍ਹ ਦੀ ਹੱਡੀ ਹਨ ਅਤੇ ਇਸ ਮੇਲੇ ਨੂੰ ਸਫਲ ਬਣਾਉਣ ਲਈ ਉਹ ਹਮੇਸ਼ਾ ਉਨ੍ਹਾਂ ਦੇ ਰਿਣੀ ਰਹਿਣਗੇ। ਮੀਟਿੰਗ ਵਿਚ ਚੇਅਰਮੈਨ ਸ. ਮੱਖਣ ਸਿੰਘ ਬੈਂਸ, ਐੱਸ.ਅਸ਼ੋਕ.ਭੌਰਾ, ਪਲਵਿੰਦਰ ਸਿੰਘ ਗਾਖਲ, ਦੇਬੀ ਸੋਹਲ, ਗੁਰਪ੍ਰੀਤ ਗਾਖ਼ਲ, ਅਰੁਨਦੀਪ ਸਿੰਘ, ਗੁਰਨਾਮ ਸਿੰਘ ਵੜੈਚ, ਬਲਜਿੰਦਰ ਸਿੰਘ, ਕਿਰਨਦੀਪ ਸਿੰਘ, ਗੁਰਪ੍ਰੀਤ ਸਿੰਘ ਗਾਖਲ ਅਤੇ ਕਾਲਾ ਗਾਖਲ ਵੀ ਹਾਜ਼ਰ ਸਨ। ਹੋਰ ਜਾਣਕਾਰੀ ਲਈ 510-415-3315 'ਤੇ ਕਾਲ ਵੀ ਕੀਤੀ ਜਾ ਸਕਦੀ ਹੈ।

## ਨਾਮੀ ਕਬੱਡੀ ਖਿਡਾਰੀ ਅਤੇ ਪ੍ਰਮੋਟਰ ਮਨਜੀਤ ਸਿੰਘ ਜਗਪਾਲ ਨਹੀਂ ਰਹੇ

**ਟਰੇਸੀ/ਏਟੀ ਨਿਊਜ਼ :** ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਉੱਘੇ ਕਬੱਡੀ ਖਿਡਾਰੀ ਅਤੇ ਖੇਡ ਪ੍ਰਮੋਟਰ ਮਨਜੀਤ ਸਿੰਘ ਜਗਪਾਲ ਪ੍ਰਮਾਤਮਾ ਵੱਲੋਂ ਬਖਸ਼ੀ ਉਮਰ ਭੋਗ ਕੇ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ। ਉਹ 61 ਵਰ੍ਹਿਆਂ ਦੇ ਸਨ ਤੇ ਪਿਛਲੇ 40 ਸਾਲ ਤੋਂ ਅਮਰੀਕਾ 'ਚ ਰਹਿ ਰਹੇ ਸਨ। ਉਨ੍ਹਾਂ ਦੇ ਪੰਜ ਭੂਤਕ ਸਰੀਰ ਦਾ ਅੰਤਿਮ ਸੰਸਕਾਰ 7 ਸਤੰਬਰ, 2019 ਨੂੰ ਸਵੇਰੇ 11 ਵਜੇ ਤੋਂ 1 ਵਜੇ ਤੱਕ Fry Memorial Chapel, 550 S Central Ave, Tracy, CA 95376 ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਦੁਪਹਿਰ 2 ਤੋਂ 4 ਵਜੇ ਤੱਕ ਗੁਰਦੁਆਰਾ ਸਾਹਿਬ ਟਰੇਸੀ, 11770 W Clover Rd, Tracy, CA 95304 ਵਿਖੇ ਹੋਵੇਗੀ। ਮਨਜੀਤ ਸਿੰਘ ਦੇ ਅਕਾਲ ਚਲਾਣੇ 'ਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਅਤੇ ਅਮਰੀਕਾ, ਕਨੇਡਾ ਦੇ ਸਮੁੱਚੇ ਕਬੱਡੀ ਕਲੱਬਾਂ ਨੇ ਅਫਸੋਸ ਪ੍ਰਗਟ ਕੀਤਾ ਹੈ ਅਤੇ ਇਸ ਬੇਵਕਤੀ ਮੌਤ ਨੂੰ ਕਬੱਡੀ ਜਗਤ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਹੈ। ਇਸ ਬਾਰੇ ਹੋਰ ਜਾਣਕਾਰੀ ਲਈ ਅਤੇ ਦੁੱਖ ਸਾਂਝਾ ਕਰਨ ਲਈ ਸ. ਸੁਰਿੰਦਰ ਸਿੰਘ ਸ਼ਿੰਦਾ ਅਟਵਾਲ : (209) 321-5476 ਜਾਂ ਜਸਮੀਤ ਜਗਪਾਲ : (209) 855-1341 ਨੰ. 'ਤੇ ਸੰਪਰਕ ਕੀਤਾ ਜਾ ਸਕਦਾ ਹੈ।



HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਕਨੇਡਾ ’ਚ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਗਟ ਦਿਵਸ ਨੂੰ ਸਮਰਪਿਤ ਅੰਤਰ-ਰਾਸ਼ਟਰੀ ਕਾਨਫਰੰਸ

*ਕਨੇਡਾ ਦਾ ਰੱਖਿਆ ਮੰਤਰੀ ਸ. ਹਰਜੀਤ ਸਿੰਘ ਸੱਜਣ, ਮੇਅਰ ਡੱਗ ਮਕੱਲਮ, ਪਾਕਿ ਦੇ ਮੈਂਬਰ ਪਾਰਲੀਮੈਂਟ ਰਾਏ ਅਜ਼ੀਜ ਉਲਾ ਖਾਨ, ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ, ਰਣਬੀਰ ਸਿੰਘ ਸਰਾਏ, ਗੋਰਡੀ ਹੌਗ ਨੇ ਕੀਤੀ ਸ਼ਿਰਕਤ*

- **‘ਗੁਰੂ ਨਾਨਕ ਦਰਸ਼ਨ : ਰਬਾਬ ਤੋਂ ਨਗਾਰੇ ਤੱਕ’ ਪੁਸਤਕ ਰਿਲੀਜ਼**
- **ਅੰਤਰਰਾਸ਼ਟਰੀ ਸ਼ਤਾਬਦੀ ਕਾਨਫਰੰਸ ਨੂੰ ਮਿਲਿਆ ਬੇਮਿਸਾਲ ਹੁੰਗਾਰਾ**

**ਸਰੀ /ਡਾ. ਗੁਰਵਿੰਦਰ ਸਿੰਘ ਧਾਲੀਵਾਲ :**

ਇਥੇ ਗੁਰਦੁਆਰਾ ਸਿੰਘ ਸਭਾ ਵਿੱਚ ਸ਼ਤਾਬਦੀ ਕਮੇਟੀ ਵਲੋਂ ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਪ੍ਰਗਟ ਦਿਵਸ ਨੂੰ ਸਮਰਪਿਤ ਅੰਤਰ ਰਾਸ਼ਟਰੀ ਕਾਨਫਰੰਸ ਕਰਵਾਈ ਗਈ, ਜਿਸ ਨੂੰ ਸੰਗਤ ਅਤੇ ਸਰੋਤਿਆਂ ਵਲੋਂ ਬੇਮਿਸਾਲ ਹੁੰਗਾਰਾ ਮਿਲਿਆ ਹੈ। ਇਸ ਕਾਨਫਰੰਸ ਦੀ ਕਾਮਯਾਬੀ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਬੀਸੀ ਦਾ ਐਨਡੀਸੀ ਸਰਕਾਰ ਦੇ ਮੁੱਖੀ ਪ੍ਰੀਮੀਅਰ ਜੌਹਨ ਹਾਰਗਨ, ਕੰਜਰਵੇਟਿਵ ਪਾਰਟੀ ਦੇ ਲੀਡਰ ਐਂਡਰਿਊ ਸ਼ੀਅਰ, ਐਨਡੀਪੀ ਦੇ ਨੇਤਾ ਸ. ਜਗਜੀਤ ਸਿੰਘ ਵੱਲੋਂ ਵਧਾਈ ਸੰਦੇਸ਼ ਭੇਜੇ ਗਏ। ਇਸ ਅੰਤਰ ਰਾਸ਼ਟਰੀ ਕਾਨਫਰੰਸ ਵਿੱਚ ਕਨੇਡਾ ਦਾ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ, ਮੇਅਰ ਡੱਗ ਮਕੱਲਮ, ਪਾਕਿਸਤਾਨ ਦੇ ਮੈਂਬਰ ਪਾਰਲੀਮੈਂਟ ਰਾਏ ਅਜ਼ੀਜ ਉਲਾ ਖਾਨ, ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ, ਰਣਬੀਰ ਸਿੰਘ ਸਰਾਏ, ਜਤੀ ਸਿੱਧੂ, ਗੋਰਡੀ ਹੌਗ ਆਦਿ ਨੇ ਸ਼ਿਰਕਤ ਕੀਤੀ ਅਤੇ ਆਪਣੇ ਆਪਣੇ ਵਿਚਾਰ ਵੀ ਰੱਖੇ। ਇਸ ਦੌਰਾਨ “ਗੁਰੂ ਨਾਨਕ ਦਰਸ਼ਨ ਰਬਾਬ ਤੋਂ ਨਗਾਰੇ ਤੱਕ” ਸੋਵੀਨਾਰ ਰਿਲੀਜ਼ ਕੀਤਾ ਗਿਆ। ਅਰਦਾਸ ਕਰਨ ਦੀ ਸੇਵਾ ਗੁਰੂ ਘਰ ਦੇ ਗ੍ਰੰਥੀ ਜਗਦੀਸ਼ ਸਿੰਘ ਵੱਲੋਂ ਨਿਭਾਈ ਗਈ। ਅਰਦਾਸ ਉਪਰੰਤ ਸਟੇਜ ਦੀ ਕਾਰਵਾਈ ਬੀਬੀ ਸਾਹਿਬ ਕੌਰ ਧਾਲੀਵਾਲ ਅਤੇ ਬੀਬੀ ਗੁਰਪ੍ਰੀਤ ਕੌਰ ਰਾਏ ਵੱਲੋਂ ਸੰਭਾਲੀ ਗਈ।

ਕਾਨਫਰੰਸ ਦਾ ਪਹਿਲਾ ਸੈਸ਼ਨ ਅੰਗਰੇਜ਼ੀ ਵਿੱਚ ਰੱਖਿਆ ਗਿਆ ਸੀ, ਜਿਸ ਦੇ ਮੁੱਖ ਬੁਲਾਰੇ ਹਰਿੰਦਰ ਸਿੰਘ ਟੈਕਸਸ (ਸਿੱਖ ਰਿਸਰਚ ਇੰਸਟੀਚਿਊਟ) ਅਤੇ ਐਡਵੋਕੇਟ ਬਲਪ੍ਰੀਤ ਸਿੰਘ ਟੋਰਾਂਟੋ ਸਨ। ਹਰਿੰਦਰ ਸਿੰਘ ਨੇ ਕਿਹਾ ਕਿ ਵਿਆਹਾਂ ਵਿੱਚ ਜਾਗੋਂ ਕੱਢੀ ਜਾਂਦੀ ਹੈ ਤੇ ਜਾਗੋ ਵਾਲੀਆਂ ਮੇਲਣਾਂ , “ਗੁਆਂਢੀਓ” ਜਾਗਦੇ ਕਿ ਸੁਤੇ ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਗਟ ਦਿਵਸ ਤੇ ਪੌਣ ਪਾਣੀ, ਧਰਤੀ ਨੂੰ ਬਚਾਉਣ ਦਾ ਹੋਕਾ ਦੇਣ ਦੀ ਲੋੜ ਹੈ। ਐਡਵੋਕੇਟ ਬਲਪ੍ਰੀਤ ਸਿੰਘ ਨੇ ਕਿਹਾ ਕਿ ਖਾਲਸੇ ਨੂੰ ਉਹ ਰਾਜਨੀਤੀ ਕਰਨੀ ਚਾਹੀਦੀ ਹੈ ਜਿਸ ਨਾਲ ਗੁਰੂ ਨਾਨਕ ਸਾਹਿਬ ਦੇ ਪਵਿੱਤਰ ਵਿਚਾਰ ਅਨੁਸਾਰ ਇਕ ਆਦਰਸ਼ ਸਮਾਜ ਦੀ ਸਿਰਜਣਾ ਹੋਵੇਗੀ।



**ਅੰਤਰਰਾਸ਼ਟਰੀ ਕਾਨ.ਫਰੰਸ ਮੌਕੇ ‘ਗੁਰੂ ਨਾਨਕ ਦਰਸ਼ਨ: ਰਬਾਬ ਤੋਂ ਨਗਾਰੇ ਤੱਕ’ ਕਿਤਾਬ ਰਿਲੀਜ਼ ਕਰਦੇ ਹੋਏ ਰੱਖਿਆ ਮੰਤਰੀ ਕੈਨੇਡਾ ਹਰਜੀਤ ਸਿੰਘ ਸੱਜਣ, ਮੇਅਰ ਡੱਗ ਮਕੱਲਮ, ਜਨਾਬ ਰਾਇ ਅਜ਼ੀਜ਼ ਉੱਲਾ ਖਾਨ ਸਾਬਕਾ ਐੱਮ ਪੀ ਪਾਕਿਸਤਾਨ, ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਬਲਬੀਰ ਸਿੰਘ ਨਿੱਝਰ, ਸੰਪਾਦਕ ਡਾ. ਗੁਰਵਿੰਦਰ ਸਿੰਘ, ਐੱਮਪੀ ਗੋਰਡੀ ਹੌਗ, ਐੱਮਪੀ ਜਤਿੰਦਰ ਸਿੰਘ ਜਤੀ ਸਿੱਧੂ ਅਤੇ ਪ੍ਰਬੰਧਕ ਸਹਿਬਾਨ।**

ਦੁਪਹਿਰ ਤੋਂ ਬਾਅਦ ਕਾਨਫਰੰਸ ਦਾ ਦੂਜਾ ਸੈਸ਼ਨ ਪੰਜਾਬੀ ਵਿੱਚ ਸ਼ੁਰੂ ਹੋਇਆ, ਜਿਸ ਦੀ ਸਟੇਜ ਕਾਰਵਾਈ ਡਾ. ਕੰਵਲਜੀਤ ਕੌਰ ਵੱਲੋਂ ਚਲਾਈ ਗਈ। ਸਭ ਤੋਂ ਪਹਿਲਾਂ 108 ਸਾਲਾ ਦੌੜਾਕ ਬਾਬਾ ਫੌਜਾ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਦੇ 550 ਸਾਲਾਂ ਪ੍ਰਗਟ ਦਿਵਸ ਤੇ ਸਿਹਤ ਵੱਲ ਵੀ ਖਾਸ ਧਿਆਨ ਦੇਣਾ ਚਾਹੀਦਾ ਹੈ। ਨਸ਼ਿਆਂ ਤੋਂ ਮੁਕਤ ਸਮਾਜ ਦੀ ਸਿਰਜਣਾ ਹੋਣੀ ਜਰੂਰੀ ਹੈ। ਇਸ ਤੋਂ ਬਾਅਦ ਪੰਜਾਬ ਤੋਂ ਆਏ ਲੇਖਕ ਰਾਜਵਿੰਦਰ ਸਿੰਘ ਰਾਹੀ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਨੇ ਇਕ ਨਵੇਂ ਮਨੁੱਖ ਦੀ ਸਿਰਜਣਾ ਕੀਤੀ ਸੀ। ਜਿਸ ਦੇ ਸੰਗਠਨ ਨੂੰ ਉਹਨਾਂ ਨੇ ਨਿਰਮਲ ਪੰਥ ਕਿਹਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਸਿਖਰ ਤੇ ਪਹੁੰਚਾ ਕੇ ਖਾਲਸਾ ਪੰਥ ਤੱਕ ਪਹੁੰਚਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਧਰਮ ਨੀਵਿਆਂ ਨੂੰ ਉਚੇ ਕਰਨ ਦਾ ਧਰਮ ਸੀ ਪਰ ਅੱਜ ਸਿੱਖ ਸਮਾਜ ਵਿੱਚ ਜਾਤ-ਪਾਤ, ਊਚ ਨੀਚ ਫਿਰ ਮੌਜੂਦ ਹੈ। ਨੀਵੇਂ ਲੋਕ ਸਿੱਖੀ ਛੱਡ ਕੇ ਦੇਹਧਾਰੀ ਗੁਰੂਆਂ, ਬਾਬਿਆਂ, ਭੇਖੀ ਸੰਤਾਂ, ਕਬਰਾਂ, ਸਮਾਧਾਂ ਤੇ ਈਸਾਈਆਂ ਵੱਲ ਤੁਰੇ ਜਾ ਰਹੇ ਹਨ। ਉਹਨਾਂ ਕਿਹਾ ਕਿ ਸਿੱਖ ਸਮਾਜ ਨੂੰ ਆਪਣੀਆਂ ਇਹ ਸਮੱਸਿਆਵਾਂ ਗੁਰੂ ਨਾਨਕ ਦਰਸ਼ਨ ਦੀ ਰੌਸ਼ਨੀ ਵਿੱਚ ਹੱਲ ਕਰਨੀਆਂ ਚਾਹੀਦੀਆਂ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਚ ਗੁਰਮਤਿ ਸੰਗੀਤ ਵਿਭਾਗ ਦੇ ਮੁੱਖੀ ਰਹਿ ਚੁੱਕੇ ਡਾ. ਗੁਰਨਾਮ ਸਿੰਘ ਵੱਲੋਂ ਟੀਵੀ ਸਕਰੀਨ ਉਪਰ ਰਾਗਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ। ਉਹਨਾਂ ਕਿਹਾ ਕਿ ਸਿੱਖ ਸਮਾਜ ਦਾ ਇਹ ਵੀ ਇਕ ਸੰਕਟ ਹੈ ਕਿ ਕੀਰਤਨੀਏ ਤੇਤੀ ਸਾਜਾਂ ਆਧਾਰਿਤ ਗੁਰੂ ਗਰੰਥ ਸਾਹਿਬ ਵਿੱਚ ਦਰਜ ਰਾਗਾਂ ਨੂੰ ਗਾਉਣਾ ਛੱਡ ਗਏ ਹਨ।

ਵਿਦਵਾਨ ਪੱਤਰਕਾਰ ਤੇ ਸਿੱਖ ਰਿਸਰਚ ਸਕਾਲਰ ਡਾ. ਗੁਰਵਿੰਦਰ ਸਿੰਘ ਵੱਲੋਂ ਪੇਸ਼ ਕੀਤੇ ਗਏ ਪਰਚੇ ‘ਗੁਰੂ ਨਾਨਕ ਦਰਸ਼ਨ ਰਬਾਬ ਤੋਂ ਨਗਾਰੇ ਤੱਕ’ ਵਿੱਚ ਕਿਹਾ ਕਿ ਗੁਰੂ ਨਾਨਕ ਸਾਹਿਬ ਜੀ ਨੇ ਸਾਨੂੰ ਤਿੰਨ ਤਿੰਨ ਜੋਟਿਆਂ ਵਿੱਚ ਸਿਧਾਂਤ ਦਿੱਤੇ ਗਏ ਹਨ:ਮਨ, ਵਚਨ, ਕਰਮ, ਸਤਿ, ਸੰਤੋਖ ਤੇ ਵਿਚਾਰ, ਪਰ ਅੱਜ ਸਿੱਕ ਸਮਾਜ ਇਹਨਾਂ ਤੋਂ ਤਿੜਕ ਗਿਆ ਹੈ। ਸਿੱਖ ਚਿੰਤਕ ਅਤੇ ਧਾਰਮਿਕ ਸ਼ਖ਼ਸੀਅਤ ਭਾਈ ਨਛੱਤਰ ਸਿੰਘ ਵੱਲੋਂ ਰਾਗੀਆਂ , ਪਰਚਾਰਕਾਂ ਵੱਲੋਂ ਜੋ ਗੁਰਬਾਣੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਉਹਨਾਂ ਦੀਆਂ ਘਾਟਾਂ ਬਾਰੇ ਚਾਨਣਾ ਪਾਇਆ। ਉਹਨਾਂ ਕਿਹਾ ਕਿ ਕਿਸੇ ਹੱਦ ਤੱਕ ਸਿੱਖੀ ਵਿੱਚ ਅੰਧ ਵਿਸ਼ਵਾਸ ਤੇ ਬ੍ਰਾਹਮਣਵਾਦ ਫੈਲਾਉਣ ਦੇ ਜ਼ਿੰਮੇਵਾਰ ਰਾਗੀ, ਗਰੰਥੀ ਤੇ ਪ੍ਰਚਾਰਕ ਵੀ ਹਨ। ਸ਼ਤਾਬਦੀ ਕਮੇਟੀ ਦੇ ਸਕੱਤਰ ਸ. ਜਸਵਿੰਦਰ ਸਿੰਘ ਖਹਿਰਾ ਵੱਲੋਂ ਬਾਹਰੋਂ ਆਈ ਸੰਗਤ ਅਤੇ ਮੁੱਖ ਮਹਿਮਾਨਾਂ ਨੂੰ ਜੀਅ ਆਇਆਂ ਕਿਹਾ ਗਿਆ। ਗੁਰੂ ਘਰ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ. ਬਲਵੀਰ ਸਿੰਘ ਨਿੱਝਰ ਵੱਲੋਂ ਅੰਤਰਰਾਸ਼ਟਰੀ ਕਾਨਫਰੰਸ ਦੇ ਆਸ਼ਿਆਂ ਅਤੇ ਟੀਚਿਆਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ। ਨਿੱਝਰ ਨੇ ਦੱਸਿਆਂ ਕਿ ਗੁਰੂ ਨਾਨਕ ਸਾਹਿਬ ਜੀ ਦੀ 550 ਵਾਂ ਪ੍ਰਗਟ ਦਿਵਸ ਤਾਂ ਸੰਸਾਰ ਭਰ ਦੀਆਂ ਸੰਗਤਾਂ ਵੱਲੋਂ ਹੀ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆਂ ਜਾ ਰਿਹਾ ਹੈ ਪਰ ਉਹਨਾਂ ਦੀ ਪ੍ਰਬੰਧਕ ਕਮੇਟੀ ਕੁਝ ਵੱਖਰਾ ਜਿਹਾ ਉਦਮ ਕਰਨਾ ਚਾਹੁੰਦੀ ਸੀ, ਜਿਸ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਉਹਨਾਂ ਦੇ ਸੰਦੇਸ਼ ਅਤੇ ਆਸ਼ਿਆਂ ਸਬੰਧੀ ਖੁੱਲ ਕੇ ਵਿਚਾਰ ਵਟਾਂਦਰਾ ਕੀਤਾ ਜਾ ਸਕੇ।

ਉਹਨਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਜੀ ਦੀ ਪਰੰਪਰਾ ਡਾਇਲਾਗ ਦੀ ਹੈ , ਡਾਇਲਾਗ ਅਜਿਹੀਆਂ ਕਾਨਫਰੰਸਾਂ ਵਿੱਚ ਹੀ ਕੀਤਾ ਜਾ ਸਕਦਾ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਗਜੈਕਟਿਵ ਮੈਂਬਰ ਸ. ਪ੍ਰੇਮ ਸਿੰਘ ਵਿਨਿੰਗ ਵੱਲੋਂ ਵੀ ਕਾਨਫਰੰਸ ਦੀ ਤਿਆਰੀ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਉੱਘੇ ਚਿੱਤਰਕਾਰ ਅਤੇ ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਕੋਆਰਡੀਨੇਟਰ ਜਰਨੈਲ ਸਿੰਘ ਆਰਟਿਸਟ ਨੇ ਜਿੱਥੇ ਇਸ ਮੌਕੇ ਚਿੱਤਰਾਂ ਦੀ ਪ੍ਰਦਰਸ਼ਨੀ ਲਾਈ ਉੱਥੇ ਰਿਲੀਜ਼ ਖਿਤਾਬ ਤੋਂ ਦੀ ਸੰਪਾਦਨ ਕਾਰਜ ਵਿੱਚ ਭਰਪੂਰ ਯੋਗਦਾਨ ਪਾਇਆ ।

ਇਸ ਕਾਨਫਰੰਸ ਵਿੱਚ ਸਿੱਖ ਵਿਦਵਾਨ ਡਾ। ਪੂਰਨ ਸਿੰਘ, ਡਾ। ਗੁਰਨਾਮ ਸਿੰਘ ਸੰਘੇੜਾ, ਡਾ। ਜਗਜੀਤ ਸਿੰਘ , ਪ੍ਰੀਤਮ ਸਿੰਘ ਭਰੋਵਾਲ, ਗਿਆਨ ਸਿੰਘ , ਨੰਬਰਦਾਰ ਹਿੰਮਤ ਸਿੰਘ ਚੱਕਭਾਈਕਾ , ਡਾ ਹਰਦੀਪ ਸਿੰਘ ਵਿਰਕ ਕੈਨੇਡੀਅਨ ਸਿੱਖ ਸਟੱਡੀ ਦੀ ਵਿਚੋਂ ਸੁਸਾਇਟੀ ਦੇ ਨੁਮਾਇੰਦੇ, ਕੇਂਦਰੀ ਪੰਜਾਬੀ ਸਹਿਤ ਸਭਾ ਉੱਤਰੀ ਅਮਰੀਕਾ ਦੇ ਕਾਰਜਕਾਰੀ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ ਸਕੱਤਰ ਪਲਵਿੰਦਰ ਸਿੰਘ ਰੰਧਾਵਾ, ਲੋਕ ਲਿਖਾਰੀ ਪੰਜਾਬੀ ਸਹਿਤ ਸਭਾ ਉੱਤਰੀ ਅਮਰੀਕਾ ਦੇ ਬੀਬੀ ਸੁਖਵਿੰਦਰ ਕੌਰ, ਸਿੱਖ ਅਕੈਡਮੀ ਸਰੀ ਦੇ ਪ੍ਰਿੰਸੀਪਲ ਬਲਦੀਪ ਸਿੰਘ ਹੇਅਰ, ਹਰਕੀਰਤ ਸਿੰਘ, ਕੰਵਲਜੀਤ ਸਿੰਘ, ਸ਼ੀਲਾ ਕੌਰ, ਰਛਪਾਲ ਗਿੱਲ, ਅਮਰਪਾਲ ਸਿੰਘ, ਗੁਰਪ੍ਰੀਤ ਸਿੰਘ ਸਹੋਤਾ, ਪੱਤਰਕਾਰ ਸੁਖਵਿੰਦਰ ਸਿੰਘ ਚੋਹਲਾ, ਕੁਲਦੀਪ ਸਿੰਘ, ਬੀਬੀ ਬਲਜਿੰਦਰ ਕੌਰ ਆਦਿ ਹਾਜ਼ਰ ਸਨ। ਇਸ ਕਾਨਫਰੰਸ ਦੀ ਕਾਮਯਾਬੀ ਲਈ ਗੁਰੂ ਘਰ ਦੀ ਸਮੁੱਚੀ ਕਮੇਟੀ ਸ. ਕੁੰਦਨ ਸਿੰਘ ਸੱਜਣ, ਗੁਰਮੀਤ ਸਿੰਘ ਧਾਲੀਵਾਲ , ਰੁਪਿੰਦਰਜੀਤ ਸਿੰਘ ਕਾਹਲੋਂ, ਗੁਰਮੇਲ ਸਿੰਘ ਸ਼ੇਰਗਿੱਲ ਸਤਿੰਦਰ ਪਾਲ ਸਿੰਘ ਕਲੇਰ ਤਰਲੋਚਨ ਸਿੰਘ ਬਾਹੀਆ ਪਰਮਜੀਤ ਸਿੰਘ ਗਿੱਲ, ਸੁਰਜੀਤ ਸਿੰਘ ਪੰਧੇਰ, ਅੰਮ੍ਰਿਤ ਸਮੀਰ ਸਿੰਘ ਲਖਜੀਤ ਸਿੰਘ ਸਾਰੰਗ, ਦਵਿੰਦਰ ਸਿੰਘ ਰੋਮਾਣਾ ਅਤੇ ਸਮੂਹ ਵਲੰਟੀਅਰ ਵਧਾਈ ਦੇ ਹੱਕਦਾਰ ਹਨ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

ਅੰਮ੍ਰਿਤਸਰ ਟਾਈਮਜ਼
AMRITSAR TIMES
04 ਸਤੰਬਰ 2019 ਤੋਂ 10 ਸਤੰਬਰ 2019

# ਪੰਜਾਬ 'ਚ ਝੂਠੇ ਪੁਲਿਸ ਮੁਕਾਬਲਿਆਂ ਦਾ ਮਾਮਲਾ

**-ਮਨਜੀਤ ਸਿੰਘ ਟਿਵਾਣਾ**

ਪੰਜਾਬ ਅੰਦਰ ਨੱਬੇਵਿਆਂ ਵਿਚ ਬੇਗੁਨਾਹਾਂ ਦੀ ਅੰਨ੍ਹੇਵਾਹ ਕਤਲੋਗਾਰਤ ਕੀਤੀ ਗਈ ਸੀ। ਕਥਿਤ ਅੱਤਵਾਦ ਵਿਰੋਧੀ ਕਾਰਵਾਈਆਂ ਦੇ ਨਾਂ 'ਤੇ ਹਜ਼ਾਰਾਂ ਬੇਕਸੂਰ ਨੌਜਵਾਨਾਂ ਨੂੰ ਪੁਲਿਸ ਵੱਲੋਂ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਮੁਕਾ ਦਿੱਤਾ ਗਿਆ। ਲਗਭੱਗ ਡੇਢ ਦਹਾਕਾ ਚੱਲੇ ਇਸ ਵੱਡੇ ਖ਼ੂਨੀ ਕਾਂਡ ਦੀ ਸਮੁੱਚਤਾ ਵਿਚ ਜਾਂਚ ਕਰਵਾਉਣ ਲਈ, ਨਾ ਤਾਂ ਹੁਣ ਤਕ ਕਿਸੇ ਸਰਕਾਰ ਨੇ ਅਤੇ ਨਾ ਹੀ ਅਦਾਲਤਾਂ ਨੇ ਕੋਈ ਪੱਲਾ ਫੜਾਇਆ ਹੈ। ਇਥੋਂ ਤਕ ਕਿ ਸੰਨ ੧੯੯੭ ਵਿਚ ਇਸ ਕਤਲੋਗਾਰਤ ਦੀ ਜਾਂਚ ਕਰਵਾਉਣ ਦੇ ਚੋਣ ਵਾਅਦੇ ਨਾਲ ਸੱਤਾ ਵਿਚ ਆਈ ਬਾਦਲ ਸਰਕਾਰ ਨੇ ਵੀ ਸੱਤਾ ਸੰਭਾਲਦਿਆਂ ਹੀ ਇਸ ਮੁੱਦੇ ਤੋਂ ਪੂਰੀ ਬੇਸ਼ਰਮੀ ਨਾਲ ਕਿਨਾਰਾ ਕਰ ਲਿਆ ਸੀ। ਤਤਕਾਲੀਨ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਦੇ ਇਸ ਮਾਮਲੇ ਵਿਚ "ਗੱਡੇ ਮੁਰਦੇ ਨਾ ਉਖੇੜਨ" ਵਾਲੇ ਬਿਆਨ ਤੋਂ ਬਾਅਦ ਕੁਝ ਮਨੁੱਖੀ ਅਧਿਕਾਰ ਜਥੇਬੰਦੀਆਂ ਤੇ ਪੰਜਾਬ ਦਾ ਦਰਦ ਰੱਖਣ ਵਾਲੇ ਆਗੂਆਂ ਨੇ ਸੰਨ 1995 ਦੇ ਦੱਖਣੀ ਅਫ਼ਰੀਕਾ ਵਿਚਲੇ 'ਟਰੁੱਥ ਕਮਿਸ਼ਨ' ਦੀ ਤਰਜ਼ ਉਤੇ 'ਪੀਪਲਜ਼ ਕਮਿਸ਼ਨ' ਦਾ ਗਠਨ ਕਰ ਕੇ ਜਸਟਿਸ ਕੁਲਦੀਪ ਸਿੰਘ ਦੀ ਅਗਵਾਈ ਵਿਚ ਇਸ ਕਤਲੇਆਮ ਦੀ ਜਾਂਚ ਕਰਨ ਦਾ ਬੀੜਾ ਚੁੱਕਿਆ ਸੀ। ਬਾਅਦ 'ਚ ਅਦਾਲਤ ਨੇ ਇਕ ਖੱਬੇਪੱਖੀ ਪੱਤਰਕਾਰ ਦੀ ਅਰਜ਼ੀ ਦੇ ਅਧਾਰ ਉਤੇ ਇਹ ਜਾਂਚ ਵੀ ਰੋਕ ਦਿੱਤੀ। ਸਮੇਂ-ਸਮੇਂ ਉਤੇ ਕੁਝ ਪੀੜਤ ਲੋਕਾਂ ਦੇ ਨਿੱਜੀ ਯਤਨਾਂ ਨਾਲ ਕਈ ਪੁਲਿਸ ਅਫਸਰਾਂ ਨੂੰ ਸਜ਼ਾਵਾਂ ਵੀ ਹੋਈਆਂ ਪਰ ਬਾਅਦ ਵਿਚ ਇਨ੍ਹਾਂ ਵਿਚੋਂ ਬਹੁਤ ਸਾਰੇ ਸਜ਼ਾਯਾਫਤਾ ਪੁਲਿਸ ਅਫਸਰਾਂ ਨੂੰ ਕਾਨੂੰਨੀ ਚੋਰ ਮੋਰੀਆਂ ਰਾਹੀਂ ਛੱਡ ਦਿੱਤਾ ਜਾਂਦਾ ਰਿਹਾ। ਇਥੋਂ ਤਕ ਕਿ "ਦੇਸ਼ ਦੀ ਏਕਤਾ-ਅਖੰਡਤਾ ਲਈ ਜੰਗ ਲੜਨ" ਦਾ ਬਹਾਨਾ ਬਣਾ ਕੇ ਕਈ ਸਜ਼ਾਯਾਫਤਾ ਅਫਸਰਾਂ ਨੂੰ ਮੁੜ ਤੋਂ ਸਰਕਾਰੀ ਨੌਕਰੀਆਂ 'ਤੇ ਬਹਾਲ ਵੀ ਕੀਤਾ ਗਿਆ। ਦਲੀਲ ਦਿੱਤੀ ਗਈ ਕਿ ਪੁਲਿਸ ਅਧਿਕਾਰੀਆਂ ਜਾਂ ਮੁਲਾਜ਼ਮਾਂ ਨੂੰ ਸਜ਼ਾ ਦੇਣ ਨਾਲ ਉਨ੍ਹਾਂ ਦਾ ਮਨੋਬਲ ਡਿੱਗ ਜਾਵੇਗਾ। ਇਸ ਤਰ੍ਹਾਂ ਸੋਚੀ ਸਮਝੀ ਸਾਜ਼ਿਸ਼ ਨਾਲ ਅੰਜ਼ਾਮ ਦਿੱਤੇ ਗਏ ਵੱਡੇ ਕਤਲੇਆਮ ਦੀ ਸਮੁੱਚਤਾ ਵਿਚ ਜਾਂਚ ਦਾ ਮਾਮਲਾ ਹਾਲਾਂ ਤਕ ਲਟਕਦਾ ਹੀ ਆ ਰਿਹਾ ਹੈ।

ਕਈ ਮਾਨਵੀ ਅਧਿਕਾਰਾਂ ਨਾਲ ਜੁੜੇ ਲੋਕ ਤੇ ਵਕੀਲ ਇਸ ਕਤਲੇਆਮ ਦੀ ਜਾਂਚ ਕਰਵਾਉਣ, ਦੋਸ਼ੀਆਂ ਨੂੰ ਸਜ਼ਾਵਾਂ ਦਿਵਾ ਕੇ ਪੀੜਤਾਂ ਨੂੰ ਇਨਸਾਫ ਦਿਵਾਉਣ ਦੀ ਅਹਿਮੀਅਤ ਨੂੰ ਸਮਝਦੇ ਹੋਏ ਅੱਜ ਵੀ ਇਸ ਕਾਂਡ ਉਤੋਂ ਪਰਦਾ ਚੁੱਕਣ ਲਈ ਜੂਝ ਰਹੇ ਹਨ। ਇਸੇ ਤਰ੍ਹਾਂ ਦੀ ਹੀ ਇਕ ਕੋਸ਼ਿਸ਼ ਹਾਲ ਹੀ ਵਿਚ 'ਪੰਜਾਬ ਡਾਕੂਮੈਂਟੇਸ਼ਨ ਅਤੇ ਐਡਵੋਕੇਸੀ ਪ੍ਰੋਜੈਕਟ' ਵਲੋਂ ਕੀਤੀ ਗਈ ਪਰ ਰਵਾਇਤ ਮੁਤਾਬਕ ਭਾਰਤੀ ਨਿਆਂਤੰਤਰ ਦੇ ਦਰਵਾਜ਼ੇ ਸਿੱਖਾਂ ਨੂੰ ਇਨਸਾਫ ਨਾ ਦੇਣ ਲਈ ਆਨੇ-ਬਹਾਨੇ ਬੰਦ ਰਹਿਣ ਦਾ ਇਤਿਹਾਸ ਹੀ ਮੁੜ ਦੁਹਰਾਇਆ ਗਿਆ ਹੈ।

ਸੁਪਰੀਮ ਕੋਰਟ ਦੇ ਦੋਹਰੀ ਬੈਂਚ ਦੇ ਜੱਜ ਅਰੁਣ ਮਿਸ਼ਰਾ ਅਤੇ ਐਮਆਰ ਸ਼ਾਹ ਵਲੋਂ ਇਸ ਪਟੀਸ਼ਟ ਦੀ ਸੁਣਵਾਈ ਕਰਦਿਆਂ ਕਿਹਾ ਗਿਆ ਹੈ ਕਿ ਮਾਮਲਾ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅੰਦਰ ਲੈ ਕੇ ਜਾਓ।

ਪਟੀਸ਼ਨਕਰਤਾ 'ਪੰਜਾਬ ਡਾਕੂਮੈਂਟੇਸ਼ਨ ਅਤੇ ਐਡਵੋਕੇਸੀ ਪ੍ਰੋਜੈਕਟ' ਵਲੋਂ ਇਹ ਪਟੀਸ਼ਨ ਸੀਨੀਅਰ ਵਕੀਲ ਕੌਲਿਨ ਗੌਨਜ਼ਾਲਵੇਸ ਤੇ ਸਤਨਾਮ ਸਿੰਘ ਬੈਂਸ ਦੁਆਰਾ ਕੁਝ ਨਵੇਂ ਮਿਲੇ ਸਬੂਤਾਂ ਦੇ ਆਧਾਰ ਉੱਤੇ ਦਾਇਰ ਕੀਤੀ ਗਈ ਸੀ। ਅਦਾਲਤ ਨੂੰ ਬਕਾਇਦਾ ਦੱਸਿਆ ਗਿਆ ਕਿ ਇਹ ਮਾਮਲਾ ਮੁੱਖ ਤੌਰ ਤੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਮਿਸ਼ਨ ਨਾਲ ਜੁੜਿਆ ਹੋਇਆ ਹੈ, ਜਿਨ੍ਹਾਂ ਨੇ ਆਪਣੀ ਜਾਨ ਦੇ ਕੇ ਪੰਜਾਬ ਅੰਦਰ ਕੀਤੇ ਗਏ ਗੈਰਕਾਨੂੰਨੀ ਕਤਲੇਆਮ ਅਤੇ ਝੂਠੇ ਮੁਕਾਬਲਿਆਂ ਦਾ ਸੱਚ ਉਜਾਗਰ ਕੀਤਾ ਸੀ। ਖਾਲੜਾ ਦਾ ਮਾਮਲਾ ਪਹਿਲਾਂ ਹੀ ਸੁਪਰੀਮ ਕੋਰਟ ਅੰਦਰ ਵਿਚਾਰ-ਅਧੀਨ ਹੈ।

ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਇਹ ਮਾਮਲਾ ਵੱਡੇ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਹੈ । ਸੰਨ 1984 ਤੋਂ ਬਾਅਦ ਪੰਜਾਬ ਵਿਚ ਹਜ਼ਾਰਾਂ ਨੌਜਵਾਨ ਘਰਾਂ 'ਚੋਂ ਅਚਾਨਕ ਗੁੰਮ ਹੋਣੇ ਸ਼ੁਰੂ ਹੋ ਗਏ ਸਨ, ਜਿਨ੍ਹਾਂ ਬਾਰੇ ਪਿੰਡ-ਪਿੰਡ ਅਤੇ ਸ਼ਮਸ਼ਾਨਘਾਟਾਂ ਵਿਚ ਜਾ ਕੇ ਇਸ ਬਾਰੇ ਤੱਥ ਤੇ ਅੰਕੜੇ ਇਕੱਠੇ ਕੀਤੇ ਗਏ ਹਨ। ਪੰਜਾਬ ਵਿਚ ਖਾੜਕੂਵਾਦ ਦੇ ਸਮੇਂ ਪੁਲਿਸ ਦੀ ਇਹ ਮਾਨਸਿਕਤਾ ਬਣਾ ਦਿੱਤੀ ਗਈ ਸੀ ਕਿ ਉਹ ਦਿਨ-ਦਿਹਾੜੇ ਸਿੱਖ ਨੌਜਵਾਨਾਂ ਦਾ ਸ਼ਿਕਾਰ ਕਰੇ, ਕੋਈ ਉਸ ਨੂੰ ਪੁੱਛਣ ਵਾਲਾ ਨਹੀਂ ਹੋਵੇਗਾ। ਇਸ ਤਰ੍ਹਾਂ ਇਹ ਇਕ ਤਰ੍ਹਾਂ ਦਾ ਸਰਕਾਰੀ ਅੱਤਵਾਦ ਸੀ। ਤਮਾਮ ਦਲੀਲਾਂ ਦੇ ਬਾਵਜੂਦ ਪਟੀਸ਼ਨ ਰੱਦ ਕਰ ਦਿੱਤੀ ਗਈ।

ਭਾਰਤੀ ਸੰਵਿਧਾਨ ਤੇ ਕਾਨੂੰਨ ਦੇ ਨਿਰਪੱਖ ਮਾਹਿਰ ਇਸ ਗੱਲ ਉਤੇ ਇਕਮੱਤ ਹਨ ਕਿ ਇਸ ਬੇਹੱਦ ਸੰਵੇਦਨਸ਼ੀਲ ਤੇ ਗਿਣ-ਮਿੱਥ ਕੇ ਕੀਤੀ ਗਈ ਨਸਲਕੁਸ਼ੀ ਵਰਗੇ ਅਹਿਮ ਮਾਮਲੇ ਉਤੇ, ਚਾਹੀਦਾ ਤਾਂ ਇਹ ਸੀ ਕਿ ਸੁਪਰੀਮ ਕੋਰਟ ਖੁਦ ਹੀ ਇਕ ਕਮਿਸ਼ਨ ਬਣਾਉਂਦੀ ਤੇ ਉਹ ਘਰ-ਘਰ ਜਾ ਕੇ ਇਕੱਠੇ ਕੀਤੇ ਗਏ ਤੱਥਾਂ ਬਾਰੇ ਪਤਾ ਕਰਦਾ। ਹੈਰਾਨੀ ਦੀ ਗੱਲ ਹੈ ਕਿ ਢਾਈ ਦਹਾਕੇ ਬੀਤ ਜਾਣ ਬਾਅਦ ਵੀ ਇਹ ਮਾਮਲਾ ਅਜੇ ਕੇਸ ਦੀ ਮੁਢਲੀ ਸ਼ੁਰੂਆਤ ਲਈ ਕੋਰਟਾਂ ਦੇ ਚੱਕਰ ਕੱਟ ਰਿਹਾ ਹੈ।

ਇਹ ਗੱਲ ਸਪੱਸ਼ਟ ਹੋ ਚੁੱਕੀ ਹੈ ਕਿ ਭਾਰਤ ਵਿਚ ਸੰਵਿਧਾਨ, ਕਾਨੂੰਨ, ਸਰਕਾਰੀ ਤੰਤਰ ਤੇ ਖੁਦ ਸਰਕਾਰਾਂ ਦਾ ਝੂਠ ਬੇਪਰਦ ਹੋਣ ਤੋਂ ਬਾਅਦ ਵੀ 'ਸੱਚਾ' ਹੀ ਰਹੇਗਾ। ਜਿਸ ਮੁਲਕ ਦੀ ਰਾਜਧਾਨੀ ਵਿਚ ਦਿਨ ਦਿਹਾੜੇ ਹਜ਼ਾਰਾਂ ਬੇਕਸੂਰ ਲੋਕਾਂ ਨੂੰ ਗਲਾਂ ਵਿਚ ਟਾਇਰ ਪਾ ਕੇ, ਅੱਗ ਲਾ ਕੇ ਜਿਉਂਦੇ ਸਾੜ ਦਿੱਤਾ ਜਾਵੇ ਤੇ ਖੁਦ ਵੇਲੇ ਦਾ ਪਰਧਾਨ ਮੰਤਰੀ ਬਿਆਨ ਦੇਵੇ ਕਿ ਜਦੋਂ ਵੱਡਾ ਦਰੱਖਤ ਡਿੱਗਦਾ ਹੈ, ਤਾਂ ਧਰਤੀ ਕੰਬਦੀ ਹੀ ਹੈ, ਅਜਿਹੇ ਦੇਸ਼ ਵਿਚ ਇਨਸਾਫ ਦੀ ਆਸ ਰੱਖਣੀ ਜ਼ਰੂਰ ਹੀ ਵੱਡੇ ਜੇਰੇ ਵਾਲਾ ਕੰਮ ਹੈ।

ਦਰਅਸਲ ਭਾਰਤੀ ਸਟੇਟ ਨੇ ਸੰਨ ੧੯੪੭ ਵਿਚ ਆਜ਼ਾਦੀ ਮਿਲਣ ਤੋਂ ਬਾਅਦ ਹੀ ਸਰਕਾਰੀ ਮਸ਼ੀਨਰੀ ਨੂੰ ਹਰ ਜਾਇਜ਼-ਨਜਾਇਜ਼ ਤਰੀਕੇ ਨਾਲ ਲੋਕ ਲਹਿਰਾਂ ਅਤੇ ਘੱਟ ਗਿਣਤੀਆਂ ਨੂੰ ਦਬਾ ਕੇ ਰੱਖਣ ਲਈ ਤਿਆਰ ਕਰ ਲਿਆ ਸੀ। ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਸਭ ਤੋਂ ਪਹਿਲਾਂ ਸੱਤਰਵਿਆਂ 'ਚ ਨਕਸਲੀ ਲਹਿਰ ਨੂੰ ਬੇਦਰਦੀ ਨਾਲ ਕੁਚਲਿਆ ਗਿਆ। ਉਸ ਸਮੇਂ ਵੀ ਪੰਜਾਬ ਦੇ ਬਹੁਤ ਸਾਰੇ ਨੌਜਵਾਨਾਂ ਨੂੰ ਪੁਲਿਸ ਨੇ ਮਾਰ ਮੁਕਾਇਆ। ਇਸ ਕਰਕੇ ਇਹ ਕੋਈ ਹੇਠਲੇ ਪੱਧਰ ਉਤੇ ਵਿਗੜੈਲ ਪੁਲਸੀਆ ਮਨੋਬਿਰਤੀ ਦਾ ਵਰਤਾਰਾ ਨਹੀਂ, ਸਗੋਂ ਹਿੰਦੂਸਤਾਨੀ ਸਟੇਟ ਦਾ ਘੱਟ ਗਿਣਤੀਆਂ ਅਤੇ ਲੋਕ ਲਹਿਰਾਂ ਨੂੰ ਦਬਾ ਕੇ ਰੱਖਣ ਦਾ ਹਥਿਆਰ ਹੈ। ਬਹੁਤ ਸਾਰੇ ਸਬੂਤ ਮੌਜੂਦ ਹਨ ਕਿ ਪੰਜਾਬ ਵਿਚ ਅਨੇਕਾਂ ਪੁਲਿਸ ਮੁਕਾਬਲਿਆਂ ਦੀਆਂ ਇਕੋ ਜਿਹੀਆਂ, ਝੂਠੀਆਂ ਕਹਾਣੀਆਂ ਘੜ ਕੇ ਹਜ਼ਾਰਾਂ ਹੀ ਨੌਜਵਾਨ ਮਾਰ-ਖਪਾ ਦਿੱਤੇ ਗਏ ਪਰ ਕਦੇ ਵੀ ਕਿਸੇ ਅਦਾਲਤ ਜਾਂ ਸਰਕਾਰ ਨੇ ਕੋਈ ਨੋਟਿਸ ਨਹੀਂ ਲਿਆ। ਇਸ ਕਰਕੇ ਉਪਰੋਕਤ ਕੇਸ ਦੇ ਸੱਜਰੇ ਅਦਾਲਤੀ ਨਿਪਟਾਰੇ ਤੋਂ ਬਾਅਦ ਇਕ ਵਾਰ ਮੁੜ ਭਾਰਤੀ ਸਟੇਟ ਦੀ ਵਹਿਸ਼ੀ ਅਤੇ ਅਮਾਨਵੀ ਸੋਚ ਉਤੋਂ ਕਥਿਤ ਜਮਹੂਰੀਅਤ ਦਾ ਨਕਾਬ ਹੀ ਉਤਰਿਆ ਹੈ।

# 'ਸਤਿਗੁਰ ਪ੍ਰਸਾਦਿ' ਜਾਂ 'ਸਤਿ ਗੁਰਪ੍ਰਸਾਦਿ' ?

**ਇੰਦਰ ਸਿੰਘ ਫੁੱਲ**

ਸਤਿ ਗੁਰਪ੍ਰਸਾਦਿ।। ਸਤਿਗੁਰ ਪ੍ਰਸਾਦਿ।।
ਸਤਿ ਹੈ ਗੁਰੂ, ਗੁਰੂ ਹੈ ਸਤਿ
ਆਪ ਮੁਕਤ ਮੁਕਤ ਕਰੇ ਸੰਸਾਰ।।
ਧੁਰ ਕੀ ਬਾਣੀ, ਗੁਰੂ ਹੈ ਬਾਣੀ, ਬਾਣੀ ਹੈ ਗੁਰੂ।।

ਕਾਫੀ ਵਕਫਾ ਪਹਿਲਾਂ ਇਕ ਲੇਖ "ਸਾਂਝੀ ਸੋਚ" ਅਖਬਾਰ ਵਿਚ ਛਪਿਆ ਸੀ, ਜਿਸ ਦਾ ਸਿਰਲੇਖ ਸਤਿ ਗੁਰਪ੍ਰਸਾਦਿ (ਪਦ - ਛੇਦ, ਉਚਾਰਣ ਅਤੇ ਅਰਥਾਂ ਸਬੰਧੀ ਵੀਚਾਰ) ਸੀ। ਇਸ ਲੇਖ ਰਾਹੀਂ ਲੇਖਕ ਨੇ ਇਤਰਾਜ਼ ਪਰਗਟ ਕੀਤਾ ਸੀ ਕਿ ਅੱਜ ਕੁਲ ਛਾਪੇ ਵਾਲਿਆਂ ਪਦ ਛੇਦ ਬੀੜਾਂ ਵਿਚ 'ਸਤਿਗੁਰ ਪ੍ਰਸਾਦਿ' ਪਾਠ ਛਪਿਆ ਹੋਇਆ ਹੈ ਅਤੇ ਬਹੁਤਾਤ ਪਾਠੀਆਂ ਵਲੋਂ ਇਸ ਢੰਗ ਨਾਲ ਹੀ ਪਾਠ ਕੀਤਾ ਜਾ ਰਿਹਾ ਹੈ, ਜਦ ਕਿ ਮੂਲ ਮੰਤਰ ਵਿਚ, ਸਭ ਤੋਂ ਛੋਟੇ ਰੂਪ ਵਿਚ, 524 ਵਾਰ ਵਿਚ 'ਸਤਿ ਗੁਰਪ੍ਰਸਾਦਿ' ਲਿਖਿਆ ਹੋਇਆ ਹੈ।

ਵਿਚਾਰ :"ਦੇਰ ਆਏ - ਦਰੁਸਤ ਆਏ" ਵਾਂਗ ਛਾਪੇ ਵਾਲਿਆਂ ਨੂੰ ਸੋਝੀ ਆ ਗਈ। ਪਹਿਲੀ ਜੰਗ (1914 - 1918) ਸਿੱਖ ਸ਼ਹੀਦਾਂ ਦੀਆਂ ਸਮਾਧਾਂ ਅਤੇ ਮੇਰੇ ਦਾਦਾ ਜੀ ਦੀ ਇਕ ਲਿਖਤ ਜੋ ਸੰਨ 1950 ਤੋਂ ਪਹਿਲਾਂ ਦੀ ਲਿਖੀ ਹੈ, ਉਤੇ ਵੀ 'ਸਤਿਗੁਰ ਪ੍ਰਸਾਦਿ' ਹੀ ਲਿਖਿਆ ਹੈ।

ਲੇਖਕ ਨੇ ਗੁਰਪ੍ਰਸਾਦਿ ਨੂੰ ਇਸ ਤਰ੍ਹਾਂ ਵਿਸਥਾਰਿਆ ਹੈ : 'ਗੁਰਪ੍ਰਸਾਦਿ – ਐਸੇ ਅਕਾਲ ਪੁਰਖ ਦੀ ਪ੍ਰਾਪਤੀ ਭਾਵ ਉਸ ਨਾਲ ਜਾਣ ਪਛਾਣ ਕਰਕੇ ਉਸ ਨਾਲ ਇਕਮਿਕਤਾ ਗੁਰੂ ਦੀ ਕ੍ਰਿਪਾ ਨਾਲ ਹੀ ਹੋ ਸਕਦੀ ਹੈ'। ਮੇਰੇ ਮੁਤਾਬਕ ਕਾਬਿਲ ਦੋਸਤ ਲੇਖਕ ਨੂੰ ਇਹ ਅਹਿਸਾਸ ਦਿਵਾਉਣਾ ਜ਼ਰੂਰੀ ਹੈ ਕਿ ਗੁਰੂ ਤਾਂ ਹੀ ਕ੍ਰਿਪਾ ਕਰ ਸਕਦਾ ਹੈ ਜੇ ਗੁਰੂ ਖੁਦ ਆਪ ਨਾਲ ਇਕਮਿਕ ਹੈ। ਸ਼ਾਇਦ ਲਿਖਣ ਵੇਲੇ ਲੇਖਕ ਬੇ-ਧਿਆਨ ਹੋਵੇ, ਪਰ ਉਸ ਦੀ ਡੂੰਘੀ ਸੋਚ ਇਹ ਜਾਣਦੀ ਹੈ ਕਿ 'ਗੁਰੂ ਨਾਨਕ ਸਾਹਿਬ ਪਰਮਾਤਮਾ ਦੇ ਇਕ ਪੈਗੰਬਰ ਸਨ'। ਪਹਿਲਾਂ ਉਹ ਸਿੱਖ ਸਨ, ਉਹਨਾਂ ਨਾਮ ਦੀ ਕਠਿਨ ਕਮਾਈ ਕੀਤੀ ਤੇ ਗੁਰਸਿੱਖ ਬਣੇ, ਫਿਰ ਉਹਨਾਂ ਨੂੰ ਦੁਨੀਆ ਤਾਰਨ ਲਈ ਗੁਰੂ ਤੇ ਆਪਣੇ ਨਾਲ ਭਾਵ ਸਤਿ ਨਾਲ ਇਕਮਿਕ ਕਰ, ਅਭੇਦ ਕਰ, ਸਤਿਗੁਰ ਬਣਾਇਆ। ਉਹਨਾ ਨੂੰ ਧੁਰ ਕੀ ਬਾਣੀ ਰਾਹੀਂ ਗਿਆਨ ਹੋਇਆ। ਉਹਨਾਂ ਮੂਲ ਮੰਤਰ ਵਿਚ ਸਤਿ ਗੁਰਪ੍ਰਸਾਦਿ ਲਿਖਿਆ ਹੈ, ਕਿਉਂਕਿ ਉਹਨਾਂ ਦਾ ਕੋਈ ਵੀ "ਜੀਵ" ਗੁਰੂ ਨਹੀਂ ਸੀ। ਅਗਰ ਹੁੰਦਾ ਤਾਂ ਉਹਨਾਂ ਮੂਲ ਮੰਤਰ ਵਿਚ, ਸਤਿ ਲਿਖਣ ਦੀ ਬਜਾਏ, ਆਪਣੇ ਜੀਵ ਗੁਰੂ ਦੇ ਅਧਾਰ 'ਤੇ ਪ੍ਰਮਾਤਮਾ ਨੂੰ ਵਾਹਿਗੁਰੂ ਹੀ ਲਿਖਣਾ ਸੀ। ਜਿਸ ਤਰ੍ਹਾਂ ਬਾਕੀ ਗੁਰੂ ਸਹਿਬਾਨਾਂ ਨੇ ਗੁਰੂ ਨਾਨਕ ਸਾਹਿਬ ਤੇ ਆਪਣੇ ਤੋਂ ਪਹਿਲੇ ਗੁਰੂਆਂ ਦੇ ਅਧਾਰ 'ਤੇ ਪ੍ਰਮਾਤਮਾ ਨੂੰ ਵਾਹਿਗੁਰੂ ਲਿਖਿਆ ਹੈ। ਗੁਰੂ ਨਾਨਕ ਵਾਸਤੇ ਗੁਰੂ ਵੀ ਸਤਿ ਹੀ ਸੀ। (ਸਤਿ ਹੈ ਗੁਰੂ, ਗੁਰੂ ਹੈ ਸਤਿ-ਧੁਰ ਕੀ ਬਾਣੀ), ਜਿਵੇਂ ਗੁਰੂ ਹੈ ਬਾਣੀ, ਬਾਣੀ ਹੈ ਗੁਰੂ।

ਗੁਰੂ ਅੰਗਦ ਦੇਵ ਜੀ ਦੇ ਸਤਿਗੁਰੂ, ਗੁਰੂ ਨਾਨਕ ਸਾਹਿਬ ਸਨ, ਜਿਹਨਾਂ ਨੂੰ ਸਤਿ ਨੇ ਆਪ ਸਤਿਗੁਰ, ਧੁਰ ਕੀ ਬਾਣੀ ਰਾਹੀਂ ਬਣਾਇਆ ਸੀ। ਗੁਰੂ ਨਾਨਕ ਸਾਹਿਬ ਨੇ ਆਪਣੀ ਗੁਰਤਾ ਅਗਵਾਈ ਹੇਠ ਗੁਰੂ ਅੰਗਦ ਦੇਵ ਜੀ ਨੂੰ 'ਕਿਵ ਸਚਿਆਰਾ ਹੋਈਐ' ਦੇ ਗਿਆਨ ਨਾਲ ਸਤਿਗੁਰੂ ਬਣਾਇਆ ਸੀ। ਇਸ ਤਰ੍ਹਾਂ ਹੀ ਗੁਰੂ ਅਮਰ ਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ਨੇ 'ਕਿਵ ਸਚਿਆਰਾ ਹੋਈਐ' ਦੇ ਗਿਆਨ ਨਾਲ ਸਤਿਗੁਰੂ ਬਣਾਇਆ ਸੀ। ਇਸ ਤਰ੍ਹਾਂ ਸਾਰੇ ਗੁਰੂ ਹੀ ਸਤਿਗੁਰ ਸਨ।

ਕਿਵ ਸਚਿਆਰਾ ਹੋਈਐ : ਜਿਹੜਾ ਕੂੜ ਦੀ ਕੰਧ ਤੋੜ ਕੇ ਹੀ ਹੋਈ ਦਾ ਹੈ-ਗੁਰੂ ਨਾਨਕ ਸਾਹਿਬ ਨੇ ਜਪੁਜੀ ਸ਼ੁਰੂ ਹੀ ਕੀਤਾ - ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ।। ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ।। ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ।। ਜਪਣ ਦੀ ਵਿਧੀ, ਜਪੁ (ਜਪੁਜੀ) ਦੇ ਸ਼ੁਰੂ ਵਿਚ ਹੀ ਜਪਣ ਦਾ ਮਕਸਦ ਸਚਿਆਰ ਹੋਣਾ ਹੈ - ਪਰਮਾਤਮਾ ਦੇ ਨਾਮ ਸਿਮਰਨ ਰਾਹੀਂ ਉਸ ਦੀ ਰਜ਼ਾ ਵਿਚ ਲੀਨ, ਸੱਚ ਦਾ ਧਾਰਨੀ, ਸੰਪੂਰਨ, ਆਪਣੀ ਆਤਮਾ ਨੂੰ ਪਰਮ-ਆਤਮਾ, ਪਰਮਾਤਮਾ, ਪਰਮਸਤਿ, ਸਤਿ (ਜਿਹੜਾ ਕੇ ਸਿੱਖ ਦਾ ਰੱਬ-GOD ਹੈ) ਨਾਲ ਅਭੇਦ ਕਰਨਾ ਹੈ। ਇਸ ਤਰ੍ਹਾਂ ਕੂੜ ਦੇ ਆਵਾਗਵਨ ਤੋਂ ਮੁਕਤ ਹੋਣਾ ਹੈ; ਜੋ ਉਸ ਦਾ ਹੁਕਮ ਪਛਾਣ ਕੇ ਹੀ ਹੋਣਾ ਹੈ।

ਲੇਖਕ ਮੁਤਾਬਕ ਸਤਿਗੁਰ ਪ੍ਰਸਾਦਿ ਦੀ ਕ੍ਰਿਪਾ ਨਾਲ ਮਿਲਦਾ ਹੈ। ਇਸ ਤਰ੍ਹਾਂ ਇਸ ਸਰੂਪ ਵਿੱਚੋਂ ਅਕਾਲ ਪੁਰਖ ਦੇ 'ਸਤਿ' ਹੋਣ ਦਾ ਭਾਵ ਸਦੀਵੀ ਹੋਣ ਵਾਲਾ ਗੁਣ ਵਰਨਣ ਨਹੀਂ ਹੋ ਸਕਿਆ।

ਵਿਚਾਰ : ਸਤਿ ਦੀ ਹੋਂਦ ਨੂੰ, ਮੂਲ ਮੰਤਰ ਵਿਚ ਕੋਈ ਫਰਕ ਨਹੀ ਪਿਆ; ਗੁਰੂ ਜੀ ਨੇ ਮੂਲ ਮੰਤਰ ਦੇ ਸ਼ਬਦਾਂ




ਰਾਹੀਂ, ਸਤਿ ਦੀ ਪਹਿਚਾਨ ਵਜੋਂ 'ਸਤਿ ਦਾ ਸਰੂਪ' ਚਿਤਰਿਆ, ਫਿਰ ਏਸੇ ਵਾਸਤੇ ਗੁਰੂ ਜੀ ਨੇ ਆਦਿ ਸਚੁ ਜੁਗਾਦਿ ਸਚੁ ।। ਹੈ ਭੀ ਸਚਿ ਨਾਨਕ ਹੋਸੀ ਭੀ ਸਚਿ।। ਨਾਲ ਮੂਲ ਮੰਤਰ ਤੋਂ ਵੱਖਰਾ, ਜਪੁ ਦੇ ਸਰਲੇਖ ਹੇਠਾਂ ਤੇ ਜਪੁਜੀ ਸ਼ੁਰੂ ਕਰਨ ਤੋਂ ਪਹਿਲਾਂ ਸਤਿ ਦੇ ਹੋਂਦ ਦੀ 'ਸਚਾਈ' ਦੀ ਮੋਹਰ ਲਗਾਈ ਕਿ : ' ਸਤਿ' ਸਦਾ ਬਹਾਰ ਹੈ। (ਸਮੇ: ਸ੍ਰਿਸ਼ਟੀ ਤੋਂ ਪਹਿਲਾਂ, ਹੁਣ ਤੇ ਬਾਅਦ ਵੀ ਰਹੇਗਾ)

ਲੇਖਕ ਮੁਤਾਬਕ ਸਤਿ ਨੂੰ ਗੁਰੂ ਨਾਲ ਜੁੜਤ ਪਾਠ 'ਸਤਿਗੁਰੂ' ਕਰਨ ਨਾਲ ਅਖਰਾਂ ਵਿਚ ਕੋਈ ਅੰਤਰ ਨਹੀਂ ਪਿਆ ਕਿਉਂਕਿ ਗੁਰੂ ਅਤੇ 'ਸਤਿਗੁਰੂ' ਦੇ ਇੱਕੋ ਹੀ ਅਰਥ ਨਿਕਲਦੇ ਹਨ....।

ਵਿਚਾਰ : ਗੁਰੂ ਤੇ ਸਤਿਗੁਰੂ ਦੇ ਅਰਥ ਇਕੋ ਨਹੀਂ ਹਨ, ਉਪਰ ਵਿਸਥਾਰ ਨਾਲ ਲਿਖਿਆ ਗਿਆ ਹੈ ਕਿ ਗੁਰੂ ਜਦ 'ਸਤਿ' ਨਾਲ ਅਭੇਦ ਹੋ ਜਾਂਦਾ ਹੈ ਤਾਂ ਸਤਿਗੁਰੂ ਹੋ ਜਾਂਦਾ ਹੈ, ਭਾਵ ਕੂੜ ਦੇ ਆਵਾਗਵਨ ਤੋਂ ਮੁਕਤ ਹੋ ਜਾਣਾ, ਪਰਮਾਤਮਾ ਨਾਲ ਮਿਲ ਜਾਣਾ।

ਲੇਖਕ : ਸਤਿ ਨੂੰ ਗੁਰੂ ਨਾਲ ਜੋੜਿਆ ਹੀ ਨਹੀਂ ਜਾ ਸਕਦਾ..।

ਵਿਚਾਰ : ਸਾਰੇ ਗੁਰੂ ਸਤਿਗੁਰ ਸਨ। ਇਹ ਹੀ ਸਾਡੇ ਧਰਮ ਦੇ ਪਹਿਲੇ ਗੁਰੂ, ਗੁਰੂ ਨਾਨਕ ਵਲੋਂ ਨਿਸਚਤ ਫ਼ਲਸਫ਼ਾ ਹੈ ਕਿ ਆਤਮਾ ਦੀ ਪ੍ਰਮਾਤਮਾ ਨਾਲ ਪਈ ਵਿੱਥ ਨੂੰ ਖਤਮ ਕਰਕੇ ਪ੍ਰਮਾਤਮਾ (ਸਤਿ) ਨਾਲ ਅਭੇਦ ਕਰਨਾ ਹੈ। ਜਿਸ ਵਲੋਂ ਧਰਤੀ 'ਧਰਮਸਾਲ' ਥਾਪੀ ਗਈ ਹੈ ਤੇ ਮਨੁੱਖ ਨੂੰ ਇਸ ਦਾ ਫਾਇਦਾ ਲੈਣਾ ਚਾਹੀਦਾ ਹੈ।

ਵਿਰੋਧੀ ਸੋਚ ਮਨਮੁਖ ਦੀ ਸੋਚ ਹੈ, ਗੁਰੂ ਤੋਂ ਬਾਅਦ, ਸਤਿਸੰਗ ਨੂੰ ਭਗਤੀ ਦੀ ਪ੍ਰਾਪਤੀ ਦਾ ਸਾਧਨ ਸਵੀਕਾਰ ਕੀਤਾ ਗਿਆ ਹੈ। ਏਥੇ ਮਨਮੁੱਖ ਵੀ ਗੁਰਮੁੱਖ ਬਣ ਜਾਂਦਾ ਹੈ।

ਭਾਈ ਗੁਰਦਾਸ ਜੀ ਦਾ ਹਵਾਲਾ ਦੇ ਕੇ ਸ. ਬ੍ਰਹਮਜਗਦੀਸ਼ ਸਿੰਘ ਨੇ ਇਕ ਕਿਤਾਬ ਲਿਖੀ ਹੈ; "ਭਾਈ ਗੁਰਦਾਸ - ਰਚਨਾ ਸੰਸਾਰ (ਪਹਿਲੀ ਅਤੇ ਗਿਆਰ੍ਹਵੀ: ਵਿਸ਼ੇਸ਼ ਸੰਦਰਭ", ਇਸ ਵਿਚ ਸਤਿਗੁਰੂ ਬਾਰੇ ਲਿਖਿਆ ਹੈ। "ਸਤਿਗੁਰੂ ਗੁਰੂ ਨਾਨਕ ਦੇਵ ਜੀ ਨੇ ਜਪੁਜੀ (ਮੂਲਮੰਤਰ) ਵਿਚ ਪਰਮਾਤਮਾ ਦੇ ਸਰੂਪ-ਵਰਣਨ ਦੇ ਨਾਲ ਹੀ ਲਿਖ ਦਿਤਾ ਹੈ : ਗੁਰ ਪ੍ਰਸਾਦਿ। ਭਾਵ ਪਰਮਾਤਮਾ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਦੁਆਰਾ ਹੀ ਹੋ ਸਕਦੀ ਹੈ। ਆਪ ਅਨੁਸਾਰ ਸਤਿਗੁਰੂ ਹੀ ਗਿਆਨ-ਅੰਜਨ ਪ੍ਰਦਾਨ ਕਰਕੇ ਅਗਿਆਨ ਦੇ ਅਨ੍ਹੇਰੇ ਦਾ ਵਿਨਾਸ਼ ਕਰਦਾ ਹੈ।

ਭਾਈ ਗੁਰਦਾਸ ਜੀ ਸਤਿਗੁਰੂ ਨੂੰ ਸਚਾ ਪਾਤਸ਼ਾਹ ਘੋਸ਼ਿਤ ਕਰਦੇ ਹਨ ਅਤੇ ਦੁਨਿਆਵੀ ਰਾਜੇ ਉਨ੍ਹਾਂ ਦੀ ਨਜ਼ਰ ਵਿਚ 'ਕੂੜੇ' ਹਨ। ਆਪ ਅਨੁਸਾਰ ਸਤਿਗੁਰ, ਪਰਮਾਤਮਾ ਦਾ ਹੀ ਰੂਪ ਹੈ। ਉਹ ਪਰਮਾਤਮਾ ਨਾਲ ਇਸ ਤਰ੍ਹਾਂ ਅਭੇਦ ਹੋ ਚੁੱਕਾ ਹੈ ਕਿ ਉਸ ਦਾ ਦੂਜਾ ਰੂਪ ਪਛਾਨਣਾ ਅਸੰਭਵ ਹੈ। "

ਗੁਰੂ ਦਾ ਮਹੱਤਵ-

ਗੁਰਬਾਣੀ ਵਾਂਗ ਹੀ ਭਾਈ ਗੁਰਦਾਸ ਜੀ ਨੇ ਸਚੇ ਗੁਰੂ ਦੇ ਮਹੱਤਵ ਨੂੰ ਦਰਸਾਇਆ ਹੈ। ਗੁਰੂ ਜੀਵ ਨੂੰ ਸੱਚ ਦੇ ਮਾਰਗ 'ਤੇ ਤੋਰ ਕੇ ਪ੍ਰਭੂ ਨਾਲ ਮਿਲਣ ਵਿਚ ਸਹਾਈ ਹੁੰਦਾ ਹੈ। ਗੁਰੂ ਸਾਹਿਬਾਨ ਨੇ 'ਗੁਰੂ' ਦੇ ਨਾਲ 'ਸਤਿ' ਸ਼ਬਦ ਵਿਸ਼ੇਸ਼ ਤੌਰ 'ਤੇ ਜੋੜਿਆ ਹੈ ਕਿਉਂਕਿ ਉਸ ਯੁਗ ਵਿਚ ਅਖੌਤੀ ਗੁਰੂ ਥਾਂ-ਥਾਂ ਤੇ ਝੂਠ ਦੀਆਂ ਦੁਕਾਨਾਂ ਚਲਾ ਰਹੇ ਸਨ। ਨਾ ਉਨ੍ਹਾਂ ਨੂੰ ਸੱਚ ਦੀ ਸੋਝੀ ਸੀ, ਨਾ ਸੱਚਾ ਜੀਵਨ ਸੀ ਅਤੇ ਨਾ ਉਹ ਜਗਿਆਸੂ ਨੂੰ ਸੱਚ ਦੇ ਮਾਰਗ 'ਤੇ ਤੋਰਨ ਦੇ ਸਮਰੱਥ ਸਨ। ਭਾਈ ਸਾਹਿਬ ਨੇ ਵੀ ਆਪਣੀਆਂ ਵਾਰਾਂ ਵਿਚ 'ਸਤਿਗੁਰੂ' ਸ਼ਬਦ ਦਾ ਹੀ ਪ੍ਰਯੋਗ ਕੀਤਾ ਹੈ।

ਸਤਿਗੁਰੂ ਬਿਨਾ ਨਾ ਸੋਝੀ ਪਾਈ।। (ਪਉੜੀ 9)
ਸਤਿਗੁਰੂ ਬਿਨਾ ਨਾ ਸਹਸਾ ਜਾਵੈ।। ( ਪਉੜੀ 10)

ਮੇਰੇ ਇਕ ਨਜ਼ਦੀਕੀ ਦੋਸਤ ਹਾਲੈਂਡ ਤੋਂ, ਜਿਹਨਾਂ ਪਹਿਲੀ ਤੇ ਦੂਸਰੀ ਜੰਗ ਦੇ ਸਿੱਖ ਸ਼ਹੀਦਾਂ ਉਤੇ ਕਿਤਾਬ ਲਿਖੀ ਹੈ, ਨੇ ਹੁਣੇ ਜਹੇ ਕੁਝ ਫੋਟੋਆਂ ਭੇਜੀਆਂ। ਉਹਨਾਂ 'ਚ ਇਕ ਸਮਾਧ ਉਤੇ ਲਿਖੇ ਸਤਿਗੁਰ ਪ੍ਰਸਾਦਿ ਸ਼ਬਦ ਪੜ੍ਹ ਕੇ ਮੇਰੇ ਮਨ ਵਿਚ ਇਸ ਬਾਰੇ ਲਿਖਣ ਦਾ ਖਿਆਲ ਆਇਆ।




ਦੂਸਰੀ ਉਦਾਹਰਨ ਮੇਰੇ ਦਾਦਾ ਜੀ ਦੀ ਲਿਖਤਾਂ ਤੋਂ ਯਾਦ ਆਈ। ਮੈਂ ਪੰਜਵੀਂ-ਛੇਵੀਂ ਵਿਚ ਪੜ੍ਹਦਾ ਹੋਵਾਂਗਾ, ਲੰਘਦਿਆਂ-ਟੱਪਦਿਆਂ ਦਾਦਾ ਜੀ ਦੀਆਂ ਲਿਖਤਾਂ ਤੇ ਨਜ਼ਰ ਪੈਂਦੀ, ਜੋ ਸਤਿਗੁਰ ਪ੍ਰਸਾਦਿ ਨਾਲ ਹੀ ਸ਼ੁਰੂਆਤ ਕੀਤੀਆਂ ਹੁੰਦੀਆਂ ਸੀ। ਬਾਪੂ ਜੀ ਨੂੰ ਲੋਕ ਗਿਆਨੀ ਜੀ ਕਹਿੰਦੇ ਸਨ। ਪੰਥ ਦੇ ਮਹਾਨ ਵਿਦਵਾਨ ਅਤੇ ਗੁਰਬਾਣੀ ਦੇ ਵਿਆਖਿਆਕਾਰ ਭਾਈ ਵੀਰ ਸਿੰਘ ਜੀ, ਜੋ ਇਸੇ ਇਲਾਕੇ ਦੇ ਸਨ, ਬਾਪੂ ਜੀ ਦੀ ਉਹਨਾਂ ਨਾਲ ਸਾਂਝ ਸੀ। ਉਹਨਾਂ ਸਤਿਗੁਰ ਪ੍ਰਸਾਦਿ ਬਾਰੇ ਜ਼ਰੂਰ ਵਿਚਾਰ ਵਟਾਂਦਰਾ ਕੀਤਾ ਹੋਵੇਗਾ।

ਸਤਿਗੁਰ ਪ੍ਰਸਾਦਿ (ਪਦ – ਛੇਦ, ਉਚਾਰਣ ਅਤੇ ਅਰਥਾਂ ਸਬੰਧੀ ਵੀਚਾਰ) ਕਰਨ, ਅਤੇ ਸੋਧ ਕਰਨ ਦੀ ਜ਼ਰੂਰਤ ਨਹੀਂ, ਸਗੋਂ ਗਿਆਨ ਦੀ ਡੂੰਘਾਈ ਵਿਚ ਚੁੱਭੀ ਮਾਰਨ ਦੀ ਜ਼ਰੂਰਤ ਹੈ ਕਿ ਸਤਿਗੁਰ ਪ੍ਰਸਾਦਿ ਲਿਖਣ ਨਾਲ ਇਹ ਅਹਿਸਾਸ ਕਰਦੇ, ਕਰਾਉਂਦੇ ਹਾਂ ਕਿ ਗੁਰੂ, ਸਤਿਗੁਰ ਸਨ, ਭਾਵ ਉਹਨਾਂ ਨੂੰ ਸੱਚ ਦੀ ਸੋਝੀ, ਸੱਚਾ ਜੀਵਨ ਅਤੇ ਉਹ ਜਗਿਆਸੂ ਨੂੰ ਸੱਚ ਦੇ ਮਾਰਗ, ਭਾਵ ਸਚਿਆਰਾ ਹੋਣ (ਜਿਹੜਾ ਸਿੱਖ ਧਰਮ ਦਾ ਮੁੱਖ ਫ਼ਲਸਫ਼ਾ ਹੈ) ਦੇ ਰਾਹ 'ਤੇ ਤੋਰਨ ਦੇ ਸਮਰੱਥ ਸਨ।

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦਾ 'ਗੁਰਬਾਣੀ ਗਿਆਨ', 'ਚ, Punjab Times vol 20, Issue 3 ; January 19, 2019: ਗੁਰ ਅਰਜਨ ਦੇਵ ਜੀ ਦੀ ਸ਼ਬਦ ਦੀ ਰਹਾਉ (ਗੁਰਿ ਪੂਰੈ ਲੀਓ ਸਮਝਾਇ।। ਰਹਾਉ।।) ਦੀ ਪੰਕਤੀ ਵਿਚੋਂ ਇਕ ਹੋਰ ਹਵਾਲਾ ਇਥੇ ਪ੍ਰਸੰਗਿਕ ਹੈ;

ਪ੍ਰਭ ਕੀ ਆਗਿਆ ਲਗੀ ਪਿਆਰੀ
ਸਤਿਗੁਰ ਪ੍ਰਸਾਦਿ
ਰਾਮਕਲੀ ਮਹਲਾ ੫
ਕਰਿ ਕਿਰਪਾ ਰਾਖਿਓ ਗੁਰਿ ਸਰਨਾ।।
ਗੁਰਿ ਪਕਰਾਏ ਹਰਿ ਕੇ ਚਰਨਾ।।
ਬੀਸ ਬਿਸੁਏ ਜਾ ਮਨ ਠਹਰਾਨੇ।।
ਗੁਰ ਪਾਰਬ੍ਰਹਮ ਏਕੈ ਹੀ ਜਾਨੇ।।

ਹੇ ਭਾਈ, ਗੁਰੂ ਨੇ ਮਿਹਰ ਕਰਕੇ ਮੈਨੂੰ ਆਪਣੀ ਸ਼ਰਨ ਵਿਚ ਰੱਖਿਆ ਹੋਇਆ ਹੈ। ਗੁਰੂ ਨੇ ਮਿਹਰ ਕਰਕੇ ਮਿਹਰਬਾਨ ਪ੍ਰਭੂ ਦੇ ਚਰਨ ਮੈਨੂੰ ਫੜਾ ਦਿਤੇ ਹਨ। ਬੀਸ ਬਿਸੁਏ ਭਾਵ ਪੂਰੀ ਤਰ੍ਹਾਂ, ਹੁਣ ਜਦੋਂ ਮੇਰਾ ਮਨ ਪੂਰੀ ਤਰ੍ਹਾਂ ਟਿਕ ਗਿਆ ਹੈ, ਤਾਂ ਮੈਨੂੰ ਗੁਰੂ ਅਤੇ ਪਰਮਾਤਮਾ ਵਿਚ ਕੋਈ ਫਰਕ ਨਹੀਂ ਦਿਸਦਾ। ਦੋਵੇਂ ਇਕੋ ਰੂਪ ਹੀ ਹਨ।

ਭਾਵ ਗੁਰੂ ਅਰਜਨ ਦੇਵ ਜੀ ਦੇ ਸਤਿਗੁਰ ਗੁਰੂ ਰਾਮ ਦਾਸ ਜੀ ਨੇ ਉਹਨਾਂ ਨੂੰ ਪਰਮਾਤਮਾ ਨਾਲ ਅਭੇਦ ਕਰ ਸਤਿਗੁਰ ਬਣਾਇਆ।

ਸਤਿ ਗੁਰ ਪ੍ਰਸਾਦਿ - ਗੁਰੂ ਨਾਨਕ ਨੇ 'ਸਤਿ ਤੇ ਗੁਰੂ' ਵੱਖਰਾ ਇਸ ਲਈ ਲਿਖਿਆ ਕਿ ਉਹਨਾਂ ਦਾ ਕੋਈ ਜੀਵ ਗੁਰੂ ਨਹੀਂ ਸੀ। ਉਹਨਾਂ ਲਈ ਸਤਿ ਹੀ ਗੁਰੂ, ਗੁਰੂ ਹੀ ਸਤਿ ਸੀ, ਭਾਵ ਉਹਨਾਂ ਨੂੰ ਗਿਆਨ ਧੁਰ-ਸਤਿ ਕੀ ਬਾਣੀ ਰਾਹੀਂ ਹੋਇਆ।

ਗੱਲ ਸਮਝਣ-ਸਮਝਾਉਣ ਵਾਸਤੇ, ਸਾਇੰਸਦਾਨ ਆਈਨਸਟਾਈਨ ਦੀ ਉਦਾਹਰਨ ਵੀ ਵਿਚਾਰਦੇ ਸਕਦੇ ਹਾਂ। ਆਈਨਸਟਾਈਨ ਨੇ ਬਹੁਤ ਕਾਢਾਂ ਕੱਢੀਆਂ, ਉਸ ਦਾ ਕੋਈ ਅਜਿਹਾ ਮਾਸਟਰ ਸਾਹਮਣੇ ਨਹੀਂ ਆਇਆ ਜਿਸ ਤੋਂ ਇਹ ਸਮਝਿਆ ਜਾ ਸਕੇ ਕਿ ਆਈਨਸਟਾਈਨ ਨੂੰ ਉਹ ਕਾਢਾਂ ਕੱਢਣ ਲਈ ਉਸ ਨੇ ਸਮਰੱਥ ਕੀਤਾ ਸੀ। ਸਭ ਦੀ ਸੋਚ ਏਥੇ ਆ ਕੇ ਹੀ ਰੁਕ ਜਾਂਦੀ ਹੈ ਕਿ ਇਹ ਪਰਮਾਤਮਾ ਦੀ ਦੇਣ ਹੈ। ਉਸ ਦੀ ਮੌਤ ਤੋਂ ਬਾਅਦ, ਉਸ ਦਾ ਦਿਮਾਗ ਕੱਢ ਕੇ ਦੇਖਿਆ ਗਿਆ, ਜੋ ਆਮ ਨਾਲੋਂ ਵੱਖਰਾ ਸੀ; ਸਾਂਭ ਕੇ ਰੱਖਿਆ ਗਿਆ, ਸ਼ਇਦ ਰੱਬ ਦੀ ਭਾਲ ਵਾਸਤੇ।

ਗੁਰੂ ਨਾਨਕ ਸਾਹਿਬ ਨੂੰ ਗਿਆਨ ਧੁਰ ਕੀ ਬਾਣੀ ਰਾਹੀਂ ਹੋਇਆ। ਪਰਮਾਤਮਾ ਨੇ ਹੀ ਆਪਣੇ ਨਾਲ ਅਭੇਦ ਕਰ ਸਤਿਗੁਰ ਬਣਾਇਆ। ਉਨ੍ਹਾਂ ਦਾ ਸਤਿ ਤੋਂ ਇਲਾਵਾ ਕੋਈ ਦੁਜਾ ਗੁਰੂ ਨਹੀਂ ਸੀ।

ਇਸ ਤਰ੍ਹਾਂ ਸਤਿਗੁਰ ; ਸਚਿਆਰ, ਪ੍ਰਮਾਤਮਾ ਨਾਲ ਅਭੇਦ, ਪੂਰਾ ਗੁਰੂ ਹੈ। ਇਸ ਵਿਚ ਹੀ ਸਿੱਖੀ ਦਾ ਫ਼ਲਸਫਾ ਸਮੋਇਆ ਹੈ।

# ਪੰਜਾਬ ਵਿਧਾਨ ਸਭਾ ਦੀਆਂ ਉਪ ਚੋਣਾਂ ਲਈ ਕਮਰਕੱਸੇ

**ਗੁਰਮੀਤ ਸਿੰਘ ਪਲਾਹੀ**



ਪੰਜਾਬ ਵਿਚ ਜਲਾਲਾਬਾਦ, ਫਗਵਾੜਾ ਅਤੇ ਦਾਖਾ ਦੀਆਂ ਵਿਧਾਨ ਸਭਾ ਚੋਣਾਂ ਉਸ ਵੇਲੇ ਹੋਣ ਦੀ ਸੰਭਾਵਨਾ ਹੈ, ਜਦੋਂ ਗੁਆਂਢੀ ਸੂਬੇ ਹਰਿਆਣਾ ਦੀਆਂ ਜਨਰਲ ਵਿਧਾਨ ਸਭਾ ਚੋਣਾਂ ਅਕਤੂਬਰ 2019 ਵਿੱਚ ਹੋਣ ਦੀ ਗੱਲ ਸਾਹਮਣੇ ਆ ਰਹੀ ਹੈ। ਪੰਜਾਬ ਵਿੱਚ ਭਾਵੇਂ ਹੋਰ ਕੁਝ ਹਲਕਿਆਂ ਵਿੱਚ ਵੀ ਵਿਧਾਨ ਸਭਾ ਮੈਂਬਰਾਂ, ਜਿਨ੍ਹਾਂ ਵਿੱਚ ਸੁਖਪਾਲ ਸਿੰਘ ਖਹਿਰਾ ਵੀ ਸ਼ਾਮਲ ਹਨ, ਨੇ ਵਿਧਾਇਕੀ ਤੋਂ ਅਸਤੀਫ਼ੇ ਦਿੱਤੇ ਹੋਏ ਹਨ, ਪਰ ਉਹ ਸੀਟਾਂ ਖਾਲੀ ਐਲਾਨ ਨਹੀਂ ਕੀਤੀਆਂ ਗਈਆਂ। ਕੁਝ ਦਿਨ ਪਹਿਲਾਂ ਮੁਕੇਰੀਆਂ ਤੋਂ ਕਾਂਗਰਸੀ ਵਿਧਾਇਕ ਰਜਨੀਸ਼ ਕੁਮਾਰ ਬੱਬੀ ਦੀ ਮੌਤ ਹੋ ਗਈ, ਉਹ ਸੀਟ ਵੀ ਖ਼ਾਲੀ ਹੋ ਗਈ ਹੈ। ਹੋ ਸਕਦਾ ਹੈ ਇਹ ਜ਼ਿਮਨੀ ਚੋਣ ਵੀ ਇਹਨਾਂ ਤਿੰਨਾਂ ਚੋਣਾਂ ਦੇ ਨਾਲ ਹੀ ਹੋ ਜਾਵੇ।

ਕੁੱਲ ਮਿਲਾਕੇ ਪੰਜਾਬ ਵਿਧਾਨ ਸਭਾ ਦੀਆਂ 117 ਸੀਟਾਂ ਹਨ ਅਤੇ ਕਾਂਗਰਸ ਪਾਰਟੀ ਕੋਲ ਪੂਰਨ ਬਹੁਮਤ ਹਾਸਲ ਹੈ ਅਤੇ ਉਸ ਦੇ 77 ਵਿਧਾਇਕ ਹਨ ਜਿਨ੍ਹਾਂ ਵਿਧਾਨ ਸਭਾ ਹਲਕਿਆਂ ਦੀ ਚੋਣ ਹੋਣੀ ਹੈ, ਉਸ ਵਿੱਚੋਂ ਜਲਾਲਾਬਾਦ ਸੀਟ, (ਜੋ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੇ ਐਮ.ਪੀ. ਚੁਣੇ ਜਾਣ ਕਾਰਨ ਖ਼ਾਲੀ ਹੋਈ ਅਤੇ ਦਾਖਾ ਸੀਟ ਜੋ ਐਚ. ਐਸ. ਫੂਲਕਾ ਦੇ ਅਸਤੀਫ਼ੇ ਕਾਰਨ ਖ਼ਾਲੀ ਹੋਈ, ਜਨਰਲ ਹਲਕੇ ਹਨ ਅਤੇ ਫਗਵਾੜਾ ਸੀਟ ਰਿਜ਼ਰਵ ਹੈ, ਜੋ ਸੋਮ ਪ੍ਰਕਾਸ਼ (ਭਾਜਪਾ) ਐਮ.ਪੀ. ਚੁਣੇ ਜਾਣ ਕਾਰਨ ਖ਼ਾਲੀ ਹੋਈ ਹੈ। ਸੋਮ ਪ੍ਰਕਾਸ਼ ਇਸ ਸਮੇਂ ਕੇਂਦਰ ਵਿੱਚ ਰਾਜ ਮੰਤਰੀ ਹਨ।

2017 ਦੀ ਪੰਜਾਬ ਵਿਧਾਨ ਸਭਾ ਚੋਣ ਵੇਲੇ 'ਆਪ' ਪਾਰਟੀ ਦੇ ਦਾਖਾ ਜਨਰਲ ਹਲਕੇ ਤੋਂ ਆਪ ਉਮੀਦਵਾਰ ਐਚ.ਐਸ. ਫੂਲਕਾ 40 ਫੀਸਦੀ ਤੋਂ ਵੱਧ ਵੋਟਾਂ ਲੈਕੇ ਜਿੱਤੇ ਸਨ, ਜਦਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਮੀਦਵਾਰ ਮਨਪ੍ਰੀਤ ਸਿੰਘ ਇਆਲੀ ਨੇ 37.43 ਫੀਸਦੀ ਵੋਟਾਂ ਪ੍ਰਾਪਤ ਕੀਤੀਆਂ ਸਨ। ਕਾਂਗਰਸ ਦੇ ਮੇਜਰ ਸਿੰਘ ਭੈਣੀ 20 ਫੀਸਦੀ ਦੇ ਲਗਭਗ ਵੋਟਾਂ ਲੈਕੇ ਤੀਜੇ ਨੰਬਰ ਤੇ ਰਹੇ ਸਨ, ਇਥੋਂ 6 ਹੋਰ ਉਮੀਦਵਾਰਾਂ ਜਿਨ੍ਹਾਂ ਵਿਚ ਬਸਪਾ ਦਾ ਉਮੀਦਵਾਰ ਵੀ ਸ਼ਾਮਲ ਨੇ, ਚੋਣ ਲੜੀ ਸੀ, ਪਰ ਕੋਈ ਵੀ ਉਮੀਦਵਾਰ 1000 ਤੋਂ ਵੱਧ ਵੋਟਾਂ ਨਹੀਂ ਲੈਕੇ ਜਾ ਸਕਿਆ ਸੀ।

ਜਲਾਲਾਬਾਦ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਸੁਖਬੀਰ ਸਿੰਘ ਬਾਦਲ 2017 ਵਿੱਚਲੀਆਂ ਵਿਧਾਨ ਸਭਾ ਚੋਣਾਂ ਸਮੇਂ ਜਿੱਤੇ ਸਨ। ਉਹਨਾ ਨੇ ਇਸ ਹਲਕੇ ਤੋਂ 2009, 2012 ਵਿੱਚ ਵੀ ਇਥੋਂ ਹੀ ਚੋਣ ਜਿੱਤੀ ਸੀ। ਸੁਖਬੀਰ ਸਿੰਘ ਬਾਦਲ ਨੇ 75,271 ਵੋਟਾਂ, ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਨੇ 56,771 ਵੋਟਾਂ ਅਤੇ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਨੇ 31,539 ਵੋਟਾਂ ਪ੍ਰਾਪਤ ਕੀਤੀਆਂ। ਹੋਰ 7 ਉਮੀਦਵਾਰ ਮੈਦਾਨ ਵਿੱਚ ਸਨ, ਸਿਰਫ਼ ਇੱਕ ਉਮੀਦਵਾਰ ਜੋ ਕਮਿਊਨਿਸਟ ਪਾਰਟੀ ਨਾਲ ਸਬੰਧਤ ਸੀ 1,743 ਵੋਟਾਂ ਪ੍ਰਾਪਤ ਕਰ ਗਿਆ, ਬਾਕੀ 6 ਉਮੀਦਵਾਰ 700 ਵੋਟਾਂ ਪ੍ਰਤੀ ਤੋਂ ਵੱਧ ਵੋਟਾਂ ਨਾ ਲੈ ਸਕੇ।

ਫਗਵਾੜਾ ਰਿਜ਼ਰਵ ਹਲਕੇ ਤੋਂ ਭਾਜਪਾ ਦੇ ਸੋਮ ਪ੍ਰਕਾਸ਼ ਨੂੰ 45,479 ਵੋਟਾਂ, ਜੋਗਿੰਦਰ ਸਿੰਘ ਮਾਨ ਨੂੰ 43,470 ਵੋਟਾਂ ਅਤੇ ਆਮ ਆਦਮੀ ਪਾਰਟੀ ਦੇ ਜਰਨੈਲ ਜੰਗਲ ਨੂੰ 32,374 ਵੋਟਾਂ ਮਿਲੀਆਂ ਸਨ। ਬਸਪਾ ਦਾ ਉਮੀਦਵਾਰ ਸੁਰਿੰਦਰ ਢੰਡਾ 6,160 ਵੋਟਾਂ ਲੈ ਗਿਆ, ਜਦਕਿ ਬਾਕੀ ਹੋਰ ਤਿੰਨ ਉਮੀਦਵਾਰ 500 ਵੋਟਾਂ ਪ੍ਰਤੀ ਤੋਂ ਵੱਧ ਨਾ ਲੈ ਸਕੇ।

ਮੁਕੇਰੀਆਂ ਵਿਧਾਨ ਸਭਾ ਤੋਂ ਕਾਂਗਰਸੀ ਰਜਨੀਸ਼ ਕੁਮਾਰ ਬੱਬੀ 56,787 ਵੋਟਾਂ, ਭਾਜਪਾ ਦੇ ਅਰੁਨੇਸ਼ ਕੁਮਾਰ, 33,661 ਵੋਟਾਂ, ਲੈ ਗਏ ਜਦਕਿ ਇੱਕ ਆਜ਼ਾਦ ਉਮੀਦਵਾਰ ਜੰਗੀ ਲਾਲ ਮਹਾਜਨ 20,542 ਵੋਟਾਂ ਅਤੇ 'ਆਪ' ਪਾਰਟੀ ਦੇ ਸੁਲੱਖਣ ਸਿੰਘ ਨੇ 17,005 ਵੋਟਾਂ ਪ੍ਰਾਪਤ ਕੀਤੀਆਂ ਜਦਕਿ ਹੋਰ 6 ਉਮੀਦਵਾਰ 1300 ਪ੍ਰਤੀ ਤੋਂ ਵੱਧ ਵੋਟਾਂ ਨਾ ਲੈ ਸਕੇ।

'ਆਪ' ਪਾਰਟੀ, ਜਿਹੜੀ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਰੀ ਬਹੁਮਤ ਦੀ ਆਸ ਰੱਖਦਿਆਂ 117 ਵਿੱਚੋਂ 100 ਸੀਟਾਂ ਉਤੇ ਜਿੱਤ ਦਾ ਦਾਅਵਾ ਕਰ ਰਹੀ ਸੀ, ਉਹ ਸਿਰਫ਼ 19 ਸੀਟਾਂ ਉਤੇ ਹੀ ਜਿੱਤ ਪ੍ਰਾਪਤ ਕਰ ਸਕੀ, ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਦਰਜ਼ਾ ਹਾਸਲ ਕਰ ਗਈ ਜਦਕਿ ਅਕਾਲੀ ਦਲ ਦੇ 13 ਅਤੇ ਭਾਜਪਾ ਦੇ 2 ਸੀਟਾਂ ਹੀ ਹੱਥ ਲੱਗੀਆਂ, ਕਾਂਗਰਸ 77 ਸੀਟਾਂ ਉਤੇ ਜੇਤੂ ਰਹੀ।

2017 ਤੋਂ 2019 ਦੇ ਸਮੇਂ ਦੌਰਾਨ 'ਆਪ' ਪਾਰਟੀ ਦਾ ਸੂਬੇ ਵਿਚ ਗਰਾਫ਼ ਨਿਵਾਣਾ ਵੱਲ ਗਿਆ, ਪਾਰਟੀ ਦੋ ਤੋਂ ਵੱਧ ਧੜਿਆਂ ਵਿਚ ਵੰਡੀ ਗਈ, ਇਸ ਦੇ ਕੁਝ ਮੈਂਬਰਾਂ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਿਚ ਵੱਖਰੀ ਪਾਰਟੀ ਦਾ ਗਠਨ ਕਰ ਲਿਆ। ਕੁਝ ਵਿਧਾਨ ਸਭਾ ਮੈਂਬਰਾਂ ਆਪਣੀ ਵਿਧਾਨ ਸਭਾ ਸੀਟ ਤੋਂ ਅਸਤੀਫ਼ਾ ਦੇ ਦਿੱਤਾ ਤੇ ਕਾਂਗਰਸ ਦਾ ਲੜ ਫੜ ਲਿਆ ਹਾਲਾਂਕਿ ਵਿਧਾਨ ਸਭਾ ਪੰਜਾਬ ਦੇ ਸਪੀਕਰ ਨੇ ਉਹਨਾ ਦਾ ਅਸਤੀਫ਼ਾ ਸਮੇਤ ਸੁਖਪਾਲ ਸਿੰਘ ਖਹਿਰਾ ਦੇ ਅਸਤੀਫ਼ੇ ਦੇ ਤਕਨੀਕੀ ਖਾਮੀਆਂ ਕਾਰਨ ਹਾਲੇ ਤੱਕ ਪ੍ਰਵਾਨ ਨਹੀਂ ਕੀਤਾ। ਹੁਣ ਭਾਵੇਂ ਜ਼ਿਮਨੀ ਚੋਣਾਂ ਦਾ ਐਲਾਨ ਹੋਣਾ ਬਾਕੀ ਹੈ, ਪਰ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਪਾਰਟੀ ਨੇ ਪੰਜਾਬ ਵਿਧਾਨ ਸਭਾ ਖਾਲੀ ਸੀਟਾਂ ਉਤੋਂ ਜ਼ਿਮਨੀ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੈ, ਭਾਵੇਂ ਕਿ ਲੋਕ ਸਭਾ ਦੀਆਂ 41 ਲੋਕ ਸਭਾ ਦੀਆਂ ਚੋਣਾਂ ਵਿਚ 'ਆਪ' ਪਾਰਟੀ ਕੁਝ ਵੀ ਪ੍ਰਾਪਤ ਨਾ ਕਰ ਸਕੀ ਸਿਵਾਏ ਸੰਗਰੂਰ ਤੋਂ ਪਾਰਲੀਮੈਂਟ ਦੀ ਸੀਟ ਭਗਵੰਤ ਮਾਨ ਦੇ ਹੱਕ ਵਿਚ ਜਿੱਤਣ ਦੇ। ਪਰ ਪੰਜਾਬ ਦੀਆਂ ਮੁੱਖ ਸਿਆਸੀ ਧਿਰਾਂ ਅਕਾਲੀ ਦਲ (ਬ), ਭਾਜਪਾ, ਕਾਂਗਰਸ, ਲੋਕ ਇਨਸਾਫ ਪਾਰਟੀ ਨੇ ਹਾਲੇ ਕੋਈ ਸਰਗਰਮੀ ਕਿਸੇ ਵੀ ਹਲਕੇ ਵਿਚ ਨਹੀਂ ਆਰੰਭੀ, ਭਾਵੇਂ ਕਿ ਸਾਰੀਆਂ ਸਿਆਸੀ ਪਾਰਟੀਆਂ ਵਲੋਂ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ।

ਬਿਲਾ ਸ਼ੱਕ ਅਕਾਲੀ-ਭਾਜਪਾ, ਕਾਂਗਰਸ ਸਾਰੀਆਂ ਸੀਟਾਂ ਉਤੇ ਚੋਣ ਲੜੇਗੀ। ਅਕਾਲੀ ਦਲ ਜਲਾਲਾਬਾਦ ਅਤੇ ਦਾਖਾ ਤੋਂ ਆਪਣੇ ਉਮੀਦਵਾਰ ਖੜੇ ਕਰੇਗਾ, ਜਦਕਿ ਭਾਜਪਾ ਫਗਵਾੜਾ ਅਤੇ ਮੁਕੇਰੀਆਂ ਤੋਂ ਚੋਣ ਲੜੇਗੀ। ਜੇਕਰ ਲੋਕ ਇਨਸਾਫ ਪਾਰਟੀ, ਬਸਪਾ, 'ਆਪ' ਪਾਰਟੀ, ਸੁਖਪਾਲ ਖਹਿਰਾ ਦੀ ਪੰਜਾਬ ਏਕਤਾ ਪਾਰਟੀ, ਟਕਸਾਲੀ ਅਕਾਲੀਆਂ ਦਾ ਆਪਸੀ ਸਮਝੌਤਾ ਨਹੀਂ ਹੁੰਦਾ ਤਾਂ 'ਆਪ' ਪਾਰਟੀ ਤੇ ਬਸਪਾ ਇਹਨਾਂ ਸਾਰੀਆਂ ਸੀਟਾਂ ਤੋਂ ਇੱਕਲੇ ਤੌਰ 'ਤੇ ਚੋਣ ਤਾਂ ਲੜਨਗੀਆਂ ਹੀ, ਪਰ ਲੋਕ ਇਨਸਾਫ ਪਾਰਟੀ ਵਲੋਂ ਜੇਕਰ ਹੋਰ ਕੋਈ ਸੀਟ ਨਹੀਂ ਵੀ ਲੜੀ ਜਾਂਦੀ, ਫਗਵਾੜਾ ਤੋਂ ਜਰਨੈਲ ਨੰਗਲ ਨੂੰ ਆਪਣਾ ਉਮੀਦਵਾਰ ਉਤਾਰਿਆ ਜਾਵੇਗਾ।

ਪੰਜਾਬ ਵਿਧਾਨ ਸਭਾ ਚੋਣਾਂ 2017 ਤੋਂ ਬਾਅਦ 2019 ਦੀਆਂ ਲੋਕ ਚੋਣਾਂ ਵਿੱਚ ਕਾਂਗਰਸ ਦੇ ਹੱਕ ਤੇ ਵਿਰੋਧ ਵਿੱਚ ਕਾਫ਼ੀ ਫ਼ਰਕ ਵੇਖਣ ਨੂੰ ਮਿਲਿਆ। ਕਾਂਗਰਸ ਨੇ ਵਿਧਾਨ ਸਭਾ ਚੋਣਾਂ 2017 ਵਿਚ ਜਿਥੇ 77 ਸੀਟਾਂ ਜਿੱਤੀਆਂ, ਉਥੇ ਲੋਕ ਸਭਾ ਚੋਣਾਂ 2019 ਵਿਚ 8 ਸੀਟਾਂ ਉਤੇ ਹੀ ਜਿੱਤ ਪ੍ਰਾਪਤ ਕੀਤੀ, ਹਾਲਾਂਕਿ ਪੰਜਾਬ ਕਾਂਗਰਸ ਦਾ ਨਿਸ਼ਾਨਾ 13 ਵਿੱਚੋਂ 13 ਸੀਟਾਂ ਜਿੱਤਣ ਦਾ ਸੀ। ਸਭ ਤੋਂ ਵੱਡੀ ਹਾਰ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦੀ ਸੀ, ਜਿਹੜੇ ਇੱਕ ਐਕਟਰ ਧਰਮਿੰਦਰ ਦੇ ਬੇਟੇ ਸੰਨੀ ਦਿਉਲ ਤੋਂ ਬੁਰੀ ਤਰ੍ਹਾਂ ਹਾਰ ਗਏ। ਹੁਸ਼ਿਆਰਪੁਰ ਸੀਟ ਵਿੱਚ ਹੀ ਫਗਵਾੜਾ ਅਤੇ ਮੁਕੇਰੀਆਂ ਵਿਧਾਨ ਸਭਾ ਹਲਕੇ ਪੈਂਦੇ ਹਨ। ਜਿਹਨਾ ਵਿੱਚ ਫਗਵਾੜਾ ਵਾਲੀ 2017 ਵਿੱਚ ਸੀਟ ਭਾਜਪਾ ਦੇ ਸੋਮ ਪ੍ਰਕਾਸ਼ ਨੇ ਜਿੱਤੀ ਅਤੇ 2019 ਲੋਕ ਸਭਾ ਵਿਚ ਫਗਵਾੜਾ ਸੀਟ ਤੋਂ ਕੁਝ ਵੋਟਾਂ ਦੇ ਫ਼ਰਕ ਨਾਲ ਹੇ ਜਿੱਤੇ ਜਦਕਿ ਮੁਕੇਰੀਆਂ ਵਿਚ ਕਾਂਗਰਸ ਉਮੀਦਵਾਰ 2017 ਵਿਚ ਜੇਤੂ ਰਿਹਾ, ਪਰ 2019 ਵਿਚ ਮੁਕੇਰੀਆਂ ਵਿੱਚ ਭਾਜਪਾ ਦੇ ਉਮੀਦਵਾਰ ਸੋਮ ਪ੍ਰਕਾਸ਼ ਨੇ ਇਸ ਵਿਧਾਨ ਸਭਾ ਸੀਟ ਤੋਂ ਵੀ ਲੀਡ ਲੈ ਲਈ। ਇੰਜ ਭਾਜਪਾ ਇਹਨਾ ਦੋਹਾਂ ਸੀਟਾਂ ਉਤੇ ਉਪ ਚੋਣਾਂ ਵਿੱਚ ਚੰਗੀ ਕਾਰਗੁਜ਼ਾਰੀ ਦੀ ਆਸਵੰਦ ਹੈ। ਜਲਾਲਾਬਾਦ ਤੋਂ ਸ਼੍ਰੋਮਣੀ ਅਕਾਲੀ ਦਲ ਚੰਗੇ ਉਮੀਦਵਾਰ ਨਾਲ ਚੋਣ ਲੜੇਗਾ ਜਦਕਿ ਦਾਖਾ ਤੋਂ ਮਨਪ੍ਰੀਤ ਸਿੰਘ ਇਯਾਲੀ ਅਕਾਲੀ ਦਲ ਲਈ ਦੁਬਾਰਾ ਟੱਕਰ ਦੇ ਸਕਦਾ ਹੈ।

ਕਾਂਗਰਸ ਖ਼ਾਸ ਕਰਕੇ ਅਮਰਿੰਦਰ ਸਿੰਘ ਮੁੱਖ ਮੰਤਰੀ ਲਈ ਇਹ ਪਰਖ਼ ਦੀ ਘੜੀ ਹੈ। ਭਾਵੇਂ ਕਿ ਸੂਬੇ ਵਿੱਚ ਵਿਰੋਧੀ ਧਿਰ ਵਿੱਖਰੀ ਪਈ ਹੈ। ਬਹੁਤੀਆਂ ਸਿਆਸੀ ਪਾਰਟੀਆਂ ਸਮੇਤ ਕੌਮੀ ਪੱਧਰ ਤੇ ਦੇਸ਼ ਉਤੇ ਰਾਜ ਕਰਨ ਵਾਲੀ ਭਾਜਪਾ, ਪੰਜਾਬ ਵਿੱਚ ਕਈ ਧੜਿਆਂ ਵਿਚ ਵੰਡੀ ਪਈ ਹੈ। ਇਸਦੇ ਪੰਜਾਬ ਵਿਚਲੇ ਨੇਤਾ ਇੱਕ-ਦੂਜੇ ਵਿਰੁੱਧ ਜਦੋਂ ਵੀ ਮੌਕਾ ਮਿਲਦਾ ਹੈ ਭੜਾਸ ਕੱਢਦੇ ਰਹਿੰਦੇ ਹਨ। ਅਕਾਲੀ ਦਲ (ਬ) ਨੇ ਜ਼ਮੀਨੀ ਪੱਧਰ 'ਤੇ ਖ਼ਾਸ ਕਰਕੇ ਪਿੰਡਾਂ ਵਿੱਚ ਆਪਣਾ ਆਧਾਰ ਗੁਆ ਲਿਆ ਹੈ। ਇਸਦੇ ਬਹੁ-ਗਿਣਤੀ ਵੱਡੇ ਨੇਤਾ, ਸਿਆਸਤ ਛੱਡ ਚੁੱਕੇ ਹਨ। ਸਿੱਟੇ ਵਜੋਂ ਉਹ ਲੋਕਾਂ ਤੋਂ ਦੂਰੀ ਬਣਾ ਬੈਠੇ ਹਨ। ਦਸ ਵਰ੍ਹਿਆਂ ਦੇ ਅਕਾਲੀ-ਭਾਜਪਾ ਰਾਜ ਨੇ (ਖ਼ਾਸ ਕਰਕੇ ਅਕਾਲੀਆਂ ਨੂੰ ) ਲੋਕਾਂ ਵਿੱਚ ਬਹੁਤ ਬਦਨਾਮ ਕੀਤਾ ਹੈ। ਰਾਮ ਰਹੀਮ ਸਿੰਘ ਸੱਚਾ ਸੌਦਾ ਬਾਬੇ ਨਾਲ 'ਬਾਦਲ ਪਰਿਵਾਰ' ਦੀ ਨੇੜਤਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇ-ਹੁਰਮਤੀ ਦੀਆਂ ਘਟਨਾਵਾਂ ਨੇ ਅਕਾਲੀ ਦਲ ਬਾਦਲ ਨੂੰ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਵੇਲੇ ਆਪੋਜੀਸ਼ਨ ਦਾ ਦਰਜਾ ਵੀ ਉਸ ਕੋਲ ਨਹੀਂ ਰਹਿਣ ਦਿੱਤਾ। ਪਰ ਇਸ ਸਭ ਕੁਝ ਦੇ ਬਾਵਜੂਦ ਕਾਂਗਰਸ ਦੀ ਸਥਿਤੀ ਜ਼ਿਮਨੀ ਚੋਣਾਂ ਸਮੇਂ ਬਹੁਤੀ ਸੁਖਾਵੀਂ ਨਹੀਂ। ਫਗਵਾੜਾ ਅਤੇ ਮੁਕੇਰੀਆਂ ਵਿੱਚ ਭਾਜਪਾ ਨਾਲ ਉਸਦੀ ਸਿੱਧੀ ਟੱਕਰ ਤਾਂ ਹੋਏਗੀ ਹੀ, ਪਰ ਕਾਂਗਰਸੀ ਧਿਰ ਦੇ ਨੇਤਾ ਧੜਿਆਂ ਵਿਚ ਵੰਡੇ ਹੋਣ ਕਾਰਨ ਇਕਮੁੱਠ ਰਹਿਕੇ ਕੈਪਟਨ ਦੀ ਲੀਡਰਸ਼ਿਪ ਨੂੰ ਮਜ਼ਬੂਤ ਕਰਨਗੇ ਜਾਂ ਫਿਰ ਇੱਕ ਦੂਜੇ ਨੂੰ ਹਰਾਉਣਗੇ। ਇਹ ਇੱਕ ਵੱਡਾ ਸਵਾਲ ਹੈ।

ਫਗਵਾੜਾ ਵਿੱਚ ਕਾਂਗਰਸ ਦੇ ਦੋ ਧੜੇ ਹਨ ਜਿਹੜੇ ਵਾਹ ਲੱਗਦਿਆਂ ਪਿਛਲੀਆਂ ਚੋਣਾਂ ਵਿਚ ਇੱਕ ਦੂਜੇ ਨੂੰ ਹਰਾਉਂਦੇ ਰਹੇ ਹਨ ਤੇ ਵਿਰੋਧੀ ਧਿਰ ਨੂੰ ਵੋਟਾਂ ਪਾਉਂਦੇ ਰਹੇ ਹਨ। ਭਾਜਪਾ ਦੇ ਵੀ ਦੋ ਧੜੇ ਹਨ ਜਿਹੜੇ ਇੱਕ ਦੂਜੇ ਨੂੰ ਠਿੱਬੀ ਲਾਉਣ ਵਿਚ ਕੋਈ ਕਸਰ ਨਹੀਂ ਛੱਡਦੇ। ਮੁਕੇਰੀਆਂ ਵਿੱਚ ਵੀ ਹਾਲਾਤ ਲਗਭਗ ਇਹੋ ਜਿਹੇ ਜਾਪਦੇ ਹਨ। ਜਲਾਲਾਬਾਦ ਸੀਟ ਉਤੇ ਕਾਂਗਰਸ ਅਤੇ ਅਕਾਲੀਆਂ ਦੀ ਟੱਕਰ ਦਿਲਚਸਪ ਹੋਏਗੀ, ਪਰ ਇਹਨਾਂ ਦੋਹਾਂ ਸੀਟਾਂ ਵਿੱਚੋਂ ਜਲਾਲਾਬਾਦ ਹੀ ਇੱਕ ਇਹੋ ਜਿਹੀ ਸੀਟ ਹੈ, ਜਿਥੇ 'ਆਪ' ਪਾਰਟੀ ਆਪਣੀ ਚੰਗੀ ਹੋਂਦ ਦਰਸਾ ਸਕਦੀ ਹੈ। ਦਾਖਾ ਵਿੱਚ ਐਡਵੋਕੇਟ ਫੂਲਕਾ ਕਾਰਨ 'ਆਪ' ਪਾਰਟੀ ਜਿੱਤੀ ਸੀ, ਅਤੇ ਕਾਂਗਰਸ ਤੀਜੇ ਨੰਬਰ ਉਤੇ ਸੀ, ਪਰ ਐਤਕਾਂ ਦਾਖੇ ਵਿਚ ਕਾਂਗਰਸ ਤੇ ਅਕਾਲੀਆਂ ਦੀ ਟੱਕਰ ਦਿਲਚਸਪ ਰਹੇਗੀ।

ਕਾਂਗਰਸ ਸਰਕਾਰ ਦੀ ਪਿਛਲੇ ਲਗਭਗ ਢਾਈ ਸਾਲਾਂ ਦੇ ਕਾਰਜਕਾਲ ਨੂੰ ਬਹੁਤਾ ਸਤੁੰਸ਼ਟ ਨਹੀਂ ਕਿਹਾ ਜਾ ਸਕਦਾ। ਪੰਚਾਇਤਾਂ ਦੀਆਂ ਚੋਣਾਂ ਬਹੁਤ ਮੁਸ਼ਕਲ ਨਾਲ ਸਰਕਾਰ ਕਰਵਾ ਸਕੀ ਪਰ ਵਿਕਾਸ ਫੰਡ ਉਹਨਾ ਨੂੰ ਨਹੀਂ ਮਿਲ ਰਹੇ। ਬਲਾਕ ਸੰਮਤੀਆਂ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਹੋ ਗਈਆਂ, ਪਰ ਉਹਨਾ ਦੇ ਆਹੁਦੇਦਾਰ ਨਹੀਂ ਚੁਣੇ ਜਾ ਰਹੇ ਬਾਵਜੂਦ ਇਸਦੇ ਕਿ ਇਹਨਾ ਵਿੱਚ ਵੱਡੀ ਗਿਣਤੀ ਕਾਂਗਰਸ ਆਗੂ ਹੀ ਚੇਅਰਮੈਨ, ਉਪ ਚੇਅਰਮੈਨ ਬਣਨੇ ਹਨ। ਬੋਰਡਾਂ, ਕਾਰਪੋਰੇਸ਼ਨਾਂ, ਮਾਰਕੀਟ ਕਮੇਟੀਆਂ ਦੇ ਚੇਅਰਮੈਨ ਲਗਾਉਣ ਲਈ ਸਰਕਾਰ ਵਲੋਂ ਕੋਈ ਫੁਰਤੀ ਨਹੀਂ ਵਿਖਾਈ ਜਾ ਰਹੀ, ਸਿੱਟੇ ਵਲੋਂ ਕਾਂਗਰਸੀ ਵਰਕਰ ਅਤੇ ਨੇਤਾ ਨਿਰਾਸ਼ ਹਨ। ਕਿਸਾਨ ਕਰਜ਼ਿਆਂ ਦੀ ਮੁਆਫ਼ੀ ਦਾ ਕੰਮ ਅੱਧ ਵਿਚਾਲੇ ਲਟਕਿਆ ਪਿਆ ਹੈ। ਪੰਜਾਬ ਦੇ ਮੁਲਾਜ਼ਮਾਂ ਦੀਆਂ ਚਿਰ ਪੁਰਾਣੀਆਂ ਮੰਗਾਂ ਪ੍ਰਤੀ ਸਰਕਾਰ ਦੀ ਅਣਦੇਖੀ, ਮੁਲਾਜ਼ਮਾਂ ਨੂੰ ਖਟਕ ਰਹੀ ਹੈ ਅਤੇ ਉਹ ਉਪ ਚੋਣਾਂ ਵਿਚ ਸਰਕਾਰ ਨੂੰ ਝਟਕਾ ਦੇਣ ਦੇ ਰੌਅ ਵਿੱਚ ਹਨ। ਹਾਂ, ਸਰਬੱਤ ਸਿਹਤ ਬੀਮਾ ਯੋਜਨਾ ਲਾਗੂ ਕਰਨ ਨੇ ਕਾਂਗਰਸ ਸਰਕਾਰ ਨੂੰ ਕੁਝ ਸ਼ਾਬਾਸ਼ੀ ਜ਼ਰੂਰ ਦੁਆਈ ਹੈ। ਪਰ ਨਸ਼ਿਆਂ ਦਾ ਪੰਜਾਬ ਵਿਚਲਾ ਪ੍ਰਕੋਪ, ਹੜ੍ਹ ਪੀੜਤਾਂ ਦੀ ਸਹਾਇਤਾ ਸਰਕਾਰ ਪ੍ਰਤੀ ਨਾਕਾਮੀ ਨੇ ਕਾਂਗਰਸ ਸਰਕਾਰ ਨੂੰ ਲੋਕਾਂ ਤੋਂ ਦੂਰ ਕੀਤਾ ਹੈ। ਇਸਦਾ ਵੱਡਾ ਪ੍ਰਭਾਵ ਚੋਣਾਂ 'ਤੇ ਪਏਗਾ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਜਿਸ ਧਿਰ ਦੀ ਸਰਕਾਰ ਹੋਵੇ, ਉਹੀ ਧਿਰ ਜ਼ਿਮਨੀ ਚੋਣਾਂ ਸੀਟਾਂ ਜਿੱਤ ਜਾਂਦੀ ਹੈ। ਪਰ ਇਸ ਵੇਲੇ ਪੰਜਾਬ ਵਿੱਚ ਕਾਂਗਰਸ ਅਤੇ ਕੇਂਦਰ ਵਿਚ ਭਾਜਪਾ ਹੈ , ਜੋ ਕਿ ਪੰਜਾਬ ਵਿਚ ਵਿਰੋਧੀ ਧਿਰ ਵਿਚ ਬੈਠੀ ਹੈ, ਹੋਣ ਕਾਰਨ ਸਰਕਾਰੀ ਅਫ਼ਸਰ ਵੀ ਕਿਸੇ ਧਿਰ ਦੀ ਪ੍ਰਤੱਖ ਮਦਦ ਨਹੀਂ ਕਰਨਗੇ। ਉਂਜ ਪੰਜਾਬ ਵਿਚਲੇ ਹਾਲਤਾਂ, ਜਿਥੇ ਵਿਰੋਧੀ ਧਿਰ ਕਾਫ਼ੀ ਕਮਜ਼ੋਰ ਹੈ, ਪੰਜਾਬ ਦੀ ਕਾਂਗਰਸ ਅਤੇ ਸਰਕਾਰ ਇਸਦਾ ਫਾਇਦਾ ਚੁਕੇਗੀ ਅਤੇ ਇਹਨਾ ਚਾਰਾਂ ਵਿਚੋਂ ਬਹੁਤੀਆਂ ਸੀਟਾਂ ਆਪਣੇ ਹੱਕ ਵਿੱਚ ਜਿੱਤ ਲਵੇਗੀ।

## ਪੁਲੀਸ ਨੇ ਬਾਦਲਾਂ ਦੀ ਰਿਹਾਇਸ਼ ਦਾ ਘਿਰਾਓ ਨਾ ਕਰਨ ਦਿੱਤਾ

**ਲੰਬੀ/ਏਟੀ ਨਿਊਜ਼** :ਗੁਰੂ ਰਵਿਦਾਸ ਮੰਦਰ ਤੋੜਨ ਖ਼ਿਲਾਫ਼ ਸੰਤ ਸਮਾਜ, ਸਾਧੂ ਸੰਪਰਦਾ ਸੁਸਾਇਟੀ ਦੀ ਅਗਵਾਈ ਹੇਠ 'ਬਹੁਜਨ ਫਰੰਟ ਪੰਜਾਬ ਦੇ ਹਜ਼ਾਰਾਂ ਕਾਰਕੁਨ ਅਤੇ ਆਗੂ ਪਿੰਡ ਬਾਦਲ ਵਿਚ ਬਾਦਲਾਂ ਦੀ ਰਿਹਾਇਸ਼ ਦਾ ਘਿਰਾਓ ਕਰਨ ਪੁੱਜੇ, ਜਿਨ੍ਹਾਂ ਨੂੰ ਪੁਲੀਸ ਨੇ ਸਫ਼ਲ ਨਾ ਹੋਣ ਦਿੱਤਾ। ਪੁਲੀਸ ਨੇ ਮੁਜ਼ਾਹਰਾਕਾਰੀਆਂ ਨੂੰ ਗੱਗੜ ਚੌਕ ਤੇ ਹੀ ਰੋਕ ਲਿਆ। ਡਿਪਟੀ ਕਮਿਸ਼ਨਰ ਦੇ ਨਾ ਪੁੱਜਣ ਤੇ ਫਰੰਟ ਨੇ ਪੰਜਾਬ ਪੱਧਰ ਤੇ ਜ਼ਿਲ੍ਹਾ ਪ੍ਰਸ਼ਾਸਨ ਖ਼ਿਲਾਫ਼ ਮੋਰਚਾ ਖੋਲ੍ਹਦਿਆਂ 2 ਤੋਂ 7 ਸਤੰਬਰ ਤੱਕ ਡਿਪਟੀ ਕਮਿਸ਼ਨਰ ਦਫ਼ਤਰਾਂ ਮੂਹਰੇ ਰੋਜ਼ਾਨਾ ਭੁੱਖ ਹੜਤਾਲ ਕਰਨ ਦਾ ਐਲਾਨ ਕਰ ਦਿੱਤਾ। 8 ਸਤੰਬਰ ਤੋਂ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਤੇ ਪੰਜਾਬ ਭਾਜਪਾ ਦੇ ਸ਼ਵੇਤ ਮਲਿਕ ਦੇ ਘਿਰਾਓ ਦੀ ਚਿਤਾਵਨੀ ਦੇ ਦਿੱਤੀ। ਇਸ ਮੌਕੇ ਸਾਧੂ ਸੰਪਰਦਾ ਸੁਸਾਇਟੀ ਦੇ ਚੇਅਰਮੈਨ ਬਾਬਾ ਮਹਿੰਦਰਪਾਲ ਪੰਡਵਾਂ ਅਤੇ ਬਾਬਾ ਕ੍ਰਿਸ਼ਨ ਨਾਥ ਨੇ ਕਿਹਾ ਕਿ ਕੇਂਦਰ ਸਰਕਾਰ ਤੁਰੰਤ ਗੁਰੂ ਰਵਿਦਾਸ ਮੰਦਰ ਦੇ ਪੁਨਰ ਨਿਰਮਾਣ ਦਾ ਫ਼ੈਸਲਾ ਕਰੇ। 'ਬਹੁਜਨ ਫ਼ਰੰਟ' ਪੰਜਾਬ ਦੇ ਆਗੂ ਸੁਖਵਿੰਦਰ ਕੋਟਲੀ, ਕੁਲਵੰਤ ਸਿੰਘ ਟਿੱਬਾ, ਬਸਪਾ ਹਲਕਾ ਬਠਿੰਡਾ ਦੇ ਇੰਚਾਰਜ ਸੁਰੇਸ਼ ਰਾਹੀ ਨੇ ਕਿਹਾ ਕਿ ਜੇ ਕੇਂਦਰ ਸਰਕਾਰ ਨੇ ਮਸਲੇ ਦਾ ਹੱਲ ਨਾ ਕੀਤਾ ਤਾਂ ਦਲਿਤ ਭਾਈਚਾਰਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਬਠਿੰਡਾ ਫੇਰੀ ਮੌਕੇ ਉਨ੍ਹਾਂ ਦਾ ਘਿਰਾਓ ਕਰੇਗਾ।

## ਸਿੱਖਾਂ ਨੂੰ ਸਾਜ਼ਿਸ਼ ਤਹਿਤ ਦਬਾਅ ਰਹੀਆਂ ਨੇ ਬ੍ਰਾਹਮਣਵਾਦੀ ਤਾਕਤਾਂ : ਭਾਈ ਰਣਜੀਤ ਸਿੰਘ

**ਪਾਇਲ/ਏਟੀ ਨਿਊਜ਼ :**
ਜੇਕਰ ਸਿੱਖਾਂ ਦੇ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਹਿੰਦੂ ਧਰਮ ਦੀ ਰੱਖਿਆ ਲਈ ਦਿੱਲੀ ਦੇ ਚਾਂਦਨੀ ਚੌਕ ਵਿੱਚ ਆਪਣੀ ਲਾਸਾਨੀ ਸ਼ਹਾਦਤ ਨਾ ਦਿੰਦੇ ਤਾਂ ਅੱਜ ਦੇਸ਼ ਅੰਦਰ ਹਿੰਦੂਆਂ ਦਾ ਕੋਈ ਵੀ ਮੰਦਰ ਨਾ ਹੁੰਦਾ ਪਰ ਅੱਜ ਬ੍ਰਾਹਮਣਵਾਦੀ ਆਗੂਆਂ ਵੱਲੋਂ ਹੀ ਸਿੱਖ ਕੌਮ ਨੂੰ ਦਬਾਉਣ ਲਈ ਸਾਜ਼ਿਸ਼ ਤਹਿਤ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਅੱਜ ਸਿੱਖ ਕੌਮ ਨੂੰ ਇੱਕ ਪਲੇਟਫਾਰਮ ਤੇ ਇਕੱਠੇ ਹੋਣ ਦੀ ਜ਼ਰੂਰਤ ਹੈ ਤਾਂ ਜੋ ਸਿੱਖ ਵਿਰੋਧੀਆਂ ਨੂੰ ਸਬਕ ਸਿਖਾਇਆ ਜਾਵੇ। ਇਹ ਵਿਚਾਰ ਗੁਰਦੁਆਰਾ ਯਾਦਗਾਰ ਰਾੜਾ ਸਾਹਿਬ ਜਰਗ ਵਿਖੇ ਸੰਤ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਬਰਸੀ ਸਮਾਗਮ ਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਪ੍ਰਗਟਾਏ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਰਾਜ ਸਭਾ ਮੈਂਬਰ ਸੁਬਰਾਮਨੀਅਮ ਸੁਆਮੀ ਤੇ ਸਿੱਖ ਕੌਮ ਪਿਛਲੇ ਲੰਮੇ ਸਮੇਂ ਤੋਂ ਵਿਸ਼ਵਾਸ ਕਰਦੀ ਆ ਰਹੀ ਸੀ ਪਰ ਉਨ੍ਹਾਂ ਵੱਲੋਂ ਚੰਡੀਗੜ੍ਹ ਆ ਕੇ ਕਰਤਾਰਪੁਰ ਸਾਹਿਬ ਲਾਂਘੇ ਨੂੰ ਰੋਕਣ ਸਬੰਧੀ ਬਿਆਨ ਜਾਰੀ ਕਰਨਾ ਨਿੰਦਣਯੋਗ ਹੈ। ਇਸ ਬਿਆਨ ਨਾਲ ਸਮੁੱਚੇ ਸਿੱਖ ਕੌਮ ਦੇ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਤੇ ਵਰ੍ਹਦਿਆਂ ਕਿਹਾ ਕਿ ਬਾਦਲ ਪਰਿਵਾਰ ਵੱਲੋਂ ਅਕਾਲ ਤਖ਼ਤ ਸਾਹਿਬ ਸਮੇਤ ਗੁਰੂ ਘਰਾਂ ਤੇ ਕਬਜ਼ਾ ਕੀਤਾ ਜਾ ਰਿਹਾ ਹੈ। ਮੁਹਾਲੀ ਵਿਚ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਦਾ ਬਹੁਤਾ ਹਿੱਸਾ ਬਾਦਲ ਨੇ ਆਪਣੀ ਮਰਜ਼ੀ ਨਾਲ ਪੁੱਡਾ ਨੂੰ ਵੇਚ ਦਿੱਤਾ ਹੈ। ਇਸੇ ਤਰ੍ਹਾਂ ਹੀ ਚੰਡੀਗੜ੍ਹ ਵਿੱਚ ਸਥਿਤ ਕਲਗੀਧਰ ਨਿਵਾਸ ਤੇ ਵੀ ਬਾਦਲ ਦਾ ਕਬਜ਼ਾ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਤੋਂ ਗੁਰੂ ਘਰਾਂ ਦੇ ਕਬਜ਼ੇ ਛੁਡਾਉਣਾ ਸਮੇਂ ਦੀ ਮੁੱਖ ਲੋੜ ਹੈ।



## ਪੰਜਾਬੀ ਫਿਲਮ ਕੌਮ ਦੇ ਹੀਰੇ ਦੇ ਪ੍ਰਸਾਰਨ ਦਾ ਰਾਹ ਪੱਧਰਾ

**ਨਵੀਂ ਦਿੱਲੀ/ਏਟੀ ਨਿਊਜ਼** : ਕੇਂਦਰੀ ਫਿਲਮ ਸਰਟੀਫਿਕੇਸ਼ਨ ਬੋਰਡ ਵੱਲੋਂ ਜਨਤਕ ਸਕਰੀਨਿੰਗ ਲਈ ਜਾਰੀ ਸਰਟੀਫਿਕੇਟ ਨੂੰ ਵਾਪਸ ਲੈਣ ਦੇ ਆਦੇਸ਼ ਨੂੰ ਰੱਦ ਕਰਦਿਆਂ ਦਿੱਲੀ ਹਾਈ ਕੋਰਟ ਨੇ ਪੰਜਾਬੀ ਫਿਲਮ 'ਕੌਮ ਦੇ ਹੀਰੇ' ਦੇ ਪ੍ਰਸਾਰਨ ਦਾ ਰਾਹ ਪੱਧਰਾ ਕਰ ਦਿੱਤਾ ਹੈ। ਦੋਸ਼ ਹੈ ਕਿ ਫਿਲਮ ਵਿਚ ਸਤਵੰਤ ਸਿੰਘ, ਬੇਅੰਤ ਸਿੰਘ ਤੇ ਕੇਹਰ ਸਿੰਘ ਦੁਆਰਾ ਕੀਤੀ ਗਈ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦਾ ਗੁਣਗਾਨ ਹੈ।

## ਕਸ਼ਮੀਰੀ ਮਨੁੱਖੀ ਅਧਿਕਾਰ ਜਥੇਬੰਦੀ ਦੇ ਆਗੂ ਨੂੰ ਵਿਦੇਸ਼ ਜਾਣ ਤੋਂ ਰੋਕਿਆ

**ਨਵੀਂ ਦਿੱਲੀ/ਏਟੀ ਨਿਊਜ਼** : ਕਸ਼ਮੀਰੀ ਮਨੁੱਖੀ ਅਧਿਕਾਰਾਂ ਦੇ ਇਕ ਕਾਰਕੁੰਨ ਗੋਵਹਾਰ ਗਿਲਾਨੀ ਨੂੰ ਅਧਿਕਾਰੀਆਂ ਨੇ ਦਿੱਲੀ ਹਵਾਈ ਅੱਡੇ 'ਤੇ ਰੋਕ ਲਿਆ ਅਤੇ ਉਸ ਨੂੰ ਜਰਮਨੀ ਨਹੀਂ ਜਾਣ ਦਿੱਤਾ। ਉਸ ਨੇ ਜਰਮਨ ਬਰਾਡਕਾਸਟਰ ਡੇਊਟਸਚੇ ਵੇਲੇ ਨਾਲ ਪ੍ਰੋਗਰਾਮ ਕਰਨਾ ਸੀ। ਸੂਤਰਾਂ ਮੁਤਾਬਿਕ ਗਿਲਾਨੀ ਨੂੰ ਅਧਿਕਾਰੀਆਂ ਵਲੋਂ ਇਸ ਲਈ ਰੋਕਿਆ ਗਿਆ ਕਿਉਂਕਿ ਉਸ 'ਤੇ ਯਾਤਰਾ ਕਰਨ 'ਤੇ ਪਾਬੰਦੀ ਲੱਗੀ ਹੋਈ ਹੈ।

# ਪੰਜਾਬ 'ਚ ਪਰਿਵਾਰ ਸਮੇਤ ਖ਼ੁਦਕੁਸ਼ੀਆਂ ਹੋਣ ਲੱਗੀਆਂ

## ਨਾਜਾਇਜ਼ ਸੰਬੰਧਾਂ, ਆਰਥਿਕ ਮਜਬੂਰੀਆਂ ਕਾਰਨ ਹੋ ਰਹੀਆਂ ਨੇ ਖ਼ੁਦਕੁਸ਼ੀਆਂ

**ਪਟਿਆਲਾ/ਏਟੀ ਨਿਊਜ਼ :** ਪੰਜਾਬ ਅੰਦਰ ਖ਼ੁਦਕੁਸ਼ੀਆਂ ਦਾ ਰੁਝਾਨ ਤਾਂ ਨਿੱਤ ਦਿਨ ਵਧ ਹੀ ਰਿਹਾ ਹੈ ਪਰ ਹੁਣ ਖ਼ੁਦਕੁਸ਼ੀ ਤੋਂ ਪਹਿਲਾਂ ਆਪਣਿਆਂ ਨੂੰ ਹੀ ਮੌਤ ਦੇ ਘਾਟ ਉਤਾਰਨ ਦੀਆਂ ਘਟਨਾਵਾਂ ਵੀ ਵਾਪਰਨ ਲੱਗੀਆਂ ਹਨ। ਪਟਿਆਲਾ ਵਿਚ ਕੁਝ ਸਮਾਂ ਪਹਿਲਾਂ ਇੱਕ ਵਿਅਕਤੀ ਨੇ ਘਰੇਲੂ ਕਲੇਸ਼ ਕਾਰਨ ਆਪਣੇ ਪੁੱਤ ਅਤੇ ਪੋਤੀ ਨੂੰ ਮੌਤ ਦੇ ਘਾਟ ਉਤਾਰਨ ਮਗਰੋਂ ਖ਼ੁਦਕੁਸ਼ੀ ਕਰ ਲਈ ਸੀ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਘਰੇਲੂ ਕਲੇਸ਼ ਕਾਰਨ ਇਸ ਵਿਅਕਤੀ ਦਾ ਇਕਲੌਤਾ ਪੁੱਤ ਆਪਣੀ ਪਤਨੀ ਤੇ ਬੱਚੀ ਸਮੇਤ ਵੱਖ ਹੋਣ ਲੱਗਾ ਸੀ। ਇਸ ਕਾਰਨ ਇਹ ਵਿਅਕਤੀ ਮਾਨਸਿਕ ਤਣਾਅ ਵਿਚ ਆ ਗਿਆ ਅਤੇ ਉਸ ਨੇ ਆਪਣੇ ਪੁੱਤ ਤੇ ਪੋਤੀ ਦੀ ਹੱਤਿਆ ਕਰਨ ਮਗਰੋਂ ਖ਼ੁਦ ਨੂੰ ਵੀ ਗੋਲ਼ੀ ਮਾਰ ਲਈ।

ਇਸੇ ਤਰ੍ਹਾਂ ਕੁਝ ਸਮਾਂ ਪਹਿਲਾਂ ਆਪਣੀ ਪਤੀ ਦੇ ਨਾਜਾਇਜ਼ ਸਬੰਧਾਂ ਤੋਂ ਪ੍ਰੇਸ਼ਾਨ ਇੱਕ ਔਰਤ ਨੇ ਪਟਿਆਲਾ ਸ਼ਹਿਰ ਕੋਲੋਂ ਲੰਘਦੀ ਭਾਖੜਾ ਨਹਿਰ ਵਿੱਚ ਆਪਣੀ 6 ਕੁ ਸਾਲਾ ਧੀ ਸਮੇਤ ਛਾਲ਼ ਮਾਰ ਦਿੱਤੀ ਸੀ ਪਰ ਮੌਕੇ ਤੇ ਮੌਜੂਦ ਗੋਤਾਖੋਰਾਂ ਨੇ ਦੋਵਾਂ ਨੂੰ ਬਚਾਅ ਲਿਆ ਸੀ। ਇਸੇ ਤਰ੍ਹਾਂ ਇੱਥੇ ਇੱਕ ਕੋਠੀ ਵਿਚ ਕੰਮ ਕਰਦੇ ਪਰਿਵਾਰ ਤੇ ਮਾਲਕਾਂ ਵੱਲੋਂ ਲਾਏ ਗਏ ਕਿਸੇ ਗੰਭੀਰ ਦੋਸ਼ਾਂ ਤੋਂ ਤੰਗ ਆ ਕੇ ਨੇਪਾਲ ਦੇ ਰਹਿਣ ਵਾਲੇ ਇਕ ਵਿਅਕਤੀ ਨੇ ਆਪਣੀ ਪਤਨੀ ਤੇ ਬੱਚੇ ਸਮੇਤ ਭਾਖੜਾ ਵਿਚ ਛਾਲ਼ ਮਾਰ ਦਿੱਤੀ ਸੀ। ਇਸ ਘਟਨਾ ਵਿਚ ਉਸ ਦੀ ਤੇ ਬੱਚੇ ਦੀ ਮੌਤ ਹੋ ਗਈ ਸੀ ਪਰ ਔਰਤ ਨੂੰ ਗੋਤਾਖੋਰਾਂ ਨੇ ਬਚਾਅ ਲਿਆ ਸੀ।

ਇਸੇ ਤਰਾਂ ਇੱਕ ਵਿਅਕਤੀ ਨੇ ਆਪਣੀ ਪਤਨੀ ਦੀ ਚਾਕੂਆਂ ਨਾਲ ਹੱਤਿਆ ਮਗਰੋਂ ਖ਼ੁਦਕੁਸ਼ੀ ਕਰ ਲਈ ਸੀ। ਇਹ ਕਥਿਤ ਨਾਜਾਇਜ਼ ਸਬੰਧਾਂ ਦਾ ਮਾਮਲਾ ਸੀ। ਸਥਾਨਕ ਸ਼ਹਿਰ ਦੇ ਇੱਕ ਹੋਰ ਨੌਜਵਾਨ ਕੁਝ ਮਹੀਨੇ ਪਹਿਲਾਂ ਆਪਣੇ ਮਾਪਿਆਂ ਨੂੰ ਜ਼ਹਿਰ ਦੇ ਕੇ ਮਾਰਨ ਮਗਰੋਂ ਖ਼ੁਦ ਵੀ ਜ਼ਹਿਰ ਖਾ ਗਿਆ ਸੀ ਪਰ ਉਸ ਦੀ ਜਾਨ ਬਚ ਗਈ ਸੀ। ਇਸ ਘਟਨਾ ਦੇ ਤਫ਼ਤੀਸ਼ੀ ਅਫਸਰ ਨੇ ਦੱਸਿਆ ਸੀ ਕਿ ਨੌਜਵਾਨ ਨੇ ਇਹ ਕਦਮ ਆਰਥਿਕ ਤੰਗੀ ਕਾਰਨ ਚੁੱਕਿਆ ਸੀ।

ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਡਾ. ਰਾਜਿੰਦਰਪਾਲ ਬਰਾੜ ਨੇ ਅਜਿਹੀਆਂ ਘਟਨਾਵਾਂ ਬਾਰੇ ਕਿਹਾ ਕਿ ਸਰਮਾਏਦਾਰੀ ਨਾਲ਼ ਖਪਤ ਸੱਭਿਆਚਾਰ ਵੀ ਵੱਧ ਜਾਂਦਾ ਹੈ ਜਿਸ ਦੌਰਾਨ ਹਰ ਵਿਅਕਤੀ ਨਿੱਜੀ ਸੁਖ ਨੂੰ ਅੱਗੇ ਰੱਖ ਕੇ ਤੁਰਦਾ ਹੈ। ਇਸੇ ਕਾਰਨ ਸਾਂਝੇ ਪਰਿਵਾਰ ਟੁੱਟ ਰਹੇ ਹਨ। ਇਸ ਨਾਲ ਜਿਵੇਂ ਮਨੁੱਖ ਦਾ ਸੁੱਖ ਨਿੱਜੀ ਹੋ ਜਾਂਦਾ ਹੈ, ਉਸੇ ਤਰ੍ਹਾਂ ਹੀ ਦੁੱਖ ਵੀ ਨਿੱਜੀ ਬਣ ਕੇ ਰਹਿ ਜਾਂਦਾ ਹੈ ਜਿਸ ਕਾਰਨ ਉਹ ਆਪਣੇ ਆਪ ਨਾਲ਼ ਹੀ ਲੜਦਾ ਰਹਿੰਦਾ ਹੈ। ਇਹ ਵਰਤਾਰਾ ਹੀ ਫਿਰ ਲਾਵਾ ਬਣ ਕੇ ਫੁੱਟਦਾ ਹੈ।



### ਇਕੱਲਤਾ ਕਾਰਨ ਬਜ਼ੁਰਗ ਵੀ ਕਰ ਰਹੇ ਨੇ ਖ਼ੁਦਕੁਸ਼ੀਆਂ

ਚੰਡੀਗੜ੍ਹ ਦੇ ਸੈਕਟਰ-40 ਦਾ ਵਸਨੀਕ 77 ਸਾਲਾ ਲਖਮੀ ਦਾਸ ਹੈ, ਜਿਸ ਨੇ ਆਪਣੀ ਪਤਨੀ ਸ਼ਸ਼ੀ ਬਾਲਾ ਨੂੰ ਬਿਮਾਰੀ ਤੋਂ ਮੁਕਤੀ ਦਿਵਾਉਣ ਲਈ ਉਸ ਦਾ ਕਤਲ ਕਰਨ ਮਗਰੋਂ ਖ਼ੁਦਕੁਸ਼ੀ ਕਰ ਲਈ। ਪੁਲੀਸ ਪੜਤਾਲ ਅਨੁਸਾਰ ਲਖਮੀ ਦਾਸ (77) ਨੇ ਆਪਣੀ ਪਤਨੀ ਸ਼ਸ਼ੀਬਾਲਾ (74) ਦਾ ਪਹਿਲਾਂ ਰਸੋਈ ਵਾਲੇ ਚਾਕੂ ਨਾਲ ਗਲਾ ਵੱਢਿਆ ਅਤੇ ਫਿਰ ਖ਼ੁਦ ਕਈ ਤਰ੍ਹਾਂ ਦੇ ਯਤਨਾਂ ਤੋਂ ਬਾਅਦ ਆਪਣਾ ਵੀ ਗਲਾ ਵੱਢ ਕੇ ਖ਼ੁਦਕੁਸ਼ੀ ਕਰ ਲਈ ਸੀ। ਪੁਲੀਸ ਅਨੁਸਾਰ ਬਜ਼ੁਰਗਾਂ ਦੀਆਂ ਲਾਸ਼ਾਂ ਕੋਲੋਂ ਅੰਗਰੇਜ਼ੀ ਵਿੱਚ ਲਿਖਿਆ ਇਕ ਸੰਖੇਪ ਜਿਹਾ ਖ਼ੁਦਕੁਸ਼ੀ ਨੋਟ ਵੀ ਮਿਲਿਆ ਹੈ ਜਿਸ ਵਿੱਚ ਲਖਮੀ ਦਾਸ ਨੇ ਲਿਖਿਆ ਸੀ ਕਿ ਉਹ ਆਪਣੀ ਜ਼ਿੰਦਗੀ ਤੋਂ ਪ੍ਰੇਸ਼ਾਨ ਸੀ, ਜਿਸ ਕਾਰਨ ਉਸ ਨੇ ਇਹ ਕਦਮ ਚੁੱਕਿਆ ਹੈ ਅਤੇ ਇਸ ਕਾਰੇ ਲਈ ਉਹ ਖ਼ੁਦ ਹੀ ਜ਼ਿੰਮੇਵਾਰ ਹਨ।

**ਖ਼ੂਨ ਦੇ ਰਿਸ਼ਤੇ ਖ਼ੂਨੀ ਹੋ ਗਏ-** ਕਰੀਬ ਚਾਰ ਸਾਲ ਪਹਿਲਾਂ ਜ਼ਿਲ੍ਹਾ ਸੰਗਰੂਰ ਦੇ ਪਿੰਡ ਹਸਨਪੁਰ ਵਿਚ ਵਾਪਰੀ ਘਟਨਾ 20 ਅਕਤੂਬਰ 2015 ਦੌਰਾਨ ਛੁੱਟੀ ਆਏ ਇੱਕ ਨੌਜਵਾਨ ਫੌਜੀ ਨੇ 12 ਬੋਰ ਦੀ ਬੰਦੂਕ ਨਾਲ ਪਰਿਵਾਰ ਦੇ ਤਿੰਨ ਮੈਂਬਰਾਂ ਸਣੇ ਚਾਰ ਜਣਿਆਂ ਨੂੰ ਕਤਲ ਕਰ ਦਿੱਤਾ ਸੀ ਤੇ ਬਾਅਦ ਵਿਚ ਖ਼ੁਦਕੁਸ਼ੀ ਕਰ ਲਈ ਸੀ। 'ਕੁੱਝ ਉਜੜਿਆਂ ਸਿਵਿਆਂ ਦੀ ਰਾਖ਼ ਹੋ ਗਏ, ਕੁਝ ਵਗਦਿਆਂ ਪਾਣੀਆਂ ਦੀ ਭਾਫ਼ ਹੋ ਗਏ, ਕੁਝ ਬੈਠੇ ਆਸ ਲਾਈ ਕਚਹਿਰੀਆਂ ਦੇ ਬਾਹਰ, ਕੁਝ ਉਡੀਕਦੇ ਇਨਸਾਫ਼ ਨੂੰ ਬੇਆਸ ਹੋ ਗਏ। 'ਰਿਸ਼ਤਿਆਂ ਦੀ ਹੁਣ ਗੱਲ ਨਾ ਕਰਨ, ਖ਼ੂਨ ਦੇ ਰਿਸ਼ਤੇ ਖ਼ੂਨੀ ਹੋ ਗਏ। ਇਹ ਸਤਰਾਂ ਪਿੰਡ ਹਸਨਪੁਰ ਦੇ ਵਸਨੀਕ ਹਰਜਿੰਦਰ ਸਿੰਘ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਦੇ ਸਟੇਟਸ ਵਿਚ ਪਾ ਰੱਖੀਆਂ ਹਨ ਜਿਸ ਨੇ ਇਸ ਘਟਨਾ ਵਿਚ ਆਪਣਾ 16 ਸਾਲਾ ਇਕਲੌਤਾ ਪੁੱਤ ਹਰਮਨਦੀਪ ਸਿੰਘ ਤੇ 65 ਸਾਲਾ ਮਾਂ ਲਾਭ ਕੌਰ ਨੂੰ ਗੁਆਇਆ ਸੀ। ਉਹ ਖ਼ੁਦ ਵੀ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ ਸੀ।

ਪੁਲੀਸ ਵੱਲੋਂ ਦਰਜ ਕੇਸ ਅਨੁਸਾਰ ਪਿੰਡ ਹਸਨਪੁਰ ਦਾ ਵਸਨੀਕ ਜਗਦੀਪ ਸਿੰਘ ਫੌਜੀ ਢਾਈ ਮਹੀਨਿਆਂ ਤੋਂ ਪਿੰਡ ਛੁੱਟੀ ਆਇਆ ਹੋਇਆ ਸੀ। ਜਗਦੀਪ ਸਿੰਘ ਦੇ ਵੱਡੇ ਭਰਾ ਦਾ ਪ੍ਰੇਮ ਵਿਆਹ ਹੋਇਆ ਸੀ। ਲੜਕੇ ਦਾ ਪਰਿਵਾਰ ਇਸ ਪ੍ਰੇਮ ਵਿਆਹ ਤੋਂ ਖ਼ੁਸ਼ ਨਹੀਂ ਸੀ। ਜਗਦੀਪ ਦਾ ਭਰਾ ਵਿਦੇਸ਼ ਚਲਾ ਗਿਆ ਸੀ। ਪਿੱਛੋਂ ਉਸ ਦੀ ਪਤਨੀ ਨਾਲ ਸਹੁਰੇ ਪਰਿਵਾਰ ਦਾ ਝਗੜਾ ਰਹਿੰਦਾ ਸੀ। ਇਸ ਕਾਰਨ ਜਗਦੀਪ ਸਿੰਘ ਪ੍ਰੇਸ਼ਾਨ ਸੀ। ਫੌਜ ਵਿਚੋਂ ਛੁੱਟੀ ਆਏ ਹੋਏ ਜਗਦੀਪ ਸਿੰਘ ਨੇ ਆਪਣੀ ਭਰਜਾਈ ਗੁਰਪ੍ਰੀਤ ਕੌਰ ਨੂੰ ਮਾਰਨ ਦੀ ਨੀਅਤ ਨਾਲ 12 ਬੋਰ ਬੰਦੂਕ ਚੁੱਕ ਲਈ। ਰੌਲਾ ਪੈਣ 'ਤੇ ਲੋਕ ਇਕੱਠੇ ਹੋ ਗਏ ਅਤੇ ਗੁਰਪ੍ਰੀਤ ਕੌਰ (27) ਜਾਨ ਬਚਾਉਣ ਲਈ ਭੱਜ ਕੇ ਕਿਸੇ ਦੇ ਘਰ ਜਾ ਵੜੀ ਪਰ ਜਗਦੀਪ ਨੇ ਉਥੇ ਹੀ ਗੋਲੀ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਹਰਜਿੰਦਰ ਸਿੰਘ ਅਨੁਸਾਰ ਭਰਜਾਈ ਦੀ ਹੱਤਿਆ ਮਗਰੋਂ ਜਗਦੀਪ ਉਨ੍ਹਾਂ ਦੇ ਘਰ ਆ ਗਿਆ। ਉਹ ਆਪਣੀ ਪਤਨੀ, ਮਾਤਾ ਅਤੇ ਪੁੱਤਰ ਸਮੇਤ ਘਰ ਵਿਚ ਮੌਜੂਦ ਸੀ। ਆਉਂਦਿਆਂ ਹੀ ਜਗਦੀਪ ਨੇ ਉਸ 'ਤੇ ਗੋਲੀ ਚਲਾ ਦਿੱਤੀ ਜੋ ਕਿ ਉਸ ਦੀ ਬਾਂਹ ਤੇ ਲੱਗੀ, ਉਹ ਜਾਨ ਬਚਾਉਣ ਲਈ ਭੱਜਿਆ। ਪਿੱਛੋਂ ਜਗਦੀਪ ਨੇ ਉਸ ਦੀ ਮਾਤਾ ਲਾਭ ਕੌਰ (65) ਅਤੇ ਪੁੱਤਰ ਹਰਮਨਦੀਪ ਸਿੰਘ (16) ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਉਸ ਦੀ ਪਤਨੀ ਨੇ ਘਰ ਵਿਚ ਲੁਕ ਕੇ ਜਾਨ ਬਚਾਈ। ਇਸ ਮਗਰੋਂ ਜਗਦੀਪ ਸ਼ਰੀਕੇ ਵਿਚੋਂ ਲੱਗਦੇ ਤਾਏ ਦੀ ਕੁੜੀ ਕਰਨੈਲ ਕੌਰ (67) ਦੇ ਘਰ ਚਲਾ ਗਿਆ ਤੇ ਉਸ ਦੀ ਵੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇੱਥੇ ਗੋਲੀ ਦੇ ਸ਼ਰ੍ਹੇ ਲੱਗਣ ਕਾਰਨ ਕਰਨੈਲ ਕੌਰ ਦਾ ਲੜਕਾ, ਇੱਕ ਮਿਸਤਰੀ ਅਤੇ ਗੁਆਂਢ ਵਿਚੋਂ ਆਈ ਇੱਕ ਔਰਤ ਵੀ ਜ਼ਖ਼ਮੀ ਹੋ ਗਈ ਸੀ। ਚਾਰ ਜਣਿਆਂ ਦੀ ਹੱਤਿਆ ਮਗਰੋਂ ਜਗਦੀਪ ਆਪਣੀ ਬੰਦੂਕ ਤੇ ਕਾਰਤੂਸਾਂ ਦਾ ਪਟਾ ਲੈ ਕੇ ਘਰ ਦੀ ਛੱਤ ਤੇ ਚੜ੍ਹ ਗਿਆ ਤੇ ਫਾਇਰ ਕਰਦਾ ਰਿਹਾ। ਉਸ ਨੂੰ ਫੜਨ ਆਈ ਪੁਲੀਸ ਵੱਲੋਂ ਫਾਇਰਿੰਗ ਕਰਨ ਤੇ ਦਬਾਅ ਹੇਠ ਆ ਕੇ ਜਗਦੀਪ ਨੇ ਖ਼ੁਦ ਨੂੰ ਗੋਲੀ ਮਾਰ ਲਈ, ਜਿਸ ਨਾਲ ਉਸ ਦੀ ਮੌਤ ਹੋ ਗਈ।

### ਖ਼ੁਦਕੁਸ਼ੀਆਂ ਦਾ ਰੁਝਾਨ ਮਨੋਰੋਗ ਤੇ ਸਮਾਜਿਕ ਕੁਰੀਤੀਆਂ ਦਾ ਹਿੱਸਾ

ਅੰਮ੍ਰਿਤਸਰ ਵਿਚ 15 ਸਾਲ ਪਹਿਲਾਂ ਅਕਤੂਬਰ 2004 ਵਿੱਚ ਹਰਦੀਪ ਸਿੰਘ ਨਾਂ ਦੇ ਵਿਅਕਤੀ ਨੇ ਚੌਕ ਮੋਨੀ ਸਥਿਤ ਆਪਣੇ ਘਰ ਵਿੱਚ ਆਪਣੇ ਦੋ ਮਾਸੂਮ ਬੱਚਿਆਂ, ਪਤਨੀ ਅਤੇ ਮਾਂ ਸਮੇਤ ਜ਼ਹਿਰੀਲੀ ਚੀਜ਼ ਖਾ ਕੇ ਖ਼ੁਦਕੁਸ਼ੀ ਕਰ ਲਈ ਸੀ। ਇਸ ਵਿਅਕਤੀ ਨੇ ਆਪਣੇ ਹੋ ਰਹੇ ਸ਼ੋਸ਼ਣ ਅਤੇ ਇਸ ਦੀ ਕੋਈ ਸੁਣਵਾਈ ਨਾ ਹੋਣ ਕਾਰਨ ਆਪਣੀ ਜੀਵਨ ਲੀਲਾ ਖਤਮ ਕਰ ਲੈਣਾ ਬਿਹਤਰ ਸਮਝਿਆ। ਖ਼ੁਦਕੁਸ਼ੀ ਤੋਂ ਪਹਿਲਾਂ ਉਸ ਨੇ ਆਪਣੇ ਘਰ ਦੀਆਂ ਕੰਧਾਂ ਤੇ ਖ਼ੁਦਕੁਸ਼ੀ ਨੋਟ ਵੀ ਲਿਖਿਆ ਸੀ ਜਿਸ ਚ ਉਸ ਨੇ ਮੌਜੂਦਾ ਪ੍ਰਣਾਲੀ ਵੱਲੋਂ ਕੀਤੇ ਜਾ ਰਹੇ ਸ਼ੋਸ਼ਣ ਦਾ ਜ਼ਿਕਰ ਕੀਤਾ ਸੀ। ਇਹ ਘਟਨਾ ਬੇਸ਼ਕ ਦਿਲ ਕੰਬਾਊ ਹੈ ਪਰ ਇਹ ਸੱਚ ਹੈ ਕਿ ਮੌਜੂਦਾ ਪ੍ਰਬੰਧ ਤੋਂ ਤੰਗ ਆਏ ਇਸ ਵਿਅਕਤੀ ਦੀ ਜਦੋਂ ਸਹਿਣਸ਼ਕਤੀ ਜਵਾਬ ਦੇ ਗਈ ਤਾਂ ਉਸ ਨੇ ਇਸ ਅੱਗੇ ਹਾਰ ਮੰਨ ਲਈ।

ਹਾਲ ਵਿੱਚ 21 ਜੂਨ ਨੂੰ ਪਿੰਡ ਤੇੜਾ ਖੁਰਦ ਵਿਚ ਵਾਪਰੀ ਘਟਨਾ ਇਸ ਤੋਂ ਪੂਰੀ ਤਰ੍ਹਾਂ ਵੱਖਰੀ ਹੈ। ਇਸ ਘਟਨਾ ਵਿਚ ਇਕ ਪਿਤਾ ਅਤੇ ਪਰਿਵਾਰ ਦੇ ਮੁਖੀ ਹਰਵੰਤ ਸਿੰਘ ਨੇ ਆਪਣੇ ਨਾਜਾਇਜ਼ ਸਬੰਧਾਂ ਦਾ ਵਿਰੋਧ ਕਰਨ ਵਾਲੀ ਪਤਨੀ ਸਮੇਤ ਦੋ ਬੇਟਿਆਂ ਤੇ ਇਕ ਬੇਟੀ ਦਾ ਕਤਲ ਕਰ ਦਿੱਤਾ ਤੇ ਲਾਸ਼ਾਂ ਨਹਿਰ ਵਿਚ ਸੁੱਟ ਦਿੱਤੀਆਂ।

ਘਟਨਾ ਨੂੰ ਅੰਜਾਮ ਦੇਣ ਮਗਰੋਂ ਇਸ ਵਿਅਕਤੀ ਨੇ ਇਹ ਢਿੰਡੋਰਾ ਪਿੱਟ ਦਿੱਤਾ ਕਿ ਉਸ ਦੇ ਪਰਿਵਾਰ ਦੇ ਚਾਰ ਜੀਅ ਲਾਪਤਾ ਹੋ ਗਏ ਹਨ। ਪਿੰਡ ਵਾਸੀਆਂ ਨੇ ਚਾਰ ਜੀਆਂ ਦੀ ਭਾਲ ਲਈ ਜਦੋਂ ਪੁਲੀਸ ਤੇ ਦਬਾਅ ਪਾਇਆ ਤਾਂ ਸਚਾਈ ਸਾਹਮਣੇ ਆਈ ਕੇ ਪਰਿਵਾਰ ਦੇ ਜੀਅ ਉਸ ਦੀਆਂ ਸਮਾਜ ਵਿਰੋਧੀ ਹਰਕਤਾਂ ਦਾ ਵਿਰੋਧ ਕਰਦੇ ਸਨ ਜਿਸ ਕਾਰਨ ਉਸ ਨੇ ਆਪਣੇ ਤਿੰਨ ਬੱਚਿਆਂ ਤੇ ਪਤਨੀ ਦਾ ਵੀ ਕਤਲ ਕਰ ਦਿੱਤਾ।

ਇਹਨਾਂ ਘਟਨਾਵਾਂ ਸਬੰਧੀ ਵਿੱਦਿਆ ਸਾਗਰ ਮਨੋਰੋਗ ਹਸਪਤਾਲ ਦੇ ਡਾਇਰੈਕਟਰ ਰਹਿ ਚੁਕੇ ਉੱਘੇ ਡਾਕਟਰ ਬੀਐੱਲ ਗੋਇਲ ਦਾ ਕਹਿਣਾ ਹੈ ਕਿ ਡਿਪਰੈਸ਼ਨ, ਪਰਸਨੈਲਿਟੀ ਡਿਸਆਰਡਰ, ਸਕਿਜ਼ੋਫਰੇਨੀਆ ਆਦਿ ਨਾਲ ਜੁੜੇ ਅਜਿਹੇ ਮਨੋਰੋਗ ਹਨ, ਜਿਸ ਵਿਚ ਰੋਗੀ ਵਿਅਕਤੀ ਕਿਸੇ ਤਰ੍ਹਾਂ ਦਾ ਵੀ ਤਣਾਅ ਤੇ ਦਬਾਅ ਸਹਿਣ ਦੇ ਯੋਗ ਨਹੀਂ ਹੁੰਦਾ ਅਤੇ ਉਹ ਜਲਦੀ ਹੀ ਖ਼ੁਦਕੁਸ਼ੀ ਵਰਗਾ ਫ਼ੈਸਲਾ ਕਰ ਲੈਂਦਾ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮਨੋਵਿਗਿਆਨ ਦੇ ਮਾਹਿਰ ਪ੍ਰੋ. ਨਵਦੀਪ ਸਿੰਘ ਤੁੰਗ ਨੇ ਕਿਹਾ ਕਿ ਉਹ ਇਸ ਨੂੰ ਮਨੋਵਿਗਿਆਨ ਦੀ ਦ੍ਰਿਸ਼ਟੀ ਤੋਂ ਇਕ ਸਮਾਜਿਕ ਬਿਮਾਰੀ ਵਜੋਂ ਹੀ ਦੇਖਦੇ ਹਨ।



ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨਿ ਜਿਨ੍ਹਾ ਪਿਆਰੇ ਨੇਹ ॥

# ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ

## 20 ਤੋਂ 22 ਸਤੰਬਰ 2019 ਤੱਕ

ਗੁਰੂ ਪਿਆਰੀ ਸਾਧ ਸੰਗਤ ਜੀਓ,
ਆਪ ਸਭ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਫਰੀਦਕੋਟ ਅਤੇ ਆਸ ਪਾਸ ਦੇ
ਇਲਕਾ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ
**ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਜੀ**
ਦਾ ਆਗਮਨ ਪੁਰਬ ਹਰ ਸਾਲ ਦੀ ਤਰ੍ਹਾਂ
**ਗੁਰਦੁਆਰਾ ਸਾਹਿਬ ਫਰੀਮਾਂਟ, 300 ਗੁਰਦੁਆਰਾ ਰੋਡ,**
**ਫਰੀਮਾਂਟ (ਕੈਲੀਫੋਰਨੀਆ) 94536, ਫੋਨ (510) 790-0177**
ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।


ਬਾਬਾ ਸ਼ੇਖ ਫਰੀਦ ਉਦ-ਦੀਨ ਮਸੂਦ ਗੰਜ-ਏ-ਸ਼ੱਕਰ ਜੀ

## ਪ੍ਰੋਗਰਾਮ ਦਾ ਵੇਰਵਾ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ** : 20 ਸਤੰਬਰ 2019 ਦਿਨ ਸ਼ੁੱਕਰਵਾਰ, ਸਵੇਰੇ 10:00 ਵਜੇ
**ਭੋਗ ਸ੍ਰੀ ਆਖੰਡ ਪਾਠ ਸਾਹਿਬ** : 22 ਸਤੰਬਰ 2019 ਦਿਨ ਐਤਵਾਰ, ਸਵੇਰੇ 10.00 ਵਜੇ
ਉਪਰੰਤ ਪੰਥ ਪ੍ਰਸਿਧ ਰਾਗੀ ਜਥਿਆਂ ਵਲੋਂ ਕੀਰਤਨ ਅਤੇ ਬਾਬਾ ਫਰੀਦ ਜੀ ਦੇ ਜੀਵਨ ਅਤੇ ਮਿਸ਼ਨ ਬਾਰੇ ਦੱਸਿਆ ਜਾਵੇਗਾ।

*ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਇਸ ਮਹਾਨ ਸਮਾਗਮ ਵਿਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

**ਵਧੇਰੇ ਜਾਣਕਾਰੀ ਲੈਣ ਲਈ ਸੰਪਰਕ ਕਰੋ :** ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ 408-368-2143, ਸਤਪਾਲ ਸਿੰਘ ਢਿੱਲਵਾਂ ਕਲਾਂ 510-952-6702
ਤਰਸੇਮ ਲਾਲ ਭਲਵਾਨ ਫਰੀਦਕੋਟ 510-258-9266, ਜਸਵੀਰ ਸਿੰਘ ਸੰਧੂ ਫਰੀਦਕੋਟ 510-303-8789

**ਵਲੋਂ : ਫਰੀਦਕੋਟ ਇਲਾਕਾ ਨਿਵਾਸੀ ਅਤੇ ਸਮੂਹ ਸਾਧ ਸੰਗਤ**
ਵੈਬਸਾਈਟ www.babafarid.net

Star Alliance
BROKERAGE



# Indianapolis, Indiana...
## ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...




**Manjit Singh Nagra**
Realtor/Broker
Cell 317-750-1900

**Gurdeep (Garry) Chhokar**
Realtor/Broker
Cell 317-500-1247




We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ
ਹਰ ਤਰ੍ਹਾਂ ਦੇ ਲੋਨ ਕਰਦੇ ਹਾਂ,
ਮਨਜ਼ੂਰੀ (Approval) ਉਸੇ ਦਿਨ

**6979 Hillsdale Court, Indianapolis, Indiana 46250**

# ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਤਿੰਨ ਰੋਜ਼ਾ ਅੰਤਰਰਾਸ਼ਟਰੀ ਸਿੱਖ ਕਨਵੈਨਸ਼ਨ ਵਿਚ ਹਿੱਸਾ ਲੈ ਕੇ ਸਿੱਖਾਂ ਦੇ ਦਿਲ ਜਿੱਤੇ







**ਲਾਹੌਰ/ਬਲਵਿੰਦਰਪਾਲ ਸਿੰਘ ਖਾਲਸਾ :**
ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਪਾਕਿਸਤਾਨ ਵਿਚ, ਪਾਕਿਸਤਾਨ ਸਰਕਾਰ ਵੱਲੋਂ ਵਡੇ ਪੱਧਰ ਉਤੇ ਮਨਾਉਣ ਦੀ ਤਿਆਰੀ ਵਿਚ ਲਾਹੌਰ ਵਿਚ ਹੋਈ ਤਿੰਨ ਦਿਨਾ ਕਨਵੈਨਸ਼ਨ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜਨਾਬ ਇਮਰਾਨ ਖਾਨ ਨੇ ਸ਼ਿਕਰਤ ਕੀਤੀ। ਇਸ ਕਨਵੈਨਸ਼ਨ ਦਾ ਪ੍ਰਬੰਧ ਪਾਕਿਸਤਾਨ ਦੀ ਪੰਜਾਬ ਸਰਕਾਰ ਤੇ ਕੇਂਦਰੀ ਸਰਕਾਰ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮਰੀਕੀ ਸਿੱਖ ਕਾਕਸ ਕਮੇਟੀ, ਅਮਰੀਕਾ, ਕਨੇਡਾ, ਵਲਾਇਤ ਦੀਆਂ ਕਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਪੰਥਕ ਜਥੇਬੰਦੀਆਂ ਨੇ ਆਪਸੀ ਤਾਲਮੇਲ ਨਾਲ ਕੀਤਾ।

ਇਸ ਕਨਵੈਨਸ਼ਨ ਦਾ ਉਦੇਸ਼ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਉਤਸਵ ਦੀ 550ਵੀਂ ਵਰ੍ਹੇਗੰਢ ਨੂੰ ਸੰਸਾਰ ਪੱਧਰ ਉਤੇ ਮਨਾਉਣ ਦੇ ਨਾਲ-ਨਾਲ ਇਸ ਇਲਾਹੀ ਦਿਨ ਗੁਰੂ ਸਾਹਿਬ ਦੀ ਜਨਮ ਧਰਤੀ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਦੇ ਦਰਸ਼ਨਾਂ ਦੀ ਤਾਂਘ ਵੀ ਰਹੀ। ਇਹ ਕਨਵੈਨਸ਼ਨ ਲਾਹੌਰ ਵਿਖੇ ਗਵਰਨਰ ਹਾਉਸ ਵਿਚ 31 ਅਗਸਤ ਨੂੰ ਸ਼ੁਰੂ ਹੋਈ ਤੇ 2 ਸਤੰਬਰ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੇ ਸ਼ਾਨਦਾਰ ਭਾਸ਼ਣ ਨਾਲ ਸੰਪੂਰਨ ਹੋਈ। ਕਨਵੈਨਸ਼ਨ ਦੇ ਪਹਿਲੇ ਦਿਨ ਸੂਬਾ ਪੰਜਾਬ ਦੇ ਗਵਰਨਰ ਜਨਾਬ ਚੌਧਰੀ ਮੁਹੰਮਦ ਸਰਵਰ ਨੇ ਆਪਣੇ ਵਿਚਾਰ ਸਭ ਨਾਲ ਸਾਂਝੇ ਕੀਤੇ। ਉਨਾਂ ਕਿਹਾ ਕਿ ਹਾਲੇ ਕੁਝ ਮਹੀਨੇ ਪਹਿਲਾਂ ਹੀ ਉਹ ਅਮਰੀਕਾ ਤੇ ਕੈਨੇਡਾ ਦੇ ਦੌਰੇ ਉਤੇ ਗਏ ਸਨ ਤੇ ਸਿੱਖ ਆਗੂਆਂ ਅਤੇ ਸੰਗਤਾਂ ਨਾਲ ਮੁਲਾਕਾਤਾਂ ਕੀਤੀਆਂ ਸਨ। ਇਥੇ ਇਹ ਯਾਦ ਕਰਵਾਇਆ ਜਾਂਦਾ ਹੈ ਕਿ ਉਨਾਂ ਨੇ ਗਦਰੀ ਬਾਬਿਆਂ ਦੀ ਪਵਿੱਤਰ ਧਰਤੀ ਗੁਰਦੁਆਰਾ ਸਾਹਿਬ ਸਟਾਕਟਨ (ਕੈਲੇਫੋਰਨੀਆ) ਦੇ ਖਾਲਸਾ ਸਾਜਨਾ ਨਗਰ ਕੀਰਤਨ ਵਿਚ ਸੰਗਤਾਂ ਦੇ ਦਰਸ਼ਨ ਕੀਤੇ ਸਨ ਤੇ ਬੇਅ ਏਰੀਆ ਦੀਆਂ ਸੰਗਤਾਂ ਨੇ ਉਨਾਂ ਦੇ ਮਾਣ ਵਿਚ ਇਕ ਸ਼ਾਨਦਾਰ ਸਮਾਗਮ ਕੀਤਾ ਸੀ, ਜਿਸ ਵਿਚ ਸਿੱਖ ਪਤਵੰਤੇ, ਬੁੱਧੀਜੀਵੀ ਤੇ ਸਿੱਖ ਸੰਗਤਾਂ ਸ਼ਾਮਲ ਹੋਏ ਸਨ। ਉਨਾਂ ਸਮੂਹ ਸਿੱਖ ਜਗਤ ਨੂੰ ਪਾਕਿਸਤਾਨ ਵਿਚ ਪਹੁੰਚ ਕੇ ਬਾਬਾ ਗੁਰੂ ਨਾਨਕ ਸਾਹਿਬ ਦਾ ਆਗਮਨ ਪੁਰਬ ਮਨਾਉਣ ਦਾ ਸੱਦਾ ਦਿੱਤਾ ਸੀ। ਹੁਣ ਇਹ ਅੰਤਰਰਾਸ਼ਟਰੀ ਸਿੱਖ ਕਨਵੈਨਸ਼ਨ ਕਰਵਾਈ ਗਈ ਹੈ ਤਾਂ ਜੋ ਸਮੁੱਚੇ ਸਿੱਖ ਜਗਤ ਨੂੰ ਪਾਕਿਸਤਾਨ ਸਰਕਾਰ ਦੀ ਗੰਭੀਰਤਾ ਦਾ ਪਤਾ ਲੱਗ ਸਕੇ।

ਇਸ ਤੋਂ ਇਲਾਵਾ ਦੂਜੇ ਦਿਨ ਪੰਜਾਬ ਦੇ ਮੁੱਖ ਮੰਤਰੀ ਜਨਾਬ ਸਰਦਾਰ ਉਸਮਾਨ ਬੁਜ਼ਦਾਰ ਤੇ ਕੇਂਦਰੀ ਰੇਲਵੇ ਮੰਤਰੀ ਜਨਾਬ ਸ਼ੇਖ ਰਸ਼ੀਦ ਨੇ ਵੀ ਹਿੱਸਾ ਲਿਆ। ਉਨਾਂ ਆਪਣੇ ਵਿਚਾਰਾਂ ਵਿਚ ਵਿਦੇਸ਼ਾਂ ਤੋਂ ਆਏ ਸਿੱਖ ਆਗੂਆਂ ਨੂੰ ਕਿਹਾ ਕਿ ਪੂਰਾ ਪੰਜਾਬ ਸਿੱਖਾਂ ਦਾ ਦੂਜਾ ਘਰ ਹੈ, ਉਹ ਜਦ ਚਾਹੁਣ ਆ ਸਕਦੇ ਹਨ ਤੇ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰ ਸਕਦੇ ਹਨ। ਸਮੁੱਚੀ ਦੁਨੀਆ ਵਿਚੋਂ ਆਉਣ ਵਾਲੇ ਸਿੱਖਾਂ ਨੂੰ ਕੋਈ ਤਕਲੀਫ ਨਹੀਂ ਆਉਣ ਦਿੱਤੀ ਜਾਵੇਗੀ।

ਕਨਵੈਨਸ਼ਨ ਦੇ ਤੀਜੇ ਤੇ ਆਖਰੀ ਦਿਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜਨਾਬ ਇਮਰਾਨ ਖਾਨ ਇਸ ਵੱਡੀ ਅੰਤਰਰਾਸ਼ਟਰੀ ਸਿੱਖ ਕਨਵੈਨਸ਼ਨ ਵਿਚ ਸ਼ਾਮਲ ਹੋਏ। ਉਨਾਂ ਨਾਲ ਪਾਕਿਸਤਾਨ ਦੀਆਂ ਫੌਜਾਂ ਦੇ ਆਲਾ ਅਫਸਰ, ਪਾਕਿਸਤਾਨ ਵਕਫ ਬੋਰਡ, ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਜ਼, ਹਾਈ ਕੋਰਟ ਤੇ ਸੁਪਰੀਮ ਕੋਰਟ ਦੇ ਜੱਜ ਸ਼ਾਮਲ ਹੋਏ।

ਇਸ ਆਖਰੀ ਦਿਨ ਅਮਰੀਕਨ ਸਿੱਖ ਕਾਕਸ ਕਮੇਟੀ ਦੇ ਐਗਜ਼ੈਕਟਿਵ ਡਾਇਰੈਕਟਰ ਹਰਪ੍ਰੀਤ ਸਿੰਘ ਸੰਧੂ ਨੇ ਪ੍ਰਧਾਨ ਮੰਤਰੀ ਤੇ ਸਮੁੱਚੀ ਕਨਵੈਸ਼ਨ ਨੂੰ ਸੰਬੋਧਨ ਕੀਤਾ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਤੇ ਪੂਰੇ ਅਵਾਮ ਦਾ ਏਡੀ ਵੱਡੀ ਕਨਵੈਨਸ਼ਨ ਕਰਾਉਣ ਲਈ ਸ਼ੁਕਰੀਆ ਅਦਾ ਕੀਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਨੇ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਮਨਾਉਣ ਲਈ ਬਹੁਤ ਵੱਡੇ ਪ੍ਰਬੰਧ ਕੀਤੇ ਹਨ ਤੇ ਸਾਰੇ ਪ੍ਰਬੰਧਾਂ ਨੂੰ ਆਖਰੀ ਛੋਹਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਲਈ ਪ੍ਰਧਾਨ ਮੰਤਰੀ ਵਧਾਈ ਦੇ ਹੱਕਦਾਰ ਹਨ।

ਇਸ ਤੋਂ ਬਾਅਦ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਰਤਾਰਪੁਰ ਸਾਹਿਬ ਸਿੱਖਾਂ ਦਾ ਮਦੀਨਾ ਤੇ ਨਨਕਾਣਾ ਸਾਹਿਬ ਸਿੱਖਾਂ ਦਾ ਮੱਕਾ ਹੈ, ਉਹ ਜਦ ਚਾਹੁਣ ਇਸ ਧਰਤੀ ਦੇ ਦਰਸ਼ਨ ਕਰਨ ਆ ਸਕਦੇ ਹਨ। ਵੀਜ਼ਾ ਸ਼ਰਤਾਂ ਸੌਖੀਆਂ ਕਰ ਦਿੱਤੀਆ ਗਈਆਂ ਹਨ, ਰਹਿਣ ਦੇ ਪ੍ਰਬੰਧ ਕਰ ਦਿੱਤੇ ਗਏ ਹਨ। ਸਿੱਖਾਂ ਨੂੰ ਕਿਸੇ ਕਿਸਮ ਦੀ ਤਕਲੀਫ ਨਹੀਂ ਆਉਣ ਦਿੱਤੀ ਜਾਵੇਗੀ। ਭਾਵੇਂ ਕਸ਼ਮੀਰ ਵਿਚ ਭਾਰਤ ਨੇ ਜ਼ਿਆਦਤੀ ਕਰਦਿਆਂ ਲੋਕਾਂ ਦੇ ਹੱਕਾਂ ਉਤੇ ਡਾਕਾ ਮਾਰਿਆ ਹੈ ਤੇ 80 ਲੱਖ ਕਸ਼ਮੀਰੀਆਂ ਨੂੰ ਇਕ ਮਹੀਨੇ ਤੋਂ ਕਰਫਿਊ ਲਾ ਕੇ ਕੈਦ ਕੀਤਾ ਹੋਇਆ ਹੈ ਪਰ ਇਸ ਦੇ ਬਾਵਜੂਦ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਕੰਮ ਜਾਰੀ ਰਹੇਗਾ ਤੇ ਸਮੇਂ ਸਿਰ ਸੰਪੂਰਨ ਕਰ ਦਿੱਤਾ ਜਾਵੇਗਾ। ਪਾਕਿਸਤਾਨ ਦਾ ਨਿਸ਼ਾਨਾ ਦੋਹਾਂ ਦੇਸ਼ਾਂ ਵਿਚ ਕਸ਼ੀਦਗੀ ਘਟਾ ਕੇ ਅਮਨ ਸਥਾਪਤ ਕਰਨਾ ਹੈ। ਜਨਾਬ ਇਮਰਾਨ ਖਾਨ ਨੇ ਕਿਹਾ ਕਿ ਵਿਦੇਸ਼ਾਂ ਵਿਚੋਂ ਆਏ ਸਾਰੇ ਸਿੱਖਾਂ ਦਾ ਸੁਆਗਤ ਹੈ ਤੇ ਉਹ ਖੁੱਲ੍ਹੇ ਦਿਲ ਨਾਲ ਆਪਣੇ ਗੁਰਦੁਆਰਿਆਂ ਦੇ ਦਰਸ਼ਨ ਕਰ ਸਕਦੇ ਹਨ। ਪ੍ਰਧਾਨ ਮੰਤਰੀ ਦੇ ਭਾਸ਼ਨ ਵਿਚ ਲਗਾਤਾਰ ਤਾੜੀਆ ਵੱਜਦੀਆਂ ਰਹੀਆਂ ਤੇ ਜੈਕਾਰੇ ਗੂੰਜਦੇ ਰਹੇ।

ਇਸ ਕਨਵੈਨਸ਼ਨ ਵਿਚ ਅਮਰੀਕਾ, ਕਨੇਡਾ, ਵਲਾਇਤ, ਯੂਰਪ ਤੇ ਭਾਰਤੀ ਕਬਜ਼ੇ ਹੇਠਲੇ ਪੰਜਾਬ ਵਿਚੋਂ ਸ. ਗੁਰਤੇਜ ਸਿੰਘ ਸਾਬਕਾ ਆਈਏਐਸ. ਜਗਮੋਹਨ ਸਿੰਘ ਟੋਨੀ ਤੇ ਪਰਮਜੀਤ ਸਿੰਘ ਗਾਜ਼ੀ ਸ਼ਾਮਲ ਹੋਏ। ਇਸ ਕਨਵੈਂਨਸਨ ਦੀ ਸਾਰੀ ਦੁਨੀਆ ਦੇ ਸੋਸ਼ਲ ਮੀਡੀਏ ਉਤੇ ਬਹੁਤ ਚਰਚਾ ਹੈ ਤੇ ਲੋਕ ਗੁਰੂ ਸਾਹਿਬ ਦੇ ਪ੍ਰਕਾਸ਼ ਉਤਸਵ ਲਈ ਪਾਕਿਸਤਾਨੀ ਸਰਕਾਰ ਤੇ ਦੇਸ਼ ਦੀ ਸਿਫਤ ਕਰ ਰਹੇ ਹਨ।

ਇਕ ਵੱਖਰੇ ਬਿਆਨ ਵਿਚ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਹੁਰਾਂ ਪਾਕਿਸਤਾਨੀ ਪ੍ਰਧਾਨ ਮੰਤਰੀ, ਪਾਕਿਸਤਾਨ ਪੰਜਾਬ ਦੇ ਗਵਰਨਰ, ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਅਤੇ ਭਾਈ ਹਰਪ੍ਰੀਤ ਸਿੰਘ ਸੰਧੂ ਤੇ ਸਮੁੱਚੇ ਪਾਕਿਸਤਾਨੀ ਪ੍ਰਸ਼ਾਸਨ ਦਾ ਧੰਨਵਾਦ ਕੀਤਾ ਹੈ, ਜਿਨਾਂ ਦੇ ਆਪਸੀ ਸਹਿਯੋਗ, ਮਿਹਨਤ ਤੇ ਲਗਨ ਨਾਲ ਇਹ ਅੰਤਰਰਾਸ਼ਟਰੀ ਕਨਵੈਨਸ਼ਨ ਕਾਮਯਾਬ ਹੋਈ ਹੈ।




Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja™ SWEETS & CATERING®
AUTHORIZED CATERER FOR MAJOR 5-STAR HOTELS
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

5TH ANNUAL BUYER'S TRADE SHOW IN PASADENA

**FREE** ADMISSION & FOOD

# APCA
AMERICAN PETROLEUM AND CONVENIENCE STORE ASSOCIATION

## Wednesday, September 25, 2019
## 1:00 PM to 6 PM

Pasadena Convention Center
300 E Green Street
Pasadena, CA 91101

## ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ
## ਇਸ ਵਾਰ ਪੰਜਵਾਂ ਸਾਲਾਨਾ ਟਰੇਡ ਸ਼ੋਅ ਲਾਸ ਏਂਜਲਸ ਵਿਖੇ ਹੋਵੇਗਾ

ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।



## Special Vendor Deals + New Items

100+ Vendor Booths And 400+ Retailers From All Over California

Hourly Cash Prizes
A GRAND PRIZE
And Free Raffle Prizes Are Being Given Away!












Designed By Punjab Mail USA



ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1, 2017 to January 31, 2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇੰਸਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!




kw DALLAS PRESTON ROAD
KELLERWILLIAMS. REALTY
REALTOR MLS
Buy Sell Homes
REAL ESTATE
Baljeet Kaur Pannu
REALTOR®
Call/Text: 972-522-9427
Web : www.MyDesiAgent.com
Email : bpannu@kw.com
18383 Preston Rd Ste-150, Dallas TX, 75252
Each office is individually owned and operated




ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300




ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org
ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com
ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200
DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41
NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM




KHALSA
INSURANCE AGENCY, INC.
Khalsa Insurance Agency is among TOP 50 agencies
2014 ACE INDIVIDUAL
KHALSA INSURANCE AGENCY
» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS
COVERED CALIFORNIA
Call Now for the Lowest Health Insurance Premiums available
Some Households qualify for FREE HEALTHCARE
OBAMACARE
COVERED CALIFORNIA
AFFORDABLE CARE ACT
California Health Benefit Exchange
Your destination for affordable health care
408-272-2500
Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL

SKYWAY TRAVEL
SERVICE TRUST
DOMESTIC and INTERNATIONAL

Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345



# Travel for Less Inc.

SPECIALIZED IN DISCOUNT FARES WORLDWIDE
INDIA | PAKISTAN | EUROPE



ASIANA AIRLINES
A STAR ALLIANCE MEMBER

Asiana Airlines
Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com

CALL 510-791-3300 Book online 24x7 @ www.Letsflyhome.com


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed


Dedicated to Sri Guru Nanak Dev ji's 550th Parkash Purb
UNITED SPORTS CLUB CALIFORNIA, AMERICA
15TH WORLD KABADDI CUP
15 SEPTEIMBER 2019, SUNDAY
(Timing 09:00am - 06pm)
(James Logan High School 1800 H Street, Union City, California 94587)
Major League Kabaddi Federation
ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ '15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ
ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ
ਤੀਰਥ ਗਾਖਲ
ਰੰਗ ਕਬੱਡੀ ਦੇ
Amolak Singh Gakhal
Chief Patron, United Sports Club
Sponsor of 1st Prize
Jagjit Singh Rakkar
Ocean Transport
Kuljit Singh Nijjar
White Hawlk
Sponsor of 2nd Prize
Jugraj Singh Sahota & Narinder Singh Sahota of Sahota Family
Late. Kashmir Singh Sahota
Sponsor of 3rd Prize
Jaswinder Boparai, Dalbir Boparai
Malkit Bopari, Gurdev Boparai
Diamond Sponsor
Inder Dosanjh
Dosanjh Family
Auto Group Inc.
Diamond Sponsor
In the loving Memory of
Late S. Mehnga Singh Sarai
By: Sarai Family
Sponsor All Open
1st Prize Sponsored by
TAKHAR FAMILY
in loving memory of Late. Santokh Singh Takhar
Apna Punjab Club
Media In charge
World Kabaddi Cup
S. Ashok Bhaura
Phone: 510 415 3315,
Email: ashokbhaura@gmail.com
ਮੁੱਖ ਮਹਿਮਾਨ
OPENING
ਮੈਨੀ ਗਰੇਵਾਲ
ਸੁਰਜੀਤ ਸਿੰਘ ਟੁੱਟ
ਓਲੰਪੀਅਨ ਸੁਰਿੰਦਰ ਸਿੰਘ ਸੋਢੀ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
ਰਾਜ ਸਲਵਾਨ
ਮੇਜਰ ਸਿੰਘ ਬੈਂਸ
ਤੀਰਥ ਸਿੰਘ ਗਾਖਲ
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Director
S. Ashok Bhaura Gen. Sec & Media Incharge
Narinder Singh Sahota Treasurer
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Director
ਵਿਸ਼ੇਸ਼ ਮਹਿਮਾਨ
Inderjit Singh Thind Director
Bakhtawar Singh Gakhal Director
Gurpreet Singh Gakhal Director
Giani Ravinder Singh Director
Baljinder Singh Gakhal Director
Harjinder Ladhar Director
Dalwinder Padda Director
Arundeep Singh Advisor
Baljinder Singh Advisor
Kirandeep Singh (director)
Kala Gakhal Director
Gurnam Singh Wraich
ਗੋਲਡ ਮੈਡਲ ਨਾਲ ਸਨਮਾਨ
GUEST OF HONOUR
Jagir Singh (Subzi Mandi)
Baljit Singh Sandhu
Rana Tutt
Hardumman Singh (Billa Sanghera)
Pritam Singh Grewal
Bhupinder Singh Parmar
Makhan Sandhu
Amarjit Sangha
Bhjan Singh Thiara
Harwinder Singh Atwal
Kuldip S. Sahota
Uppal Manjit Singh
Pamma deol
Jaswant Singh Hothi
Joga Kang
Jass Sohal
Mangal Singh Bhandal
Dr. Harjinder Khehra
Pr. Sarwan Singh
Happy Heer
Ram Saroye
Rana Dhillon
Balwinder Walia
Dr. Baljinder Grewal
Gurdeep Singh Gakhal
Nirmal Singh Sahota
Lucky Sahota
Jaskaran Singh Dhaliwal
SP Singh
Sarup Singh Jhaj
Inderjit Dhugga
Lakha
Amrik Chand Lakha CPA
Santokh Singh Judge
Sarabjit Dhaliwal
Satnam Singh Bal
Sukhdev Singh Grewal
Sukhjit Singh Sandhu
Kulwant Singh Khaira
Jaswant Singh Sarai
Ateetpal Singh
Arundeep Singh
Jagdeep Singh
Ravinder Singh Dhaliwal
Paramjit Sekhon
Dhanna Coach
Ruby Harkhowal
TUTT BROTHERS, INDER DOSANJH AUTO GROUP INC., OCEAN TRANSPORTS & WHITE HAWLK, INDERJIT THIND, JASPREET S ATORNY, GN TIRE & LUBE, TIRATH S GAKHAL, PAMMA LUDHAR. SIKH PANCHYAT, SANTOKH S. JUDGE, BOB DHILLON. MANN INSURANCE BROKERS, SIKH PANCHAYAT SADH SANGAT, SURINDER S. ATWAL, S. HARWINDER SINGH ATWAL. RANDHIR S. NIJJAR. JASWANT SINGH HOTHI, KASHMIR S DHOOT, SUNRISE TRUCKING, HARDUMAN (BILLA) SANGHERA, KULDEEP S. DHALIWAL, SUKHJIT S SANDHU. PARGAN SINGH. INDIAN GOURMET, BHUPINDER S PARMAR , MANJIT SINGH, MEHNGA S. SARPANCH, AVTAR S BAINS. RAM SINGH, MANJINDER SANDHU, SURJIT SINGH BAINS, RAMA BHANDAL, CHARNJIT SINGH DHALIWAL, SARBJIT SINGH DHALIWAL. AMARITPAL S. DHILLON, BALIHAR SINGH SARPANCH, MOGA LOGISTIC INC., JEWEL OF INDIA INC.
MIKE BOPARAI, JASWANT SINGH SARAI, MANNY GREWAL, JAGDEEP SINGH INSURANCE, RAJ BHANOT, BALJIT S. SAHOTA, AMARJIT S. SANGHA, MANGAL S. BHANDAL, KULWANT S. NIJJAR, SUKHDEV S. BANIWAL, NAJAR SINGH SAHOTA, PRITAM S. GREWAL, HARDEV S. TAKHAR, SUKHBIR S. NIJJAR, KULWANT S KHEHRA, SUKHWANT S KHEHRA, BAY STAR TRANSPORT, MEHFIL INDIAN RESTAURANT, SHAHID BHAGAT SINGH CRICKET CLUB. GARRY S COMMISSIONER, RAM MURTI SAROYE, LAKHBIR S PATWARI, KARAN THIARA, AMRIK CHAND CPA, TIRATH S. SALH. PCA, DHANNA SINGH KABADI COACH, BALJINDER SINGH KLAIR, SUKHWANT SINGH KLAIR, BALRAJ SINGH. SARBJIT
CENTRAL VALLEY SPORTS CLUB, KINGS SPORTS CLUB SACRAMENTO, NATOMOUS LIQUOR, GURNAM SINGH. PUNJAB TENT HOUSE, JAGTAR SINGH, AVTAR S SRA, HARBHAJAN S GAKHAL. ALVARADO B P SERVICE. LACHHMAN S MANGAT, BILL BAINS CPA. MAJOR S GAKHAL, SOHAN S GAKHAL. JARNAIL S MANN. JASVIR S TAKHAR. SURINDER S DHANOA, BOOTA SINGH, SHANKAR SINGH, JASBIR S NAHAL, CAR WASH GILLROY. RANA KAHLON, SUCHA RAM BHARTA. SHASHI PAUL, HARWINDER S DHALIWAL. MAJOR S GILL. JACK RAM, PAUL RAM, SEWA SINGH, JASSI SHERGILL, MALAGHAR S KHERA, BITTU RAI, BALWINDER VIRK, JASWANT UPPAL, KULDEEP S MANN, JOGA SINGH, NACHHATTAR KHABRA, CHARAN SINGH BHANDAL, KIRPAL SINGH ATWAL, JAGJIT SINGH, GURBAX SINGH DHILLON.
All Kabaddi Lovers are openly Invited
Raja Sweets & Catering
RAMA PHOTO VIDEO
CHICAGO'S PIZZA
ਆਲ ਓਪਨ ਯੂ.ਐੱਸ.ਏ: ਯੂਨਾਈਟਡ ਸਪੋਰਟਸ ਕਲੱਬ, ਯੰਗ ਸਪੋਰਟਸ ਕਬੱਡੀ ਕਲੱਬ ਕੈਲੀਫੋਰਨੀਆਂ
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Bay Area Sports Club 2. Young Sports Kabaddi Club CA. 3. Metro Sports Club New York 4. Canada Club
ਕੁਮੈਂਟੇਟਰ
Spectator Have to reach at James Logan High School, International Law of Kabddi will apply, United Sports Club has reserve the right for last decisions.

# ਹੜ੍ਹਾਂ ਕਾਰਨ ਖਾਲਸਿਆਂ ਦਾ ਪਿੰਡ ਮੁੰਡੀ ਕਾਲੂ ਬਣ ਗਿਆ ਟਾਪੂ

***ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਨੇ ਹੜ੍ਹ ਪ੍ਰਭਾਵਤ ਪਿੰਡਾਂ ਦਾ ਕੀਤਾ ਦੌਰਾ • ਸਰਕਾਰੀ ਹੈਲੀਕਾਪਟਰਾਂ ਨੇ ਰਾਹਤ ਸਮੱਗਰੀ ਦੀਆਂ ਬੋਰੀਆਂ ਸੁੱਟਦਿਆਂ ਕਈ ਹੜ੍ਹ ਪੀੜਤਾਂ ਦੀਆਂ ਛੱਤਾਂ ਭੰਨ੍ਹੀਆਂ***

**ਵਿਸ਼ੇਸ਼ ਰਿਪੋਰਟ/ਪ੍ਰੋ. ਬਲਵਿੰਦਰਪਾਲ ਸਿੰਘ**
(ਮੋਬ. 98157-00916)



ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਮੁਖ ਸੇਵਾਦਾਰ ਪਰਮਿੰਦਰਪਾਲ ਸਿੰਘ ਖਾਲਸਾ , ਪ੍ਰੋ ਬਲਵਿੰਦਰਪਾਲ ਸਿੰਘ ਸਕੱਤਰ, ਸੰਦੀਪ ਸਿੰਘ ਚਾਵਲਾ ਬੰਨੀ, ਭਾਈ ਕਮਲ ਚਰਨਜੀਤ ਸਿੰਘ ਹੈਪੀ , ਸਾਹਿਬ ਸਿੰਘ ਆਰਟਿਸਟ , ਨਵਤੇਜ ਸਿੰਘ ਟਿੰਮੀ ਕਾਨਪੁਰੀ , ਜਤਿੰਦਰ ਸਿੰਘ ਫੋਟੋ ਗ੍ਰਾਫਰ ਖਾਲਸਿਆਂ ਦੇ ਪਿੰਡ ਮੁੰਡੀ ਕਾਲੂ ਪਹੁੰਚੇ ਜਿਥੇ 16 ਪਰਿਵਾਰ ਵਸਦੇ ਹਨ। ਪਿੰਡ ਚਾਰੇ ਪਾਸੇ ਧੁੱਸੀ ਬੰਨ ਟੁੱਟਣ ਕਾਰਣ ਪਾਣੀ ਵਿਚ ਘਿਰਿਆ ਟਾਪੂ ਬਣ ਗਿਆ ਹੈ। ਆਲੇ ਦੁਆਲੇ ਪਾਣੀ ਵੀ ਪੰਦਰਾਂ ਫੁੱਟ ਹੈ। ਇਸ ਪਿੰਡ ਵਿਚ ਪਹੁੰਚਣ ਲਈ ਬੋਟ ਦੀ ਵਰਤੋਂ ਕਰਨੀ ਪੈਂਦੀ ਹੈ। ਸਰਕਾਰ ਨੇ ਜੋ ਦੋ ਬੇੜੀਆਂ ਇਸ ਪਿੰਡ ਨੂੰ ਦਿੱਤੀਆਂ ਹਨ ਉਹ ਬਹੁਤ ਕਮਜ਼ੋਰ ਹਨ। ਇਹਨਾਂ ਵਿਚ ਪਾਣੀ ਵੜ ਆਉਂਦਾ ਹੈ। ਇਹ ਕਿਸੇ ਵੇਲੇ ਵੀ ਹਾਦਸੇ ਦਾ ਸ਼ਿਕਾਰ ਹੋ ਸਕਦੀਆਂ ਹਨ। ਇੱਥੋਂ ਤੱਕ ਸਰਕਾਰ ਨੇ ਲਾਈਫ ਸੇਵਿੰਗ ਜੈਕਟਾਂ ਵੀ ਨਹੀਂ ਦਿਤੀਆਂ ਤਾਂ ਜੋ ਪਾਣੀ ਵਿਚ ਡੁਬਣ ਤੋਂ ਆਪਣੇ ਆਪ ਨੂੰ ਬਚਾਇਆ ਜਾ ਸਕੇ।

ਪਿੰਡ ਦੇ ਬਾਹਰ ਬਾਬਾ ਸੁਖਾ ਸਿੰਘ ਕਾਰ ਸੇਵਾ ਵਾਲਿਆਂ ਨੇ ਲੰਗਰ ਲਗਾਇਆ ਹੋਇਆ ਹੈ। ਸੰਗਤ ਤਕਰੀਬਨ ਬੰਨ ਕੰਪਲੀਟ ਕਰ ਚੁੱਕੀ ਹੈ, ਪਰ ਇਹ ਪੱਕਾ ਬੰਨ੍ਹ ਨਹੀਂ ਹੈ। ਇਹ ਸਰਕਾਰ ਨੂੰ ਬਣਾਉਣਾ ਪੈਣਾ ਹੈ। ਇਸ ਨਾਲ ਆਵਾਜਾਈ ਸ਼ੁਰੂ ਹੋ ਜਾਵੇਗੀ।



ਇਸ ਪਿੰਡ ਵਿਚ ਸਰਕਾਰੀ ਸਹਾਇਤਾ ਬਿਲਕੁਲ ਨਹੀਂ ਆਈ। ਬਾਬਾ ਸੀਚੇਵਾਲ ਵੀ ਇਹਨਾਂ ਖਾਲਸਿਆਂ ਦੇ ਪਿੰਡ ਹਾਲੇ ਨਹੀਂ ਢੁਕੇ। ਇਹ ਪਿੰਡ ਪੂਰਨ ਗੁਰ ਸਿਖਾਂ ਦਾ ਹੈ। ਪਰ ਟਾਪੂ ਵਜੋਂ ਬਣਨ ਕਾਰਣ ਸੰਗਤ ਦੀ ਸਹਾਇਤਾ ਤੋਂ ਵੀ ਵਾਂਝਾ ਹੈ। ਇਸ ਬਾਰੇ ਬਹੁਤ ਘੱਟ ਲੋਕਾਂ ਨੂੰ ਜਾਣਕਾਰੀ ਹੈ। ਪਿੰਡ ਮੁੰਡੀ ਕਾਲੂ ਦੇ ਖੇਤ ਕਾਲਾ ਦਰਿਆ ਬਣ ਗਏ ਹਨ। ਖੇਤਾਂ ਦਾ ਨਾਮੋ ਨਿਸ਼ਾਨ ਮਿਟ ਚੁੱਕਾ ਹੈ। ਪੰਚ ਜਥੇਦਾਰ ਕੁਲਦੀਪ ਸਿੰਘ ਖਾਲਸਾ ਆਪ ਬੋਟ ਚਲਾਕੇ ਸਾਡੀ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਚਾਰ ਮੈਂਬਰਾਂ ਪਰਮਿੰਦਰ ਪਾਲ ਸਿੰਘ ਖਾਲਸਾ ਪ੍ਰਧਾਨ, ਬਲਵਿੰਦਰ ਪਾਲ ਸਿੰਘ, ਬੰਨੀ ਚਾਵਲਾ, ਸਾਹਿਬ ਸਿੰਘ ਨੂੰ ਪਾਣੀ ਵਿਚ ਘਿਰੇ ਟਾਪੂ ਨੁਮਾ ਪਿੰਡ ਵਿਚ ਲੈ ਗਏ। ਬੇੜੀ ਕਾਫੀ ਟੁੱਟੀ ਭੱਜੀ ਸੀ। ਰਾਹ ਵਿਚ ਪਾਣੀ ਵੀ ਮੱਘਿਆਂ, ਜੱਗਾਂ ਰਾਹੀਂ ਬਾਹਰ ਸੁੱਟਣਾ ਪੈਂਦਾ ਸੀ ਨਹੀਂ ਤਾਂ ਬੇੜੀ ਡੁੱਬ ਸਕਦੀ ਸੀ। ਇਹ ਯਾਤਰਾ ਬਹੁਤ ਖਤਰੇ ਵਾਲੀ ਸੀ। ਅਸੀਂ ਆਪਣੀ ਜਾਨ ਖਤਰੇ ਵਿਚ ਪਾਕੇ ਟੁੱਟੀ ਬੇੜੀ ਵਿਚ ਸਵਾਰ ਹੋ ਕੇ ਗਏ। ਬਾਕੀ ਸਾਡੇ ਮੈਂਬਰ ਪੁਲ ਕੋਲ ਠਹਿਰ ਗਏ। ਬੇੜੀ ਵਿਚ ਬੈਠੇ ਇਕ ਹੋਰ ਪਿੰਡ ਦੇ ਬੰਦੇ ਰਵਿੰਦਰ ਸਿੰਘ ਨੇ ਦਸਿਆ ਚਮੜੇ ਵਾਲਾ ਮਾਲੀਨ ਚਿਟੀ ਵੇਂਈ ਨਕੋਦਰ ਦਾ ਪਾਣੀ ਧੁਸੀ ਬੰਨ ਟੁਟਣ ਕਾਰਣ ਇਥੇ ਪਿੰਡ ਦੇ ਦੁਆਲੇ ਪਸਰ ਗਿਆ ਹੈ। ਇਥੋਂ ਬਹੁਤ ਬੋਅ ਆਉਂਦੀ ਹੈ। ਸਾਡਾ ਸਾਹ ਲੈਣਾ ਔਖਾ ਹੋਇਆ ਪਿਆ ਹੈ। ਸਾਡੇ ਪਿੰਡ ਦੇ ਲੋਕਾਂ ਨੂੰ ਸਾਹ ਦੀਆਂ ਬਿਮਾਰੀਆਂ ਖਾਂਸੀ, ਅੱਖਾਂ ਵਿਚ ਜਲਨ ਹੋ ਚੁੱਕੀ ਹੈ। ਪੰਚ ਕੁਲਦੀਪ ਸਿੰਘ ਖਾਲਸਾ ਨੇ ਆਪਣਾ ਛੋਟਾ ਜਿਹਾ ਪਿੰਡ ਦਿਖਾਉਂਦਿਆਂ ਦੱਸਿਆ ਕਿ ਸਰਕਾਰੀ ਹੈਲੀਕਾਪਟਰਾਂ ਰਾਹੀਂ ਸਾਡੇ 'ਤੇ ਖੁਰਾਕ ਸਮਗਰੀ ਵਗਾਹ ਮਾਰੀ ਜਿਸ ਨਾਲ ਸਾਡੀਆਂ ਛਤਾਂ ਟੁਟ ਗਈਆਂ। ਕਾਫੀ ਸਮਗਰੀ ਪਾਣੀ ਵਿਚ ਜਾ ਡਿੱਗੀ। ਸਾਨੂੰ ਅਜਿਹੀ ਸਮਗਰੀ ਦਾ ਕੀ ਫਾਇਦਾ ਜੋ ਸਾਡਾ ਹੋਰ ਨੁਕਸਾਨ ਕਰ ਦੇ। ਇਸ ਪਿੰਡ ਵਿਚ ਟੈਲੀਵਿਜ਼ਨ ,ਫਰਿੱਜ, ਫਰਨੀਚਰ ਸਭ ਖਰਾਬ ਹੋ ਗਏ ਹਨ। ਨੀਹਾਂ ਵਿਚ ਪਾਣੀ ਜਾਣ ਕਰਕੇ ਘਰਾਂ ਨੂੰ ਨੁਕਸਾਨ ਹੋ ਰਿਹਾ ਹੈ। ਨੀਹਾਂ ਥੱਲੇ ਧੱਸ ਗਈਆਂ ਹਨ। ਇੱਥੇ ਜਦ ਖੇਤਾਂ ਦਾ ਨਾਮੋ ਨਿਸ਼ਾਨ ਨਹੀਂ ਤਾਂ ਫ਼ਸਲ ਕਿੱਥੋਂ ਹੋਣੀ ਹੈ। ਅਸੀਂ ਤਾਂ ਕਿਸੇ ਜੋਗੇ ਵੀ ਨਹੀਂ ਰਹੇ। ਸਾਰਾ ਪਿੰਡ ਬੇਰੁਜ਼ਗਾਰ ਹੋ ਗਿਆ। ਸ਼੍ਰੋਮਣੀ ਕਮੇਟੀ ਹੀ ਸਾਨੂੰ ਕੋਈ ਨੌਕਰੀ ਦੇ ਦੇਵੇ। ਸਰਕਾਰ ਹੀ ਸਾਨੂੰ ਕੋਈ ਰੁਜ਼ਗਾਰ ਦੇ ਦੇਵੇ। ਅਸੀਂ ਕਿਸੇ ਕੋਲ ਮੰਗ ਕੇ ਨਹੀਂ ਖਾਣਾ ਚਾਹੁੰਦੇ, ਪਰ ਭਾਖੜੇ ਵਾਲਿਆਂ ਨੇ ਪਾਣੀ ਛੱਡ ਕੇ ਸਾਡਾ ਬੇੜਾ ਗਰਕ ਕਰ ਦਿੱਤਾ ਹੈ ਤੇ ਸਾਨੂੰ ਮੰਗਤੇ ਬਣਾ ਦਿੱਤਾ ਹੈ।

ਜਥੇਦਾਰ ਕੁਲਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਇਕ ਵਾਰ ਤਾਂ ਲੱਗਣ ਲੱਗ ਪਿਆ ਸੀ ਕਿ ਉਨ੍ਹਾਂ ਦਾ ਸਾਰਾ ਟੱਬਰ ਹੀ ਰੁੜ੍ਹ ਜਾਵੇਗਾ। ਹੜ੍ਹ ਦੀ ਪਹਿਲੀ ਰਾਤ ਉਹ ਸੌਂ ਨਹੀਂ ਸਕੇ ਤੇ ਉਨ੍ਹਾਂ ਨੂੰ ਸ਼ੂਕਦਾ ਪਾਣੀ ਹੀ ਦਹਿਸ਼ਤ ਮਚਾ ਰਿਹਾ ਸੀ। ਜਦੋਂ ਸਵੇਰ ਹੋਈ ਤਾਂ ਦੇਖਿਆ ਕਿ ਹਰ ਪਾਸੇ ਪਾਣੀ ਹੀ ਪਾਣੀ ਸੀ ਤੇ ਸਾਡਾ ਪਿੰਡ ਟਾਪੂ ਬਣ ਗਿਆ ਸੀ। ਫਸਲਾਂ ਦਾ ਕਿਧਰੇ ਕੋਈ ਨਾਂ ਨਿਸ਼ਾਨ ਨਜ਼ਰ ਨਹੀਂ ਸੀ ਆ ਰਿਹਾ।

ਜਦੋਂ ਅਸੀਂ ਇਸ ਪਿੰਡ ਦੇ ਇਕ ਹੋਰ ਘਰ ਪਹੁੰਚੇ ਤਾਂ ਉੱਥੋਂ ਦੀ ਗੁਰਮੀਤ ਕੌਰ ਨੇ ਦੱਸਿਆ ਕਿ ਸਾਡਾ ਤੂੜੀ ਵਾਲਾ ਸ਼ੈਡ ਟੁੱਟ ਗਿਆ ਹੈ। ਸਾਰਾ ਫਰਨੀਚਰ, ਫਰਿੱਜ, ਟੀਵੀ ਖਤਮ ਹੋ ਚੁੱਕੇ ਹਨ। ਬਿਸਤਰੇ ਅਤੇ ਗੱਦੇ ਖਰਾਬ ਹੋਣ ਕਾਰਨ ਅਸੀਂ ਦਰਿਆ ਵਿਚ ਸੁੱਟ ਦਿੱਤੇ। ਉਥੋਂ ਦੇ ਹੀ ਇੱਕ ਹੋਰ ਸਾਧਾ ਸਿੰਘ ਨੇ ਦੱਸਿਆ ਕਿ ਸਾਡੇ ਕਮਰਿਆਂ ਵਿਚ ਤਿੰਨ ਤਿੰਨ ਫੁੱਟ ਪਾਣੀ ਵੜ ਗਿਆ ਤੇ ਸਾਨੂੰ ਛੱਤਾਂ 'ਤੇ ਜਾਣਾ ਪਿਆ। ਇੱਥੇ ਬਿਜਲੀ ਦਾ ਬਹੁਤ ਮਾੜਾ ਹਾਲ ਹੈ। ਤਿੰਨ ਚਾਰ ਘੰਟੇ ਹੀ ਬਿਜਲੀ ਆਉਂਦੀ ਹੈ।



ਅਸੀਂ ਸਿੱਖ ਸੇਵਕ ਸੁਸਾਇਟੀ ਵਲੋਂ ਇਸ ਪਿੰਡ ਵਿਚ ਆਡੋਮਾਸ, ਡਿਟੋਲ, ਵੱਡੀਆਂ ਮੋਮਬਤੀਆਂ, ਮਾਚਿਸਾਂ, ਗੁਡ ਨਾਈਟ ਕਛੂਆ ਛਾਪ, ਮੱਛਰ ਮਾਰ ਸਪਰੇਅ, ਸਫਾਈ ਲਈ ਵਾਈਪਰ ਅਤੇ ਗਿਲੋਅ ਦੀ ਗੋਲੀਆਂ ਲੈ ਕੇ ਗਏ ਤਾਂ ਜੋ ਲੋਕਾਂ ਦੇ ਸੈਲ ਨਾ ਘਟਣ। ਅਗਲੇ ਹਫਤੇ ਅਸੀਂ ਇਹਨਾਂ ਹੜ੍ਹ ਪੀੜਤ ਪਿੰਡਾਂ ਵਿਚ ਮੈਡੀਕਲ ਕੈਂਪ ਲਗਾਵਾਂਗੇ ਤੇ ਪਿੰਡਾਂ ਦੇ ਬਾਹਰ ਮੱਛਰ ਮਾਰ ਦਵਾਈ ਦਾ ਸਪ੍ਰੇਅ ਕਰਾਂਗੇ। ਇਸ ਸੰਬੰਧ ਵਿਚ ਅਸੀਂ ਵੱਡੇ ਪੰਪ ਮੰਗਵਾ ਲਏ ਹਨ। ਸਿਹਤ ਵਿਭਾਗ ਇਸ ਸੰਬੰਧ ਵਿਚ ਕੋਈ ਧਿਆਨ ਨਹੀਂ ਦੇ ਰਿਹਾ, ਇਸ ਕਰਕੇ ਡਿਪਟੀ ਕਮਿਸ਼ਨਰ ਨੂੰ ਵੀ ਮਿਲਣ ਦਾ ਮਨ ਬਣਾਇਆ ਹੈ। ਕਾਲੇ ਪਾਣੀ ਦੇ ਸੈਂਪਲ ਭਰ ਕੇ ਸਰਕਾਰੀ ਮਨਜ਼ੂਰਸ਼ੁਦਾ ਮੁਹਾਲੀ ਲੈਬ ਦੇ ਵਿਚ ਦਿੱਤੇ ਜਾ ਰਹੇ ਹਨ, ਤਾਂ ਜੋ ਸਰਕਾਰ ਨੂੰ ਰਿਪੋਰਟ ਪੇਸ਼ ਕੀਤੀ ਜਾ ਸਕੇ ਤੇ ਸੰਬੰਧਿਤ ਸਰਕਾਰੀ ਅਦਾਰਿਆਂ 'ਤੇ ਕਾਰਵਾਈ ਹੋਵੇ, ਜਿਸ ਕਰਕੇ ਲੋਕਾਂ ਨੂੰ ਬਿਮਾਰੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।

**ਦਲਿਤਾਂ ਦਾ ਹੜ੍ਹ ਪੀੜਤ ਪਿੰਡ ਮੰਡਿਆਲਾ -**

ਪਿੰਡ ਮੰਡਿਆਲਾ ਜੋ ਦਲਿਤਾਂ ਤੇ ਇਸਾਈਆਂ ਦਾ ਵੱਡਾ ਪਿੰਡ ਹੈ, ਵਿਚ ਵਡਾ ਨੁਕਸਾਨ ਹੋਇਆ ਹੈ। ਲੋਕਾਂ ਦੇ ਘਰ ਟੁਟ ਗਏ ਹਨ। ਹੜਾਂ ਕਾਰਣ ਘੜਾਂ ਵਿਚ ਪਾਣੀ ਵੜਨ ਕਾਰਣ ਘਰ ਦਾ ਸਮਾਨ ਫਰਨੀਚਰ ਬੈਡ ਸਭ ਖਰਾਬ ਹੋ ਚੁਕੇ ਹਨ। ਹੜ੍ਹ ਦੀ ਲਪੇਟ ਵਿਚ ਆਏ ਇਸ ਪਿੰਡਾਂ ਵਿਚ ਡੇਗੂ, ਮਲੇਰੀਆ, ਚਮੜੀ ਦੀਆਂ ਬਿਮਾਰੀਆਂ, ਅੱਖਾਂ ਦੀ ਬਿਮਾਰੀਆਂ ਫੈਲ ਰਹੀਆਂ ਹਨ। ਅਸੀਂ ਇਥੇ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵਲੋਂ ਇਨ੍ਹਾਂ ਪਿੰਡਾਂ ਵਿਚ ਡਿਟੋਲ , ਡਿਟੋਲ ਸਾਬਣ , ਕਛੂਆ ਛਾਪ , ਬਲੱਡ ਕਾਉਂਟ ਵਧਾਉਣ ਵਾਲੀਆਂ ਆਯੁਰਵੈਦਿਕ ਟੈਬਲੇਟ , ਆਡੋਮਾਸ ਟਿਊਬ , ਬਦਬੂ ਤੋਂ ਬਚਣ ਲਈ ਮੈਡੀਕਲ ਫੇਸ ਮਾਸਕ ਆਦਿ ਵਸਤੂਆਂ ਦੀਆ ਮੈਡੀਕਲ ਕਿੱਟ ਵੰਡੀਆਂ। ਇਥੇ ਮੈਡੀਕਲ ਕੈਂਪਾਂ ਦੀ ਲੋੜ ਅਨੁਸਾਰ ਸਿੱਖ ਸੇਵਕ ਸੁਸਾਇਟੀ ਵਲੋਂ ਉਪਰਾਲਾ ਕੀਤਾ ਜਾ ਰਿਹਾ ਹੈ ਤੇ ਲੋਕਾਂ ਨੂੰ ਇਹਨਾਂ ਬਿਮਾਰੀਆਂ ਤੋਂ ਬਚਣ ਲਈ ਖਾਸ ਹਦਾਇਤਾਂ ਵਾਲਾ ਮੈਡੀਕਲ ਪੋਸਟਰ ਵੰਡਿਆ ਗਿਆ।

ਇਸ ਮੌਕੇ ਇਕ ਗੱਲ ਦੇਖਣ ਵਾਲੀ ਹੈ ਕਿ ਜਿਹੜੇ ਦਲਿਤ ਇਸਾਈ ਬਣ ਚੁੱਕੇ ਸਨ, ਉਨ੍ਹਾਂ ਨੂੰ ਇਸਾਈ ਧਰਮ ਬਾਰੇ ਕੋਈ ਗਿਆਨ ਨਹੀਂ ਸੀ। ਉਥੋਂ ਦੇ ਲੋਕਾਂ ਦਾ ਕਹਿਣਾ ਸੀ ਕਿ ਕੁਝ ਲੋਕਾਂ ਦੀ ਮਦਦ ਕਰਕੇ ਉਨ੍ਹਾਂ ਨੂੰ ਇਸਾਈ ਬਣਾਇਆ ਗਿਆ ਹੈ, ਪਰ ਇਹ ਪਾਸਟਰ ਦੇ ਬੁਲਾਏ ਚਰਚ ਵਿਚ ਜਾਂਦੇ ਹਨ। ਪਰ ਈਸਾਈ ਬਣ ਕੇ ਵੀ ਉਹਨਾਂ ਦਾ ਜੀਵਨ ਨਹੀਂ ਸੁਧਰਿਆ। ਉਹਨਾਂ ਦੇ ਦਸਣ ਅਨੁਸਾਰ ਈਸਾਈ ਬਣਨ ਲਈ ਆਰਥਿਕ ਮਦਦ ਹੁੰਦੀ ਹੈ। ਹੁਣ ਵੀ ਹੜਾਂ ਦੌਰਾਨ ਪਾਸਟਰਾਂ ਤੋਂ ਮਦਦ ਮੰਗੀ ਪਰ ਬਹਾਨਾ ਬਣਾ ਦਿੱਤਾ ਕਿ ਸਿਖ ਕਰ ਰਹੇ ਹਨ। ਬਾਕੀ ਜੇ ਲੋੜ ਪਈ ਤਾਂ ਕਰ ਦੇਵਾਂਗੇ। ਜੋ ਦਲਿਤ ਤੋਂ ਬਣਿਆ ਈਸਾਈ ਸਾਨੂੰ ਪਿੰਡਾਂ ਦੇ ਰਾਹ ਦਸ ਰਿਹਾ ਸੀ ਉਸ ਦਾ ਬੇਟਾ ਡੇਂਗੂ ਨਾਲ ਬਿਮਾਰ ਸੀ। ਸਰਕਾਰੀ ਹਸਪਤਾਲ ਵਿਚ ਇਲਾਜ ਸਹੀ ਨਾ ਹੋ ਸਕਿਆ ਤਾਂ ਉਸਨੂੰ ਕਿਸੇ ਗੁਰਸਿੱਖ ਦੀ ਮਦਦ ਨਾਲ ਪਰਾਈਵੇਟ ਹਸਪਤਾਲ ਦਾਖਲ ਕਰਵਾਉਣਾ ਪਿਆ। ਸੱਚਮੁਚ ਦਲਿਤ ਭੋਲੇ ਲੋਕ ਹਨ। ਉਹ ਗਰੀਬੀ ਤੇ ਅਨਪੜਤਾ ਕਾਰਣ ਮਨੁੱਖ ਦੀ ਥਾਂ ਪਸ਼ੂ ਦੀ ਜੂਨ ਹੰਡਾ ਰਹੇ ਹਨ। ਧਰਮ ਵੀ ਬਦਲਿਆ ਪਰ ਜੀਵਨ ਵਿਚ ਤਬਦੀਲੀ ਨਹੀਂ ਹੋਈ।

**ਪੰਜਾਬੀਆਂ ਦੇ ਹੌਸਲੇ ਬੁਲੰਦ -**

ਜੋ ਪੰਜਾਬ ਵਿਚ ਹੜਾਂ ਕਾਰਣ ਪੰਜਾਬ ਤੇ ਭਾਰੀ ਪਈ ਹੈ ਗੁਰੂ ਪੰਥ ਸਮੂਹ ਪੰਜਾਬੀਆਂ ਦੇ ਸਹਿਯੋਗ ਨਾਲ ਯੋਧਿਆਂ ਦੀ ਤਰ੍ਹਾਂ ਜੂਝ ਰਿਹਾ ਹੈ। ਹੜ੍ਹ ਪੀੜਤ ਪਿੰਡਾਂ ਵਿਚ ਦੇਖੋ ਗੁਰੂ ਦੀਆਂ ਫੌਜਾਂ ਲੋਕ ਭਲੇ ਲਈ ਪਹਿਰੇਦਾਰੀ ਕਰ ਰਹੀਆਂ ਹਨ। ਸੇਵਾ ਕਰਨ ਦੂਰ ਦੁਰਾਡੇ ਇੰਜ ਭਜੀਆਂ ਆਉਦੀਆਂ ਹਨ, ਜਿਵੇ ਕਿਸੇ ਅਬਦਾਲੀ ਨਾਲ ਯੁਧ ਕਰਨਾ ਜਾਣਾ ਹੋਵੇ। ਪੁਲ ਬਣਾਉਂਦਿਆਂ ਦੇਖ ਕੇ ਇੰਝ ਲੱਗਦਾ ਸੀ ਕਿ ਇਹ ਲੋਕ ਤਾਂ ਹਰ ਆਫਤ ਨਾਲ ਟੱਕਰ ਲੈ ਸਕਦੇ ਹਨ। ਜਥੇ ਦੇ ਜਥੇ ਬਣਾ ਕੇ ਪੁਲ ਬੰਨ੍ਹਣ ਲਈ ਮੰਡਿਆਲਾ ਕੋਲ ਜੈਕਾਰੇ ਗੂੰਜਾਉਂਦੇ ਆ ਰਹੇ ਸਨ। ਏਨਾ ਜਜਬਾ ਦੇਖਕੇ ਮੈਂ ਹੈਰਾਨ ਹਾਂ। ਗੁਰੂ ਅੰਗ ਸੰਗ ਹੈ ਇਹਨਾਂ ਨਾਲ। ਗੁਰੂ ਅਗਵਾਈ ਕਰ ਰਿਹਾ ਸਾਡੀ ਸੱਚੀ ਸਰਕਾਰ ਵਜੋ ਸਾਰਾ ਸੰਸਾਰ ਦੰਗ ਹੈ, ਭਾਰਤ ਦੰਗ ਹੈ। ਲੋਕ ਦੰਗ ਹਨ। ਖਾਲਸਾ ਆਪਣੇ ਗੁਰੂ ਵਾਂਗ ਸਮਰੱਥ ਹੈ। ਗੁਰ ਜੀ ਦਾ ਫੁਰਮਾਨ ਹੈ 'ਸਾ ਸੇਵਾ ਕੀਤੀ ਸਫ਼ਲ ਹੈ, ਜਿਤ ਸਤਿਗੁਰ ਕਾ ਮੰਨ ਮੰਨੇ ॥

**ਇਹਨਾਂ ਪਿੰਡਾਂ ਦਾ ਦੌਰਾ ਕੀਤਾ -**

ਅਸੀਂ ਮੰਡਿਆਲਾ, ਮੰਡਿਆਲਾ ਛੰਨਾ, ਧਕਾ ਬਸਤੀ, ਮੁੰਡੀ ਸ਼ਹਿਰੀਆਂ, ਮੁੰਡੀ ਚੋਹਲੀਆ ਮੁੰਡੀ ਕਾਸੋ, ਲਖੋ ਕੇ, ਜਾਨੀਆ ਚਾਹਲ ਵਿਚ ਗਏ ਜਿੱਥੇ ਵਡਾ ਨੁਕਸਾਨ ਹੋਇਆ ਹੈ। ਇੱਥੋਂ ਦੇ ਲੋਕਾਂ ਦਾ ਕਹਿਣਾ ਹੈ ਕਿ ਹੜ੍ਹਾਂ ਕਾਰਨ ਪਸ਼ੂ ਮਰੇ ਹਨ। ਖੇਤੀ ਦੀ ਜ਼ਮੀਨ ਰੁੜ ਗਈ ਹੈ। ਝੋਨਾ ਤਬਾਹ ਹੋ ਗਿਆ। ਜੀਵਨ ਨਿਰਬਾਹ ਲਈ ਸਾਂਭਿਆ ਹੋਇਆ ਜ਼ਰੂਰੀ ਸਮਾਨ ਵੀ ਮੀਂਹ ਦੀ ਭੇਂਟ ਚੜ੍ਹ ਗਿਆ ਹੈ। ਉਹਨਾਂ ਨੇ ਕਿਹਾ ਕਿ ਰੋਟੀ, ਦਾਲਾਂ, ਸਬਜ਼ੀਆਂ ਤੇ ਹੋਰ ਸਾਮਾਨ ਏਨਾ ਪਹੁੰਚ ਗਿਆ ਕਿ ਰੁਲ ਰਿਹਾ ਹੈ । ਇਹ ਸਭ ਕੁਝ ਉੱਚੀਆਂ ਥਾਵਾਂ ਜਾਂ ਸੜਕਾਂ ਦੇ ਕੰਢੇ ਹੀ ਪਿਆ ਰਿਹਾ। ਪ੍ਰਸ਼ਾਸਨ ਵਲੋਂ ਕਿਸ਼ਤੀਆਂ ਦਾ ਢੁਕਵਾਂ ਪ੍ਰਬੰਧ ਨਹੀਂ ਕੀਤਾ ਗਿਆ।

**ਪ੍ਰਭਾਵਿਤ ਪੰਜਾਬ ਦੇ ਸਥਾਨ -**

ਪੰਜਾਬ ਸਰਕਾਰ ਮੁਤਾਬਕ 326 ਪਿੰਡ ਹੜ੍ਹ ਦੀ ਲਪੇਟ ਵਿੱਚ ਆਏ। ਇਸ ਨਾਲ ਕਰੀਬ 1,20,500 ਏਕੜ ਵਿੱਚ ਫ਼ਸਲਾਂ ਦੀ ਬਰਬਾਦੀ ਹੋਈ ਹੈ। ਲਗਭਗ 61,000 ਪਸ਼ੂ ਪ੍ਰਭਾਵਿਤ ਹੋਏ ਰੋਪੜ, ਅਨੰਦਪੁਰ ਸਾਹਿਬ, ਚਮਕੌਰ ਸਾਹਿਬ ਅਤੇ ਨੂਰਪੁਰ ਬੇਦੀ (ਰੋਪੜ), ਸ਼ਾਹਕੋਟ ਅਤੇ ਫਿਲੌਰ (ਜਲੰਧਰ), ਸੁਲਤਾਨਪੁਰ ਲੋਧੀ (ਕਪੂਰਥਲਾ), ਧਰਮਕੋਟ (ਮੋਗਾ), ਜ਼ੀਰਾ (ਫ਼ਿਰੋਜ਼ਪੁਰ), ਨਵਾਂਸ਼ਹਿਰ ਅਤੇ ਬਲਾਚੌਰ (ਨਵਾਂਸ਼ਹਿਰ), ਲੁਧਿਆਣਾ ਵੈਸਟ, ਲੁਧਿਆਣਾ ਈਸਟ ਅਤੇ ਸਿਧਵਾਂ ਬੇਟ (ਲੁਧਿਆਣਾ) ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਹਨ।



## ਹੜ੍ਹਾਂ ਕਾਰਣ ਬਿਮਾਰੀਆਂ ਤੋਂ ਬਚੋ, ਸਰਕਾਰ ਧਿਆਨ ਦੇਵੇ

***(ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵਲੋਂ ਛਾਪਿਆ ਪੋਸਟਰ ਜੋ ਪਿੰਡਾਂ 'ਚ ਵੰਡਿਆ ਜਾ ਰਿਹਾ ਏ)***

ਹੜ੍ਹਾਂ ਕਾਰਣ ਸਾਫ ਸਫਾਈ ਦੀ ਮੁਹਿੰਮ ਨਾ ਤੌਰਨ ਕਾਰਣ ਇਨ੍ਹਾਂ ਬਿਮਾਰੀਆਂ ਹਵਾ ਪ੍ਰਦੂਸ਼ਣ ਕਾਰਨ ਦਿਲ, ਫੇਫੜਿਆਂ ਤੇ ਸਾਹ ਦੀਆਂ ਬਿਮਾਰੀਆਂ, ਪੀਲੀਏ, ਹੱਡੀਆਂ, ਮਲੇਰੀਆਂ ਦਾ ਪ੍ਰਕੋਪ ਬਹੁਤ ਵਧ ਜਾਂਦਾ ਹੈ, ਕਿਉਂਕਿ ਪੀਣ ਵਾਲੇ ਪਾਣੀ ਵਿੱਚ ਗੰਦੇ ਪਾਣੀ ਦਾ ਮਿਲ ਜਾਣਾ ਇਕ ਵੱਡਾ ਕਾਰਣ ਬਣਦਾ ਹੈ। ਇਹ ਰੋਗਾਣੂ ਮਨੁੱਖੀ ਅੰਤੜੀਆਂ ਨੂੰ ਪ੍ਰਭਾਵਿਤ ਕਰਦੇ ਹਨ। ਮਲੇਰੀਆਂ ਦਾ ਸੰਕ੍ਰਮਣ ਮੱਛਰਾਂ ਤੋਂ ਹੁੰਦਾ ਹੈ ਜਿਹੜੇ ਖੜੇ ਪਾਣੀ 'ਤੇ ਪਣਪਦੇ ਹਨ। ਖੜ੍ਹੇ ਪਾਣੀ ਨੂੰ ਕੱਢ ਦੇਣਾ ਚਾਹੀਦਾ ਹੈ। ਚਿਕਨਗੁਨੀਆ ਅਤੇ ਡੇਂਗੂ ਵਾਲੇ ਮੱਛਰ ਸਾਫ ਪਾਣੀ ਵਿਚੋਂ ਪੈਦਾ ਹੁੰਦੇ ਹਨ।

- ਹਰ ਸਮੇਂ ਅਜਿਹੇ ਕੱਪੜੇ ਪਾਉਣੇ ਚਾਹੀਦੇ ਹਨ ਜਿਹੜੇ ਸਰੀਰ ਦੇ ਵੱਧ ਤੋਂ ਵੱਧ ਭਾਗ ਨੂੰ ਢੱਕ ਸਕਣ। ਇਸ ਤੋਂ ਇਲਾਵਾ ਮੱਛਰਾਂ ਤੋਂ ਬਚਣ ਲਈ ਕ੍ਰੀਮ, ਸਪ੍ਰੇ ਅਤੇ ਆਇਲ ਲਗਾ ਲਓ। ਮੱਛਰਦਾਨੀਆਂ, ਇਲੈਕਟ੍ਰਾਨਿਕ ਮੱਛਰ ਭਜਾਊ ਮਸ਼ੀਨਾਂ ਦੀ ਵਰਤੋਂ ਕਰੋ, ਲੁਕਵੀਆਂ ਥਾਵਾਂ ਜਿਵੇਂ ਕਿ ਬੈੱਡਾਂ ਦੇ ਹੇਠਾਂ ਅਤੇ ਪਰਦਿਆਂ ਦੇ ਪਿੱਛੇ ਲਾਰਵੀ ਸਾਈਡ ਅਤੇ ਇਨਸੈਕਟੀ ਸਾਈਡ ਦਵਾਈਆਂ ਦਾ ਸਪਰੇਅ ਕਰੋ। ਘਰ ਵਿਚ ਸਾਫ-ਸਫਾਈ ਦਾ ਖਾਸ ਧਿਆਨ ਰੱਖੋ। ਨਿੰਮ ਦੀਆਂ ਸੁੱਕੀਆਂ ਪੱਤੀਆਂ ਜਾਂ ਕਪੂਰ ਦੀ ਧੂਣੀ ਕਰਨ ਨਾਲ ਮੱਛਰ ਮਰ ਜਾਂਦੇ ਹਨ। ਘਰ ਵਿਚ ਤੁਲਸੀ ਦਾ ਪੌਦਾ ਲਗਾਉ। ਪਾਣੀ ਉਬਾਲ ਕੇ ਪੀਓ। ਕੂਲਰ ਦਾ ਪਾਣੀ ਬਦਲਦੇ ਰਹੋ। ਨਿੰਮ ਦੇ ਪੱਤਿਆਂ ਨੂੰ ਆਮ ਤੌਰ ਤੇ ਵੱਖ-ਵੱਖ ਬਿਮਾਰੀਆਂ ਦੀ ਰੋਕਥਾਮ ਲਈ ਵਰਤਿਆ ਜਾਂਦਾ ਹੈ । ਨਿੰਮ ਦੇ ਅਰਕ ਨੂੰ ਪੀਣ ਦੇ ਕਾਰਨ ਪਲੇਟਲੇਟਸ ਅਤੇ ਸਫੇਦ ਸੈਲ ਰਕਤਾਣੂਆਂ ਦੀ ਸੰਖਿਆ ਵਿੱਚ ਵਾਧਾ ਹੁੰਦਾ ਹੈ। ਨਿੰਮ, ਤੁਲਸੀ, ਗਲੋਅ, ਪਪੀਤੇ ਦੀਆਂ ਪੱਤੀਆਂ ਦਾ ਰਸ, ਆਂਵਲੇ ਦਾ ਰਸ ਡੇਂਗੂ ਦੇ ਬਚਾਅ ਲਈ ਬਹੁਤ ਉਪਯੋਗੀ ਹੈ।
- ਬੁਖਾਰ ਹੋਣ 'ਤੇ ਨੇੜੇ ਦੇ ਸਿਹਤ ਕੇਂਦਰ ਜਾ ਕੇ ਖੂਨ ਦੀ ਜਾਂਚ ਕਰਵਾਕੇ ਵੇਲੇ ਸਿਰ ਦਵਾਈ ਲਵੋ।
- ਪਾਣੀ ਦੇ ਟੈਂਕਾਂ , ਪੀਣ ਅਤੇ ਨਹਾਉਣ ਵਾਲੇ ਬਰਤਨਾਂ ਨੂੰ ਢੱਕ ਕੇ ਰਖਿਆ ਜਾਵੇ।
- ਨਗਰ ਨਿਗਮਾਂ ਨੂੰ ਚਾਹੀਦਾ ਹੈ ਕਿ ਉਹ ਫਾਲਤੂ ਘਾਸ ਫੂਸ ਅਤੇ ਕੂੜਾ ਸਾਫ਼ ਕਰਨ ਤੇ ਖੱਡੇ ਵੀ ਭਰਨ। ਖੁੱਲੇ ਖੇਤਰ ਦੀ ਸਫ਼ਾਈ ਰੱਖਣ ਅਤੇ ਲਾਰਵਾ-ਵਿਰੋਧੀ ਕੀਟਨਾਸ਼ਕਾਂ ਦਾ ਛਿੜਕਾਓ ਕਰਨ। ਕੂੜੇ ਕਰਕਟ ਗੰਦਾ ਪਾਣੀ ਨੂੰ ਛੇਤੀ ਹਟਾਉਣ।

# ਖੱਬੇ ਪੱਖੀ-ਮਾਨਸਿਕਤਾ ਸਿੱਖਾਂ ਅਤੇ ਸਿੱਖੀ ਤੋਂ ਦੂਰ-ਦੂਰ ਕਿਉਂ ?

**ਕਰਮਜੀਤ ਸਿੰਘ ਚੰਡੀਗੜ੍ਹ**
(99150-91063)

## ਭਾਗ ਦੂਜਾ

### 'ਰਾਤ ਬਾਕੀ ਹੈ' ਤੋਂ 'ਏਨਿਆਂ ਚੋਂ ਉੱਠੋ ਸੂਰਮਾ' ਤਕ ਦਾ ਸਫਰ -

ਦੋਸਤੋ ! ਜਦੋਂ ਮੈਂ ਖੱਬੇ ਪੱਖੀ-ਮਾਨਸਿਕਤਾ ਨਾਲ ਤੁਹਾਡੀ ਜਾਣ ਪਛਾਣ ਕਰਵਾਉਂਦਾ ਹਾਂ ਤਾਂ ਮੈਂ ਆਪਣੀਆਂ ਯਾਦਾਂ ਹੀ ਤੁਹਾਡੇ ਨਾਲ ਸਾਂਝੀਆਂ



ਕਰ ਰਿਹਾ ਹੁੰਦਾ ਹਾਂ, ਅਤੇ ਇਹ ਯਾਦਾਂ ਕਿਸੇ ਰਿਸਰਚ ਸਕਾਲਰ ਵਾਂਗ ਸਿਲਸਿਲੇਵਾਰ ਇੱਕ ਲੜੀ ਵਿੱਚ ਨਹੀਂ ਹੁੰਦੀਆਂ। ਮੇਰੀਆਂ ਯਾਦਾਂ ਵਿਲੀਅਮ ਜੇਮਜ਼ ਦੀ ਸਟਰੀਮ ਆਫ ਕੌਨਸ਼ਸਨੈਸ (stream of consciousness) ਜਾਂ ਚੇਤਨਾ ਦਾ ਪ੍ਰਵਾਹ ਵਰਗੀ ਮਨੋਵਿਗਿਆਨ ਥਿਊਰੀ ਮੁਤਾਬਿਕ ਹਨ ਜਿਸ ਵਿੱਚ ਘਟਨਾ ਤੇ ਵਰਤਾਰਿਆਂ ਦਾ ਵੇਰਵਾ1,2,3,4,5,... ਵਰਗੀ ਤਰਤੀਬ ਮੁਤਾਬਕ ਨਹੀਂ ਹੁੰਦਾ। ਮਿਸਾਲ ਦੇ ਤੌਰ ਤੇ ਜੇ ਮੈਂ ਖੱਬੇ ਪੱਖੀ- ਮਾਨਸਿਕਤਾ ਦਾ ਜ਼ਿਕਰ ਸੰਨ ਉੱਨੀ ਸੌ ਪਚਵੰਜਾ ਦੀ ਕਿਸੇ ਘਟਨਾ ਨਾਲ ਕਰਦਾ ਹਾਂ ਤਾਂ ਹੋ ਸਕਦਾ ਮੈਂ ਛਾਲ ਮਾਰ ਕੇ ਸੰਨ ਉੱਨੀ ਸੌ ਪਚੰਨਵੇਂ ਤੇ ਪਹੁੰਚ ਜਾਵਾਂ। ਅਤੇ ਫਿਰ ਪਲਟੀ ਮਾਰ ਕੇ ਉਨੀ ਸੌ ਸੰਤਾਲੀ ਤੇ ਚਲੇ ਜਾਵਾਂ। ਇਸ ਲਈ ਮੋਟੇ ਤੌਰ ਤੇ ਮੈਂ ਉੱਨੀ ਸੌ ਸੰਤਾਲੀ ਤੋਂ ਲੈ ਕੇ ਅੱਜ ਤੱਕ ਖੱਬੇ ਪੱਖੀ-ਮਾਨਸਿਕਤਾ ਦੇ ਸਫ਼ਰ ਵਿੱਚ ਜੋ ਕੁਝ ਹੋ ਰਿਹਾ ਹੈ, ਉਸ ਦਾ ਹੀ ਵਿਸ਼ਲੇਸ਼ਣ ਕਰ ਰਿਹਾ ਹਾਂ ਅਤੇ ਉਹ ਵੀ ਆਪਣੀਆਂ ਯਾਦਾਂ ਦੇ ਆਧਾਰ ਤੇ।

ਦੂਸਰੀ ਗੱਲ ਇਹ ਹੈ ਕਿ ਮੈਂ ਖੱਬੇ ਪੱਖੀ ਮਾਨਸਿਕਤਾ ਦੀਆਂ ਪ੍ਰਾਪਤੀਆਂ ਨੂੰ ਵੀ ਘਟਾ ਕੇ ਨਹੀਂ ਵੇਖਣਾ ਚਾਹੁੰਦਾ। ਏਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਇਸ ਮਾਨਸਿਕਤਾ ਨਾਲ ਜੁੜੇ ਕਈ ਵੀਰਾਂ ਤੇ ਭੈਣਾਂ ਕੋਲ ਡੂੰਘੇ ਤੇ ਬਹੁਪੱਖੀ ਗਿਆਨ ਦੇ ਭਰਪੂਰ ਖ਼ਜ਼ਾਨੇ ਹਨ ਪਰ ਇਹ ਸਾਰਾ ਗਿਆਨ ਪਦਾਰਥਿਕ - ਸੱਚ ਤੋਂ ਹੀ ਆਪਣੀ ਪ੍ਰੇਰਨਾ ਅਤੇ ਉਤਸ਼ਾਹ ਹਾਸਲ ਕਰਦਾ ਹੈ। ਇਸ ਲਈ ਇੱਕ ਸੀਮਾ ਤੋਂ ਅੱਗੇ ਨਹੀਂ ਜਾ ਸਕਿਆ। ਜਾ ਹੀ ਨਹੀਂ ਸੀ ਸਕਦਾ। ਪਦਾਰਥਕ-ਸੱਚ ਦੇ ਦਰਸ਼ਨ ਬਾਰੇ ਫਿਰ ਕਦੇ ਗੱਲ ਕਰਾਂਗੇ।

ਇਨ੍ਹਾਂ ਵੀਰਾਂ ਨੇ ਸਿੱਖੀ ਦੀ ਬ੍ਰਹਿਮੰਡੀ- ਸੋਚ ਅਤੇ ਬ੍ਰਹਿਮੰਡ ਤੋਂ ਅੱਗੇ ਜਾਣ ਵਾਲੀ ਸੋਚ ਦੀਆਂ ਬਰੀਕੀਆਂ ਤੇ ਹੈਰਾਨੀਆਂ ਨੂੰ ਸਮਝਣ ਲਈ ਸੁਹਿਰਦ ਯਤਨ ਹੀ ਨਹੀਂ ਕੀਤੇ। ਇਨ੍ਹਾਂ ਗਿਆਨਵਾਨ ਲੋਕਾਂ ਨੇ ਸਿੱਖੀ ਨੂੰ ਮਹਿਜ਼ ਹੋਰ ਧਰਮਾਂ ਮੁਤਾਬਕ ਹੀ ਵੇਖਿਆ, ਜਾਂ ਫਿਰ ਅਕਾਲੀ ਰਾਜਨੀਤੀ ਦੇ ਸ਼ੀਸ਼ੇ ਰਾਹੀਂ ਸਿੱਖੀ ਦਾ ਵਿਸ਼ਲੇਸ਼ਣ ਕੀਤਾ, ਜਾਂ ਅਗਾਂਹਵਧੂ ਨਵੀਨ ਧਰਮ ਕਹਿ ਕੇ ਹੀ ਗੱਲ ਮੁਕਾ ਦਿੱਤੀ ਅਤੇ ਜਾਂ ਆਪਣੇ ਪਦਾਰਥਕ ਏਜੰਡੇ ਨੂੰ ਅੱਗੇ ਵਧਾਉਣ ਲਈ ਹੀ ਸਿੱਖੀ ਦੀ ਪੜਚੋਲ ਤੇ ਵਿਸ਼ਲੇਸ਼ਣ ਕੀਤਾ।

ਜੇ ਕਿਤੇ ਇਹ ਵੀਰ ਸਿੱਖੀ ਦੇ ਅਧੀਨ ਹੋ ਕੇ ਚੱਲਦੇ ਤਾਂ ਨਾ ਕੇਵਲ ਪੰਜਾਬ ਦਾ ਰਾਜਨੀਤਿਕ ਨਕਸ਼ਾ ਅੱਜ ਹੋਰ ਹੋਣਾ ਸੀ, ਸਗੋਂ ਇਹ ਖਿੱਤਾ ਦੁਨੀਆ ਨੂੰ ਵੱਖਰੀ ਰੌਸ਼ਨੀ ਵੀ ਦਿੰਦਾ। ਇਸ ਦਾ ਵੱਡਾ ਕਾਰਨ ਇਹ ਸੀ ਕਿ ਇੱਥੇ ਗੁਰੂ ਗ੍ਰੰਥ ਸਾਹਿਬ ਮੌਜੂਦ ਹਨ ਜੋ ਵੰਨ- ਸੁਵੰਨੇ ਰੂਹਾਨੀ ਫੁੱਲਾਂ ਦਾ ਗੁਲਦਸਤਾ ਹੈ। ਸੱਚ ਤਾਂ ਇਹ ਹੈ ਕਿ ਇਨ੍ਹਾਂ ਹੀ ਰੂਹਾਨੀ ਫੁੱਲਾਂ ਨੇ ਦੁਨੀਆ ਨੂੰ ਰਾਜਨੀਤਕ, ਸੱਭਿਆਚਾਰਕ ਤੇ ਦੁਨਿਆਵੀ ਖ਼ੁਸ਼ਬੋ ਦਾ ਪ੍ਰਕਾਸ਼ ਕਰਨਾ ਹੈ ਅਤੇ ਖਾਲਸਾ ਜੀ ਨੇ ਇਸ ਵਿਰਾਸਤ ਦਾ ਝੰਡਾ ਬਰਦਾਰ ਬਣਨਾ ਹੈ। ਇਹ ਗੱਲ ਵੱਖਰੀ ਹੈ ਕਿ ਖਾਲਸਾ ਇਸ ਦੇ ਹਾਣ ਦਾ ਅਜੇ ਨਹੀਂ ਬਣਿਆ। ਚੱਲੋ, ਇਸ ਗੰਭੀਰ ਵਿਸ਼ੇ ਤੇ ਫਿਰ ਕਦੇ ਬਹਿਸ ਕਰਾਂਗੇ ।

ਦੋਸਤੋ ! ਅੱਜ ਗੱਲ ਜਸਵੰਤ ਸਿੰਘ ਕੰਵਲ ਦੇ ਨਾਵਲ 'ਰਾਤ ਬਾਕੀ ਹੈ' ਦੀ ਗੱਲ ਕਰਨੀ ਹੈ ਜਿਸ ਨੇ ਖੱਬੇ ਪੱਖੀ -ਮਾਨਸਿਕਤਾ ਨੂੰ ਰੋਮਾਂਟਿਕ ਕਿਸਮ ਦੇ ਰੰਗਾਂ ਦਾ ਨਵਾਂ ਤੋਹਫਾ ਦਿੱਤਾ ਜਾਂ ਇਉਂ ਕਹਿ ਲਵੋ ਕਿ ਮੁਹੱਬਤ ਜਾਂ ਇਸ਼ਕ ਦੀ ਹਕੀਕਤ ਨੂੰ ਮਾਰਕਸਵਾਦੀ ਰੰਗ ਦੇ ਦਿੱਤਾ ਅਤੇ ਅਜਿਹਾ ਰੰਗ ਦਿੱਤਾ ਕਿ ਪੰਜਾਬੀ ਸੁਭਾਅ ਨੇ ਹੱਸ ਕੇ ਪ੍ਰਵਾਨ ਕਰ ਲਿਆ। ਜਾਂ ਇਉਂ ਕਹਿ ਲਵੋ ਕਿ ਖੱਬੇ ਪੱਖੀ -ਮਾਨਸਿਕਤਾ ਨੂੰ ਜ਼ਿੰਦਗੀ ਦੀ ਦੌੜ ਵਿੱਚ ਅੱਗੇ ਵਧਣ ਦੇ ਭਰਪੂਰ ਮੌਕੇ ਹਾਸਲ ਹੋਏ।

ਕਦੇ ਸੱਠ ਸਾਲ ਤੋਂ ਉੱਪਰ ਵਾਲੇ ਕਾਮਰੇਡ ਬਜ਼ੁਰਗਾਂ ਨਾਲ ਗੱਲ ਕਰਕੇ ਵੇਖਿ?, ਉਹ ਦੱਸਣਗੇ ਪਈ ਕਿਵੇਂ ਇਸ ਨਾਵਲ ਨੇ ਸਾਨੂੰ ਜਵਾਨੀ ਦੀ ਉਮਰ ਵਿੱਚ ਥਾਏਂ ਹੀ ਮਾਰ ਸੁੱਟਿਆ। ਵੈਸੇ ਵੀ ਪੰਜਾਬ ਦੇ ਗੱਭਰੂ ਨਾਨਕ ਸਿੰਘ ਦੇ ਨਾਵਲਾਂ ਤੋਂ ਉਸ ਦੌਰ ਵਿੱਚ ਅੱਕ ਗਏ ਸਨ ਤੇ ਬਿਰਹਾ ਦੇ ਬਾਬਾ ਬੋਹੜ ਕੀਟਸ ਤੇ ਸ਼ਿਵ ਕੁਮਾਰ ਬਟਾਲਵੀ ਵਾਂਗ ਕਿਸੇ ਵੱਖਰੀ ਦੁਨੀਆ ਵਿੱਚ ਸ਼ਰਨ ਲੈਣਾ ਚਾਹੁੰਦੇ ਸਨ ਅਤੇ ਉਹ ਆਨੰਦ ਕੰਵਲ ਦੇ ਨਾਵਲਾਂ ਵਿੱਚੋਂ ਹਾਸਲ ਹੋਇਆ।

ਜਦੋਂ ਪਿਆਰ ਨੇ ਜ਼ਿੰਦਗੀ ਦੀਆਂ ਕੌੜੀਆਂ ਹਕੀਕਤਾਂ ਦਾ ਸਾਹਮਣਾ ਕੀਤਾ ਤਾਂ ਕੰਵਲ ਦੇ ਨਾਵਲਾਂ ਵਿੱਚ ਵੀ ਤਬਦੀਲੀ ਆ ਗਈ। ਫਿਰ ਜਦੋਂ ਕੰਵਲ ਨੂੰ ਪਤਾ ਲੱਗਾ ਕਿ ਅਨੰਦਪੁਰ ਦੀ ਧਰਤੀ ਤੋਂ ਸਜੀ ਦਸਮੇਸ਼ ਦੀ ਕੌਮ ਸੰਕਟ ਵਿੱਚ ਹੈ ਤਾਂ ਉਹ 'ਏਨਿਆਂ ਚੋਂ ਉੱਠੋ ਸੂਰਮਾ' ਦੀ ਭਾਲ ਕਰਨ ਲੱਗਾ ! ਇਸ ਦਿਲਚਸਪ ਅਤੇ ਰੰਗਾ-ਰੰਗ ਮਾਜਰੇ ਉੱਤੇ ਕਦੇ ਫਿਰ ਵਿਚਾਰ ਕਰਾਂਗੇ।

ਅੱਗੇ ਹੁਣ ਆਪਾਂ ਪੰਜਾਬ ਅੰਦਰ ਖੱਬੇ ਪੱਖੀ -ਮਾਨਸਿਕਤਾ ਵੱਲੋਂ ਵਸਾਏ ਨਿੱਕੇ -ਵੱਡੇ ਘਰਾਂ ਵੱਲ ਵੀ ਗੇੜਾ ਮਾਰਾਂਗੇ ਜਿੱਥੇ ਇਹ ਮਾਨਸਿਕਤਾ ਆਪਣੇ ਆਪ ਨੂੰ ਜਿਉਂਦਾ ਰੱਖਣ ਲਈ ਨਵੇਂ ਰਾਹਾਂ ਦੀ ਤਲਾਸ਼ ਕਰ ਰਹੀ ਹੈ।

**ਖੱਬੇ ਪੱਖੀ -ਮਾਨਸਿਕਤਾ ਦੇ ਨਿੱਕੇ-ਵੱਡੇ ਘਰ -**

ਦੋਸਤੋ ! ਖੱਬੇ ਪੱਖੀ -ਮਾਨਸਿਕਤਾ ਦੇ ਨਿੱਕੇ-ਵੱਡੇ ਘਰਾਂ ਦੇ ਵਿਹੜਿਆਂ ਦੀ ਗੱਲ ਕਰਦੇ ਹਾਂ, ਜਿਥੇ ਇਹ ਮਾਨਸਿਕਤਾ ਸਮਾਂ ਪਾ ਕੇ ਇੱਕ ਨਦੀ ਵਾਂਗ ਵਗ ਤੁਰੀ। ਇਹ ਘਰ ਇੱਕ ਤਰ੍ਹਾਂ ਨਾਲ ਵਿਚਾਰਧਾਰਕ ਸੰਸਥਾਵਾਂ ਹਨ, ਜਿੱਥੇ ਖੱਬੇ ਪੱਖੀ ਮਾਨਸਿਕਤਾ ਦੀ ਕੋਈ ਨਾ ਕੋਈ ਤੈਅ ਵੇਖੀ ਜਾ ਸਕਦੀ ਹੈ। ਇਹ ਮੈਂ ਇਹ ਇਸ ਕਰਕੇ ਯਾਦ ਕਰਵਾ ਰਿਹਾ ਹਾਂ, ਕਿਉਂਕਿ ਸਿੱਖ ਪੰਥ ਦਾ ਕਦੇ ਇਨ੍ਹਾਂ ਗੱਲਾਂ ਵੱਲ ਧਿਆਨ ਹੀ ਨਹੀਂ ਜਾਂਦਾ। ਮੇਰਾ ਮਤਲਬ ਇਨ੍ਹਾਂ ਸੰਸਥਾਵਾਂ ਉੱਤੇ ਕੋਈ ਹਮਲੇ ਕਰਨਾ ਨਹੀਂ ਸਗੋਂ ਸਿੱਖਾਂ ਨੂੰ ਆਪਣੀਆਂ ਇਹੋ ਜਿਹੀਆਂ ਸੰਸਥਾਵਾਂ ਕਾਇਮ ਕਰਨ ਦੀ ਅਪੀਲ ਕਰਨੀ ਹੈ।

ਦੋਸਤੋ ਖੱਬੇ ਪੱਖੀ -ਮਾਨਸਿਕਤਾ dialectical materialism ਦੇ ਸਿਧਾਂਤ ਉੱਤੇ ਖੜ੍ਹੀ ਹੈ ।ਇਸ ਫ਼ਿਲਾਸਫ਼ੀ ਉੱਤੇ ਆਪਾਂ ਕਦੇ ਬਹੁਤ ਡੂੰਘੀਆਂ ਗੱਲਾਂ ਕਰਾਂਗੇ ਪਰ ਅੱਜ ਨਹੀਂ।

ਇਸ ਫਿਲਾਸਫੀ ਦਾ ਇੱਕ ਹਿੱਸਾ ਦੋਸਤੋ, ਤਰਕਸ਼ੀਲ ਲਹਿਰ ਵਿੱਚ ਉੱਭਰ ਕੇ ਸਾਹਮਣੇ ਆਇਆ। ਇਨ੍ਹਾਂ ਦੇ ਸ਼ਾਇਦ ਦੋ ਮੈਗਜ਼ੀਨ ਵੀ ਨਿਕਲਦੇ ਹਨ ਜਿਨ੍ਹਾਂ ਨੇ ਜਨਤਾ ਵਿੱਚ ਚੰਗੀ ਆਪਣੀ ਥਾਂ ਬਣਾਈ ਹੋਈ ਹੈ। ਉਂਝ ਦਾਅਵਾ ਇਹੋ ਕਰਦੇ ਹਨ ਕਿ ਅਸੀਂ ਤਾਂ ਵਹਿਮਾਂ ਭਰਮਾਂ ਵਿਰੁੱਧ ਹੀ ਜਨਤਾ ਨੂੰ ਲਾਮਬੰਦ ਕਰਦੇ ਹਾਂ, ਪਰ ਅਸਲ ਵਿੱਚ ਉਨ੍ਹਾਂ ਦਾ ਗੁਪਤ ਹਮਲਾ ਰੂਹਾਨੀ-ਤਰਕ ਉੱਤੇ ਹੁੰਦਾ ਹੈ। ਲੁਧਿਆਣਾ ਵਿੱਚ ਇਨ੍ਹਾਂ ਦਾ ਇੱਕ ਦਫਤਰ ਵੀ ਹੈ।

ਕੀ ਤੁਹਾਨੂੰ ਉਸ ਇੱਕ ਥਾਂ ਦਾ ਪਤਾ ਹੈ, ਜਿੱਥੇ ਖੱਬੇ ਪੱਖੀ -ਮਾਨਸਿਕਤਾ ਦੇ ਸਾਰੇ ਸ਼ਰੀਕ ਭਰਾ ਸਾਲ ਵਿੱਚ ਇਕ ਵਾਰ ਮਿਲਦੇ ਹਨ। ਜਲੰਧਰ ਵਿੱਚ 'ਦੇਸ਼ ਭਗਤ ਯਾਦਗਾਰ ਹਾਲ' ਵਿੱਚ ਇਕੱਠੇ ਹੁੰਦੇ ਹਨ। ਇਸ ਸੰਸਥਾ ਉੱਤੇ ਕਦੇ ਗ਼ਦਰ ਪਾਰਟੀ ਲਹਿਰ ਦੇ ਆਪਣੇ ਨੇਤਾ ਮਾਲਕ ਹੁੰਦੇ ਸਨ। ਪਰ ਹੌਲੀ-ਹੌਲੀ ਇਹ ਸੰਸਥਾ ਹਾਈਜੈੱਕ ਹੁੰਦੀ ਹੋਈ ਕਮਿਉਨਿਸਟਾਂ ਦੇ ਕਬਜ਼ੇ ਵਿੱਚ ਆ ਗਈ ਅਤੇ ਇੱਕ ਨਕਸਲੀ ਨੇਤਾ ਵੀ ਇਸ ਦੀ ਮੈਨੇਜਿੰਗ ਕਮੇਟੀ ਵਿੱਚ ਸ਼ਾਮਿਲ ਹੈ।

ਅਕਤੂਬਰ - ਨਵੰਬਰ ਵਿੱਚ ਇਸ ਯਾਦਗਾਰ ਹਾਲ ਦੇ ਕੈਂਪਸ ਵਿੱਚ ਸਾਰੇ ਖੱਬੇ ਪੱਖੀ ਆਪਣੇ ਦੁੱਖ -ਸੁੱਖ ਸਾਂਝੇ ਕਰਦੇ ਹਨ। ਇੱਥੇ ਨਾਟਕ ਹੁੰਦੇ ਹਨ, ਸੈਮੀਨਾਰ ਹੁੰਦੇ ਹਨ ,ਖੱਬੇ ਪੱਖੀ ਕਿਤਾਬਾਂ ਦੇ ਸਟਾਲ ਵਿਸ਼ੇਸ਼ ਤੌਰ ਤੇ ਤੁਹਾਡਾ ਸਵਾਗਤ ਕਰਦੇ ਹਨ। ਇਹ ਖੱਬੇ ਪੱਖੀ -ਮਾਨਸਿਕਤਾ ਦਾ ਮੇਲਾ ਹੁੰਦਾ ਹੈ ਤੇ ਬਹੁਤ ਲੋਕ ਇਸ ਵਿੱਚ ਹਾਜ਼ਰੀ ਭਰਦੇ ਹਨ।

ਪਿਛਲੀ ਇੱਕ ਪੋਸਟ ਵਿੱਚ ਮੈਂ ਟਿੱਪਣੀ ਕੀਤੀ ਸੀ ਕਿ ਖੱਬੇ ਪੱਖੀ -ਮਾਨਸਿਕਤਾ ਉੱਤੇ ਪੱਤਝੜ ਦੀ ਰੁੱਤ ਦਾ ਪਹਿਰਾ ਹੈ, ਅਰਥਾਤ ਇਹ ਮਾਨਸਿਕਤਾ ਚੜ੍ਹਤ ਤੋਂ ਹੇਠਾਂ ਵੱਲ ਉੱਤਰ ਰਹੀ ਹੈ। ਪਰ



ਇਹ ਗੱਲ ਵੀ ਪੂਰਾ ਸੱਚ ਨਹੀਂ ਹੈ। ਪੰਜਾਬ ਯੂਨੀਵਰਸਿਟੀ ਵਿੱਚ ਐਸਐਫਐਸ ਅਰਥਾਤ ਸਟੂਡੈਂਟਸ ਫਾਰ ਸੁਸਾਇਟੀ ਨਾਂ ਦੀ ਇੱਕ ਖੱਬੇ ਪੱਖੀ ਜਥੇਬੰਦੀ ਪਿਛਲੇ ਕਰੀਬ ਦਸ ਸਾਲਾਂ ਤੋਂ ਵਿਦਿਆਰਥੀਆਂ ਵਿੱਚ ਕੰਮ ਕਰ ਰਹੀ ਹੈ ਅਤੇ ਇਸ ਜਥੇਬੰਦੀ ਨੇ ਸਿੱਖ ਵਿਦਿਆਰਥੀਆਂ ਵਿੱਚ ਵਿਸ਼ੇਸ਼ ਥਾਂ ਬਣਾ ਕੇ ਯੂਨੀਵਰਸਿਟੀ ਵਿੱਚ ਹਰਮਨ-ਪਿਆਰਤਾ ਹਾਸਲ ਕੀਤੀ ਹੈ।

ਪਿਛਲੇ ਸਾਲ ਵਿਦਿਆਰਥੀ ਚੋਣਾਂ ਵਿੱਚ ਖੱਬੇ ਪੱਖੀ ਵਿਚਾਰਾਂ ਨਾਲ ਲੈਸ ਤਰਨ ਤਾਰਨ ਦੀ ਇੱਕ ਸੰਜੀਦਾ ਤੇ ਸੁਹਿਰਦ ਮੁਟਿਆਰ ਕਾਨੂੰ ਪ੍ਰੀਆ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ ਅਤੇ ਯੂਨੀਵਰਸਿਟੀ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਸੀ ਜਦੋਂ ਕੋਈ ਖੱਬੇ ਪੱਖੀ ਵਿਚਾਰਾਂ ਵਾਲੀ ਕੁੜੀ ਪ੍ਰਧਾਨ ਚੁਣੀ ਗਈ।

ਸ਼ਾਇਦ ਬਹੁਤੇ ਵਿਦਿਆਰਥੀਆਂ ਨੂੰ ਪਤਾ ਨਾ ਹੋਵੇ ਕਿ ਕਾਨੂੰ ਪ੍ਰੀਆ ਨੇ ਇਸ ਸਾਲ ਜੂਨ 1984 ਦੇ ਘੱਲੂਘਾਰਾ ਦਿਵਸ ਵਿੱਚ ਸਿੱਖ ਪੰਥ ਨਾਲ ਹਮਦਰਦੀ ਜਤਾਉਣ ਲਈ ਉਸ ਜਲੂਸ ਵਿੱਚ ਵਿਸ਼ੇਸ਼ ਸ਼ਮੂਲੀਅਤ ਕੀਤੀ ਜਿਸ ਦੀ ਅਗਵਾਈ ਦਲ ਖਾਲਸਾ ਤੇ ਅਕਾਲੀ ਦਲ ਅੰਮ੍ਰਿਤਸਰ ਕਰ ਰਹੇ ਸਨ।

ਦੋਸਤੋ ! ਇਹ ਖੱਬੇ ਪੱਖੀ ਜਥੇਬੰਦੀ ਸੀਪੀਆਈ ਮਾ ?ਵਾਦੀ ਦੇ ਸਿਧਾਂਤਾਂ ਦੇ ਨੇੜੇ ਤੇੜੇ ਵਿਚਰਦੀ ਦੱਸੀ ਜਾਂਦੀ ਹੈ ਅਤੇ ਇਸ ਦੇ ਇਸ ਦੇ ਦੋ ਵੱਡੇ ਰੂਹੇ ਰਵਾਂ ਸਿੱਖ ਹਨ ਤੇ ਪੀਐੱਚਡੀ ਦੇ ਵਿਦਿਆਰਥੀ ਹਨ। ਉਹ ਸਾਦਾ ਜ਼ਿੰਦਗੀ ਬਤੀਤ ਕਰਦੇ ਹਨ ਤੇ ਵਿਦਿਆਰਥੀਆਂ ਵਿੱਚ ਅਤੇ ਇਥੋਂ ਤੱਕ ਕਿ ਅਧਿਆਪਕਾਂ ਵਿੱਚ ਵੀ ਹਰਮਨ ਪਿਆਰੇ ਹਨ। ਇਸ ਨੂੰ ਪੰਜਾਬ ਦਾ ਦੁਖਾਂਤ ਹੀ ਸਮਝੋ ਕਿ ਤਮਾਮ ਖੱਬੇ ਪੱਖੀ ਆਗੂ ਆਪਣੇ ਖੱਬੇ ਪੱਖੀ ਏਜੰਡੇ ਨੂੰ ਅੱਗੇ ਵਧਾਉਣ ਲਈ ਸਿੱਖੀ ਅਤੇ ਸਿੱਖਾਂ ਦਾ ਬੜੀ ਸਫਲਤਾ, ਚਲਾਕੀ ਤੇ ਸੁਲਝੀ ਜੁਗਤ ਨਾਲ ਇਸਤੇਮਾਲ ਕਰਦੇ ਹਨ।

ਪਰ ਹੁਣ ਯੂਨੀਵਰਸਿਟੀ ਕੈਂਪਸ ਵਿੱਚ ਇੱਕ ਹੋਰ ਜਥੇਬੰਦੀ ਇਨ੍ਹਾਂ ਨੂੰ ਬਰਾਬਰ ਤੇ ਟੱਕਰ ਦੇਣ ਲਈ ਪਿਛਲੇ ਦੋ ਸਾਲ ਤੋਂ ਮੈਦਾਨ ਵਿੱਚ ਉੱਤਰੀ ਹੋਈ ਹੈ ਤੇ ਸਹਿਜੇ-ਸਹਿਜੇ ਸਿੱਖ ਕਦਰਾਂ ਕੀਮਤਾਂ ਨੂੰ ਵਿਦਿਆਰਥੀਆਂ ਦੇ ਦਿਲਾਂ ਦਾ ਹਿੱਸਾ ਬਣਾ ਰਹੀ ਹੈ। ਸੱਥ ਨਾਂ ਦੀ ਇਸ ਜਥੇਬੰਦੀ ਨੇ ਐਸਐਫਐਸ ਨਾਲ ਵਿਦਿਆਰਥੀ ਮਸਲਿਆਂ ਤੇ ਏਕਤਾ-ਆਲੋਚਨਾ ਦੇ ਅਸੂਲਾਂ ਤੇ ਖੜ੍ਹ ਕੇ ਇੱਕ ਵਧੀਆ ਸਾਂਝ ਬਣਾਈ ਹੋਈ ਹੈ। ਦੂਜੇ ਸ਼ਬਦਾਂ ਵਿੱਚ ਇਹ ਦੋਵੇਂ ਜਥੇਬੰਦੀਆਂ ਕੁੱਝ ਮੁੱਦਿਆਂ ਤੇ ਇਕੱਠੀਆਂ ਵੀ ਹਨ ਤੇ ਕੁਝ ਮੁੱਦਿਆਂ ਤੇ ਵੱਖਰੇ ਵਿਚਾਰ ਵੀ ਰੱਖਦੀਆਂ ਹਨ। ਸੱਥ ਨੇ ਆਪਣਾ ਘੇਰਾ ਵਧਾਉਣ ਲਈ ਇੱਕ ਵਿਸ਼ੇਸ਼ ਐਲਾਨਨਾਮਾ ਤਿਆਰ ਕੀਤਾ ਹੈ, ਜਿਸ ਰਾਹੀਂ 'ਸੱਥ' ਵੀ ਵਿਦਿਆਰਥੀਆਂ ਦੀ ਇੱਕ ਜਥੇਬੰਦੀ ਵਜੋਂ ਬਕਾਇਦਾ ਆਪਣਾ ਕੰਮ ਕਰੇਗੀ। ਇਸ ਨੇ ਪਟਿਆਲਾ ,ਅੰਮ੍ਰਿਤਸਰ ਅਤੇ ਦਿੱਲੀ ਯੂਨੀਵਰਸਿਟੀ ਵਿੱਚ ਵੀ ਆਪਣੇ ਯੂਨਿਟ ਕਾਇਮ ਕਰ ਲਏ ਹਨ। ਇੰਜ ਇਹ ਖੱਬੇ ਪੱਖੀ ਮਾਨਸਿਕਤਾ ਨੂੰ ਚੁਣੌਤੀ ਦੇਣ ਵਾਲੀ ਇੱਕ ਸੁਲਝੀ ਹੋਈ ਜਥੇਬੰਦੀ ਵਿਚਾਰਾਂ ਅਤੇ ਜਜ਼ਬਿਆਂ ਦੇ ਮੈਦਾਨ ਵਿੱਚ ਨਿੱਤਰ ਕੇ ਸਾਹਮਣੇ ਆ ਗਈ ਹੈ।

**ਪੰਜਾਬ ਦੀ ਧਰਤੀ ਚ ਮਾਰਕਸਵਾਦ ਦੀਆਂ ਜੜ੍ਹਾਂ ਤੇ ਇਸ ਦਾ ਛੌਰਾ -**

ਦੋਸਤੋ ! ਖੱਬੇ ਪੱਖੀ -ਮਾਨਸਿਕਤਾ ਦੇ ਵਿਕਾਸ ਤੇ ਵਿਗਾਸ ਨੂੰ ਸਮਝਣ ਲਈ ਇੱਕ ਵੱਡੇ ਦਰੱਖਤ ਨੂੰ ਆਪਣੇ ਜ਼ਿਹਨ ਵਿੱਚ ਲੈ ਕੇ ਆ ?। ਤੁਹਾਨੂੰ ਪਤਾ ਲੱਗੇਗਾ ਕਿ ਸਾਡੇ ਵਿੱਚੋਂ ਵੀ ਕਈ ਵੀਰਾਂ ਨੂੰ ਇਸ ਚੰਦਰੀ ਮਾਨਸਿਕਤਾ ਨੇ ਨਾਗ ਵਲ ਪਾ ਰੱਖਿਆ ਹੈ। ਜਿਵੇਂ ਕਿਸੇ ਬੂਟੇ ਵਿੱਚ ਤਿੰਨ ਤਰ੍ਹਾਂ ਦੀਆਂ ਜੜ੍ਹਾਂ ਪ੍ਰਾਇਮਰੀ, ਸੈਕੰਡਰੀ ਅਤੇ ਟਰਸ਼ਰੀ ਹੁੰਦੀਆਂ ਹਨ ਅਤੇ ਉਸ ਤੋਂ ਇਲਾਵਾ ਤਨਾ, ਟਾਹਣੀਆਂ, ਫੁੱਲ ਤੇ ਫਲ ਵੀ ਹੁੰਦੇ ਹਨ , ਇਵੇਂ ਹੀ ਖੱਬੇ ਪੱਖੀ ਮਾਨਸਿਕਤਾ ਹੁੰਦੀ ਹੈ ,ਜਿਸ ਦੇ ਕਈ ਰੂਪ, ਕਈ ਰੰਗ, ਕੁਝ ਫਿੱਕੇ, ਕੁਝ ਗੂੜ੍ਹੇ ਅਤੇ ਕੁਝ ਬਹੁਤ ਹੀ ਗੂੜ੍ਹੇ ਹੁੰਦੇ ਹਨ।

ਆਪਾਂ ਅਜੇ ਖੱਬੇ ਪੱਖੀ -ਮਾਨਸਿਕਤਾ ਦੇ ਘਰਾਂ ਵਿੱਚ ਹੀ ਗੇੜੇ ਮਾਰ ਰਹੇ ਹਾਂ ਤਾਂ ਜੋ ਸਾਰੇ ਮਾਈ-ਭਾਈ ਇਸ ਮਾਨਸਿਕਤਾ ਦੇ ਅਸਲ ਸਰੂਪ ਨੂੰ ਸਮਝਣ ਦੀ ਕੋਸ਼ਿਸ਼ ਕਰਨ। ਜਿਹੜੇ ਇਸ ਡੂੰਘੀ ਗੱਲ ਨੂੰ ਸਮਝਦੇ ਹਨ, ਉਨ੍ਹਾਂ ਨੂੰ ਸੁਖਮਨੀ ਦੀ ਪਵਿੱਤਰ ਬਾਣੀ ਵਿੱਚ 'ਤੱਤਵੇਤਾ' ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਤੱਤਵੇਤਾ ਉਹ ਇਨਸਾਨ ਹੁੰਦਾ ਹੈ ਜੋ ਜ਼ਿੰਦਗੀ ਦੇ 'ਤੱਤ' ਨੂੰ ਫੜ ਕੇ 'ਤੱਥ' ਵੱਲ ਵਧਦਾ ਹੈ।

ਹੁਣ ਸੋਚੋ ! ਸਿੱਖਾਂ ਦਾ ਕੋਈ ਆਪਣਾ ਅਖ਼ਬਾਰ ਹੈ ? ਇੱਕ ਵੀ ਨਹੀਂ। ਪਰ ਕਾਮਰੇਡ ਵੀਰਾਂ ਨੇ ਸਮਝ ਲਿਆ ਸੀ ਕਿ ਰੋਜ਼ਾਨਾ ਅਖ਼ਬਾਰ ਨਾਲ ਅਸੀਂ ਖੱਬੇ ਪੱਖੀ- ਮਾਨਸਿਕਤਾ ਵਾਲੇ ਸ਼ਰਧਾਲੂ ਪੈਦਾ ਕਰਾਂਗੇ। ਇਸ ਸਮੇਂ ਇਸ ਦੇ ਦੋ ਅਖਬਾਰ ਨਵਾਂ ਜ਼ਮਾਨਾ ਅਤੇ ਦੇਸ਼ ਸੇਵਕ ਰੋਜ਼ਾਨਾ ਛਪਦੇ ਹਨ।

ਜੇ ਕਦੇ ਚੰਡੀਗੜ੍ਹ ਆ ? ਤਾਂ ਟ੍ਰਿਬਿਊਨ ਦਫਤਰ ਦੇ ਨਜ਼ਦੀਕ ਹੀ 'ਦੇਸ਼ ਸੇਵਕ' ਅਖਬਾਰ ਦਾ ਦਫਤਰ ਹੈ ਜਿਸ ਦੀ ਇਮਾਰਤ ਨੂੰ ਵੇਖ ਕੇ ਦੰਗ ਰਹਿ ਜਾ ?ਗੇ। ਹੋਰ ਸੁਣੋ ! ਇਨ੍ਹਾਂ ਅਖਬਾਰਾਂ ਵਿੱਚੋਂ ਨਿਕਲਣ ਵਾਲੇ ਬਹੁਤੇ ਪੱਤਰਕਾਰ ਅੱਜ ਕੱਲ੍ਹ ਟੀਵੀ ਚੈਨਲਾਂ ਵਿੱਚ ਚਮਕ ਰਹੇ ਹਨ। ਭਲਾ ਕਿਉਂ ? ਕਿਉਂਕਿ ਇਨ੍ਹਾਂ ਨੂੰ ਗੱਲ ਕਰਨ ਦੀ ਜਾਚ ਹੈ ,ਇਨ੍ਹਾਂ ਕੋਲ ਲਿਖਣ ਦਾ ਹੁਨਰ ਹੈ। ਪਰ ਸਿੱਖਾਂ ਨੇ ਅਜੇ ਏਡੇ ਵੱਡੇ ਕਾਫ਼ਲੇ ਨਹੀਂ ਤਿਆਰ ਕੀਤੇ। ਬਾਦਲਾਂ ਤੇ ਕੈਪਟਨ ਵਰਗਿਆਂ ਨੇ ਹੋਣ ਹੀ ਨਹੀਂ ਦੇਣੇ।

ਚੰਡੀਗੜ੍ਹ ਵਿੱਚ ਤੁਸੀਂ 17 ਸੈਕਟਰ ਦੇ ਬੱਸ ਅੱਡੇ ਨੂੰ ਤਾਂ ਕਈ ਵਾਰ ਵੇਖਿਆ ਹੋਵੇਗਾ। ਇਸ ਦੇ ਐਨ ਨਜ਼ਦੀਕ ਯਾਨੀ ਚੌਕ ਦੇ ਨਾਲ ਹੀ ਇੱਕ ਵੱਡੀ ਇਮਾਰਤ ਹੈ, ਜਿੱਥੇ ਕਦੇ ਮਾਰਕਸਵਾਦ ਦੀ ਟ੍ਰੇਨਿੰਗ ਲਈ ਕਲਾਸਾਂ ਲੱਗਿਆ ਕਰਦੀਆਂ ਸਨ। ਇੱਥੇ ਹੀ ਪੰਜਾਬ ਦੇ ਦੂਰ-ਦੁਰਾਡੇ ਪਿੰਡਾਂ ਤੋਂ ਪੜ੍ਹੇ ਲਿਖੇ ਮੁੰਡੇ ਆਉਂਦੇ। ਮਾਰਕਸਵਾਦ ਲੈਨਿਨਵਾਦ ਦੀ ਫਿਲਾਸਫੀ ਨੂੰ ਸਿੱਖਦੇ, ਖ਼ੂਬ ਬਹਿਸਾਂ ਹੁੰਦੀਆਂ ਤੇ ਫਿਰ ਇਹ ਨੌਜਵਾਨ ਘਰਾਂ ਨੂੰ ਪਰਤ ਕੇ ਮਾਰਕਸਵਾਦ ਦਾ ਪ੍ਰਚਾਰ ਕਰਦੇ । ਪਰ ਅੱਜਕਲ ਸੁਣਦੇ ਹਾਂ ਕਿ ਇਸ ਵੱਡੀ ਇਮਾਰਤ ਵਿੱਚ ਪੁਰਾਣੇ ਬਜ਼ੁਰਗ ਕਾਮਰੇਡ ਹੀ ਇਕੱਠੇ ਹੁੰਦੇ ਹਨ, ਆਪਣੇ ਅਤੀਤ ਨੂੰ ਯਾਦ ਕਰਦੇ ਹਨ। ਖੱਬੇ ਪੱਖੀਆਂ ਦੇ ਇੱਕ ਹਮਦਰਦ ਦਾ ਕਹਿਣਾ ਸੀ ਕਿ ਅੱਜ ਕੱਲ੍ਹ ਇਹ ਇਮਾਰਤ ਵੀ ਇਕ ਤਰ੍ਹਾਂ ਨਾਲ ਬਿਰਧ ਆਸ਼ਰਮ ਹੀ ਬਣਿਆ ਹੋਇਆ ਹੈ।

ਪਰ ਅਸਲ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕਾਮਰੇਡ ਭਰਾ ਕਿੰਨੀ ਦੂਰ ਦੀ ਸੋਚਦੇ ਹਨ ਅਤੇ ਇਨ੍ਹਾਂ ਦਾ ਬਿਜ਼ਨਸ- ਮਾਈਂਡ ਵੀ ਕਿੰਨਾ ਜਰਖੇਜ਼ ਹੈ ਕਿ ਇਨ੍ਹਾਂ ਨੇ ਬੱਸ ਅੱਡੇ ਦੇ ਐਨ ਨੇੜੇ ਹੀ ਇੱਕ ਵੱਡੀ ਇਮਾਰਤ ਬਣਾਈ ਤਾਂ ਜੋ ਕਾਮਰੇਡਾਂ ਨੂੰ ਅੱਡੇ ਤੋਂ ਉਤਰ ਕੇ ਇਸ ਇਮਾਰਤ ਤੱਕ ਪਹੁੰਚਣ ਲਈ ਰਿਕਸ਼ਾ ਤੱਕ ਵੀ ਨਾ ਕਰਨਾ ਪਵੇ।

ਮੈਂ ਕਈ ਵਾਰ ਸੋਚਦਾ ਹਾਂ ਕਿ ਸਿੱਖਾਂ ਵਿੱਚ ਇਹੋ ਜਿਹੀ ਸੋਚ ਨੇ ਆਪਣਾ ਘਰ ਕਿਉਂ ਨਹੀਂ ਬਣਾਇਆ ? ਪਰ ਕੋਈ ਜਵਾਬ ਨਹੀਂ ਮਿਲਦਾ। ਜੇ ਕਿਸੇ ਨੇ ਖੱਬੇ ਪੱਖੀ ਕੋਈ ਕਿਤਾਬ ਵੀ ਖਰੀਦਣੀ ਹੋਵੇ ਤਾਂ ਬੱਸ ਅੱਡੇ ਤੋਂ ਅੱਧਾ ਕਿਲੋਮੀਟਰ ਦੀ ਦੂਰੀ ਤੇ ਹੀ 'ਪੰਜਾਬ ਬੁੱਕ ਸੈਂਟਰ' ਉਨ੍ਹਾਂ ਦਾ ਸਵਾਗਤ ਕਰੇਗਾ ਜਿੱਥੇ ਖੱਬੇ ਪੱਖੀ ਸਾਹਿਤ ਦੇ ਭਰਪੂਰ ਦਰਸ਼ਨ ਕੀਤੇ ਜਾ ਸਕਦੇ ਹਨ। ਵੈਸੇ ਅੱਜ ਕੱਲ੍ਹ ਇਨ੍ਹਾਂ ਵੀਰਾਂ ਨੇ ਖੱਬੇ ਪੱਖੀ ਸੋਚ ਦਾ ਘੇਰਾ ਵਧਾ ਕੇ ਸੱਜੇ ਪੱਖੀ ਸਾਹਿਤ ਨੂੰ ਵੀ ਇਸ ਸੈਂਟਰ ਵਿੱਚ ਥਾਂ ਦਿੱਤੀ ਹੋਈ ਹੈ। ਇੰਜ ਕਾਰੋਬਾਰ ਵਿਚ ਵਾਧੇ ਲਈ ਇਨ੍ਹਾਂ ਲੋਕਾਂ ਨੇ ਸੋਚ ਵਿੱਚ ਕਾਫ਼ੀ ਲਚਕ ਲਿਆਂਦੀ ਹੈ।

**ਖੱਬੇ ਪੱਖੀ -ਮਾਨਸਿਕਤਾ ਦਾ ਤੰਦੂਆ-ਜਾਲ -**

ਦੋਸਤੋ ! ਆਪਾਂ ਖੱਬੇ ਪੱਖੀ -ਮਾਨਸਿਕਤਾ ਦੀ ਰੰਗ-ਬਰੰਗੀ ਬੱਲੇ-ਬੱਲੇ ਦੇ ਕਾਰਨਾਂ ਦੀ ਡੂੰਘੀ ਫੋਲਾ-ਫਰੋਲੀ ਕਰ ਰਹੇ ਸਾਂ। ਇਸ ਮਾਨਸਿਕਤਾ ਨੂੰ ਹਿੰਦੂਆਂ ਵਿੱਚ ਕੋਈ ਖ਼ਾਸ ਹਮਾਇਤ ਨਹੀਂ ਮਿਲੀ। ਕਿਉਂ ਨਾ ਮਿਲੀ ? ਇਸ ਦੇ ਵੱਡੇ ਕਾਰਨਾਂ ਦੀ ਵੀ ਕਦੇ ਖੋਜ ਕਰਾਂਗੇ । ਤੁਸੀਂ ਇੱਕ ਵਿਅਕਤੀ ਸਤਪਾਲ ਡਾਂਗ ਦਾ ਨਾਂ ਤਾਂ ਸੁਣਿਆ ਹੀ ਹੋਵੇਗਾ ਜਿਸ ਨੇ ਖਾੜਕੂ ਲਹਿਰ ਦੌਰਾਨ ਇਕ ਬਿਆਨ ਦਿੱਤਾ ਸੀ ਕਿ ਸਿੱਖ ਜੁਝਾਰੂਆਂ ਨੂੰ ਮਾਰਨ ਲਈ ਕਾਨੂੰਨ ਦੀ ਪਾਲਣਾ ਕਰਨੀ ਜ਼ਰੂਰੀ ਨਹੀਂ ਹੋਣੀ ਚਾਹੀਦੀ। ਇਸ ਬੰਦੇ ਅੰਦਰ ਸਿੱਖਾਂ ਬਾਰੇ ਕਿੰਨਾ ਜ਼ਹਿਰ ਭਰਿਆ ਹੋਇਆ ਸੀ, ਪਰ ਵੱਜਦਾ ਕਾਮਰੇਡ ਸੀ ਅਤੇ ਸਿੱਖ ਕਾਮਰੇਡਾਂ ਨੇ ਇਸ ਦਾ ਗੰਭੀਰ ਨੋਟਿਸ ਕਦੇ ਨਹੀਂ ਸੀ ਲਿਆ।

ਪਰ ਇਤਿਹਾਸ ਦਾ ਇਹ ਕੈਸਾ ਮਜ਼ਾਕ ਹੈ ਕਿ ਸਿੱਖਾਂ ਇਕੱਲਿਆਂ ਨੇ ਹੀ ਇਸ ਖੱਬੇ ਪੱਖੀ-ਮਾਨਸਿਕਤਾ ਨਾਲ ਭੱਜ ਕੇ ਗਲਵੱਕੜੀ ਕਿਉਂ ਪਾਈ ? ਕੀ ਉਨ੍ਹਾਂ ਨੇ ਇਹ ਸੋਚ ਲਿਆ ਸੀ ਕਿ ਹੁਣ ਦਸਮ ਪਿਤਾ ਦਾ ਇਨਕਲਾਬ ਮਾਰਕਸਵਾਦ -ਲੈਨਿਨਵਾਦ ਦੀ ਫ਼ਿਲਾਸਫ਼ੀ ਉੱਤੇ ਅਮਲ ਕੀਤਿਆਂ ਹੀ ਆਏਗਾ ? ਬੜੇ ਦਰਦ ਭਿੱਜੇ ਸਵਾਲ ਹਨ ਦੋਸਤੋ ! ਜਿਨ੍ਹਾਂ ਦੇ ਠੋਸ ਜਵਾਬ ਚਾਹੀਦੇ ਹਨ। ਸਿੱਧੇ ਪੱਧਰੇ ਜਾਂ ਸਰਲ ਜਵਾਬ ਤਸੱਲੀ ਨਹੀਂ ਦੇ ਸਕਣਗੇ।

ਖੱਬੇ ਪੱਖੀ -ਮਾਨਸਿਕਤਾ ਦੇ ਸਫਰ ਦੇ ਇੱਕ ਹਿੱਸੇ ਨੂੰ ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਵੀ ਅਨੁਭਵ ਕੀਤਾ ਜਦੋਂ ਵਿੱਦਿਆ ਦਾ ਇਹ ਮੰਦਰ ਨਕਸਲੀਆਂ ਦਾ ਘਰ ਬਣ ਗਿਆ ਸੀ। ਲਗਭਗ ਸੱਠਵਿਆਂ ਦੇ ਅਖੀਰ ਦੀ ਗੱਲ ਹੈ ਜਦੋਂ ਇਸ ਯੂਨੀਵਰਸਿਟੀ ਵਿੱਚ ਨੌਜਵਾਨ ਮੁੰਡਿਆਂ ਨੇ ਵੱਡੀ ਪੱਧਰ ਤੇ ਸਿਗਰਟਾਂ ਪੀਣੀਆਂ ਸ਼ੁਰੂ ਕਰ ਦਿੱਤੀਆਂ ਸਨ ਤੇ ਇਹ ਆਪਣੇ ਆਪ ਨੂੰ ਸਿੱਖੀ ਤੋਂ ਅਣਐਲਾਨੇ ਬਾਗ਼ੀ ਕਰਾਰ ਦੇ ਰਹੇ ਸਨ।

ਇੱਕ ਹੋਰ ਵਰਤਾਰਾ ਵੀ ਉਨ੍ਹਾਂ ਦਿਨਾਂ ਵਿੱਚ ਪੰਜਾਬ ਦੀ ਧਰਤੀ ਤੇ ਆਪਣੇ ਪੈਰ ਜਮਾਉਣ ਲੱਗਾ ਜਿਸ ਵਿੱਚ ਕਾਮਰੇਡਾਂ ਨੇ ਅਤੇ ਦੇਖਾ ਦੇਖੀ ਹੋਰਾਂ ਨੇ ਵੀ ਆਪਣੇ ਨਾਂ ਨਾਲ 'ਸਿੰਘ' ਸ਼ਬਦ ਨੂੰ ਹਟਾ ਦਿੱਤਾ। ਭਲਾ ਇਸ ਤਰ੍ਹਾਂ ਕਰਨ ਦਾ ਕੀ ਫਾਇਦਾ ਹੋਣਾ ਸੀ ? ਦੋਸਤੋ ! ਸਮਝਿਆ ਕਰੋ । ਜਦੋਂ ਕੋਈ ਕਾਮਰੇਡ ਮੁੰਡਾ ਪੜ੍ਹ ਲਿਖ ਜਾਂਦਾ ਹੈ, ਖਾਸ ਕਰਕੇ ਪੰਜਾਬ ਦਾ ਕਾਮਰੇਡ ਮੁੰਡਾ, ਤਾਂ ਉਸ ਸਮੇਂ ਉਸ ਦੀ ਅੰਦਰਲੀ ਮਸੂਮੀਅਤ ਵਿੱਚ 'ਚਲਾਕੀ' ਦਾ ਤੱਤ ਪ੍ਰਵੇਸ਼ ਕਰ ਜਾਂਦਾ ਹੈ। ਸਿੰਘ ਸ਼ਬਦ ਹਟਾਉਣ ਨਾਲ ਇੱਕ ਤਾਂ ਤੁਸੀਂ ਹਿੰਦੂਆਂ ਦੇ ਧੁਰ ਅੰਦਰ ਮਨਜ਼ੂਰ-ਏ- ਨਜ਼ਰ ਹੋ ਜਾਂਦੇ ਹੋ। ਦੂਜਾ, ਇਨ੍ਹਾਂ ਕਾਮਰੇਡਾਂ ਮੁਤਾਬਕ ਤੁਹਾਡੇ ਉਤੇ 'ਫਿਰਕੂ' ਹੋਣ ਦਾ ਇਲਜ਼ਾਮ ਨਹੀਂ ਲੱਗਦਾ। ਤੀਜਾ, ਹਿੰਦੂਆਂ ਦੀਆਂ ਸੰਸਥਾਵਾਂ ਵਿੱਚ ਨੌਕਰੀ ਵਿਚ ਪਹਿਲ ਮਿਲ ਜਾਂਦੀ ਹੈ ਕਿਉਂਕਿ ਹਿੰਦੂ- ਮਾਨਸਿਕਤਾ ਅੰਦਰ ਵਿਗੜਿਆ ਹੋਇਆ ਸਿੱਖ ਛੇਤੀ ਪਰਵਾਨ ਹੁੰਦਾ ਹੈ। ਇਹ ਬਹੁਤ ਡੂੰਘੀਆਂ ਗੱਲਾਂ ਹਨ ਦੋਸਤੋ ! ਛੇਤੀ-ਛੇਤੀ ਸਮਝ ਵਿੱਚ ਨਹੀਂ ਪੈਂਦੀਆਂ।

ਦੋਸਤੋ ! ਕੁਝ ਦਿਲਚਸਪ ਸਬੂਤ ਹਾਜ਼ਰ ਹਨ। ਪੰਜਾਬੀ ਟ੍ਰਿਬਿਊਨ ਵਿੱਚ ਦੋ ਸੰਪਾਦਕਾਂ ਨੂੰ ਛੱਡ ਕੇ ਬਾਕੀ ਸਾਰੇ ਸੰਪਾਦਕ ਹਰਭਜਨ ਹਲਵਾਰਵੀ, ਵਰਿੰਦਰ ਵਾਲੀਆ, ਸਿੱਧੂ ਦਮਦਮੀ, ਗੁਲਜ਼ਾਰ ਸੰਧੂ, ਗੁਰਬਚਨ ਭੁੱਲਰ ਅਤੇ ਸਵਰਾਜਬੀਰ, ਸਾਰੇ ਦੇ ਸਾਰੇ ਆਪਣੇ ਨਾਂ ਨਾਲ 'ਸਿੰਘ' ਸ਼ਬਦ ਦੀ ਵਰਤੋਂ ਕਰਨ ਤੋਂ ਸੰਗਦੇ ਹਨ।

**ਬਾਕੀ ਸਫ਼ਾ 32 'ਤੇ**

# ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਕੇਂਦਰ ਸਰਕਾਰ ਤੇ ਏਜੰਸੀਆਂ ਕਾਰਨ ਉਲਝਿਆ

- **ਹੁਣ ਪਾਕਿ ਏਜੰਸੀਆਂ 'ਤੇ ਲੱਗੇ ਦੋਸ਼**
- **ਸਿੱਟ 'ਤੇ ਵੀ ਕੈਪਟਨ ਦਾ ਪ੍ਰਭਾਵ ਨਾ ਰਹਿ ਸਕਿਆ**
- **ਸੌਦਾ ਸਾਧ ਨੂੰ ਬਚਾਉਣਾ ਚਾਹੁੰਦੀ ਏ ਸੀਬੀਆਈ ਤਾਂ ਜੋ ਸਰਕਾਰੀ ਲੋਕਾਂ ਦੇ ਭੇਦ ਨਾ ਖੁੱਲ੍ਹਣ**
- **ਅਦਾਲਤ ਨੇ ਅਗਲੀ ਸੁਣਵਾਈ ਲਈ 19 ਸਤੰਬਰ ਦੀ ਤਰੀਕ ਨਿਸ਼ਚਿਤ ਕੀਤੀ**

**ਮੁਹਾਲੀ (ਵਿਸ਼ੇਸ਼ ਰਿਪੋਰਟਰ)**-ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਕੇਂਦਰ ਸਰਕਾਰ ਤੇ ਏਜੰਸੀਆਂ ਕਾਰਨ ਉਲਝ ਚੁੱਕਾ ਹੈ। ਸੂਤਰਾ ਤੋਂ ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਨਹੀਂ ਚਾਹੁੰਦੀ ਕਿ ਇਸ ਵਿਚ ਸੌਦਾ ਡੇਰਾ ਨਾਲ ਸੰਬੰਧਿਤ ਦੋਸ਼ੀ ਫਸਣ ਤੇ ਅੱਗੋਂ ਸਰਕਾਰੀ ਲੋਕਾਂ ਦੇ ਭੇਦ ਖੁੱਲ੍ਹਣ ਇਸੇ ਕਰਕੇ ਇਸ ਜਾਂਚ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਸਾਰਾ ਮਾਮਲਾ ਪਾਕਿ ਏਜੰਸੀਆਂ ਉੱਪਰ ਠੋਸਿਆ ਜਾ ਰਿਹਾ ਹੈ। ਇਸ ਨਾਲ ਦੋਸ਼ੀ 'ਵੱਡੇ ਲੋਕ' ਵੀ ਆਪਣੇ-ਆਪ ਹੀ ਬਚ ਜਾਣਗੇ। ਸਿੱਟ ਦੇ ਮੁਖੀ ਪ੍ਰਮੋਦ ਕੁਮਾਰ ਵੀ ਪਾਕਿਸਤਾਨ ਉੱਪਰ ਦੋਸ਼ ਮੜ ਰਹੇ ਹਨ, ਜਦ ਕਿ ਇਸ ਸੰਬੰਧ ਵਿਚ ਕੋਈ ਸਬੂਤ ਨਹੀਂ ਹਨ। ਇਥੋਂ ਤੱਕ ਕਿ ਇਸ ਮਾਮਲੇ ਵਿਚ ਸੀਬੀਆਈ ਡੇਰਾ ਸਿਰਸਾ ਨੂੰ ਬੇਗੁਨਾਹ ਠਹਿਰਾ ਰਹੀ ਹੈ।

**ਸੀਬੀਆਈ ਜਾਂਚ ਪੰਜਾਬ ਸਰਕਾਰ ਹਵਾਲੇ ਕਰਨ ਤੋਂ ਇਨਕਾਰੀ :** ਬੇਅਦਬੀ ਮਾਮਲੇ ਵਿਚ ਸੀਬੀਆਈ ਵਲੋਂ ਕੇਸ ਬੰਦ ਕਰਨ ਲਈ ਮੁਹਾਲੀ ਅਦਾਲਤ ਵਿਚ ਪੇਸ਼ ਕੀਤੀ ਕਲੋਜ਼ਰ ਰਿਪੋਰਟ ਦੀ ਕਾਪੀ ਹਾਸਲ ਕਰਨ ਲਈ ਪੰਜਾਬ ਸਰਕਾਰ ਵਲੋਂ ਸੀਬੀਆਈ। ਦੇ ਵਿਸ਼ੇਸ਼ ਜੱਜ ਐੱਨਐੱਸ ਗਿੱਲ ਦੀ ਅਦਾਲਤ ਵਿਚ ਦਾਇਰ ਅਪੀਲ 'ਤੇ ਸੀਬੀਆਈ ਵਲੋਂ ਆਪਣਾ ਜਵਾਬ ਦਾਖ਼ਲ ਕੀਤਾ ਗਿਆ। ਸੀਬੀ ਆਈ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਪੰਜਾਬ ਸਰਕਾਰ ਵਲੋਂ ਜਦੋਂ ਇਕ ਵਾਰ ਸੀਬੀਆਈ ਨੂੰ ਜਾਂਚ ਸੌਂਪ ਦਿੱਤੀ ਗਈ ਸੀ ਤਾਂ ਹੁਣ ਪੰਜਾਬ ਪੁਲਿਸ ਨੂੰ ਉਕਤ ਜਾਂਚ ਵਿਚ ਦਖ਼ਲ ਦੇਣ ਦਾ ਕੋਈ ਅਧਿਕਾਰ ਨਹੀਂ, ਕਿਉਂਕਿ ਜੋ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਜਾਂਦੀ ਹੈ ਉਸ ਦੀ ਜਾਂਚ ਸਿਰਫ਼ ਸੀਬੀਆਈ ਹੀ ਕਰ ਸਕਦੀ ਹੈ। ਸੀਬੀਆਈ ਨੇ 4 ਜੁਲਾਈ ਨੂੰ ਬੁਰਜ ਜਵਾਹਰ ਸਿੰਘ ਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ ਸਮੇਤ ਤਿੰਨ ਮਾਮਲਿਆਂ ਸਬੰਧੀ ਸੀਬੀਆਈ ਅਦਾਲਤ ਵਿਚ ਦਾਖ਼ਲ ਕੀਤੀ ਕਲੋਜ਼ਰ ਰਿਪੋਰਟ ਸਬੰਧੀ ਕਿਹਾ ਕਿ ਪੰਜਾਬ ਪੁਲਿਸ ਇਨ੍ਹਾਂ ਤਿੰਨਾਂ ਮਾਮਲਿਆਂ ਵਿਚ ਨਾ ਤਾਂ ਸ਼ਿਕਾਇਤਕਰਤਾ ਹੈ ਤੇ ਨਾ ਹੀ ਉਹ ਮੁਲਜ਼ਮ ਧਿਰ ਹੈ ਲਿਹਾਜ਼ਾ ਉਹ ਉਕਤ ਕਲੋਜ਼ਰ ਰਿਪੋਰਟ ਦੀ ਕਾਪੀ ਲੈਣ ਦੀ ਹੱਕਦਾਰ ਨਹੀਂ। ਸੀਬੀਆਈ ਮੁਤਾਬਿਕ ਉਹ ਇਕ ਅਜਿਹੀ ਕੌਮੀ ਜਾਂਚ ਏਜੰਸੀ ਹੈ ਜੋ ਲੋੜ ਪੈਣ 'ਤੇ ਅਦਾਲਤ ਵਿਚ ਪੇਸ਼ ਮੁਕੱਦਮਿਆਂ ਦੀ ਮੁੜ ਪੜਤਾਲ ਕਰਕੇ ਮੁਕੱਦਮਾ ਚਲਾ ਸਕਦੀ ਹੈ। ਸੀਬੀਆਈ ਨੇ ਅਦਾਲਤ ਵਿਚ ਪੇਸ਼ ਕਲੋਜ਼ਰ ਰਿਪੋਰਟ ਦਾ ਜ਼ਿਕਰ ਕਰਦਿਆਂ ਮੁੜ ਕਿਹਾ ਕਿ ਪੰਜਾਬ ਪੁਲਿਸ ਦੇ ਡੀ ਜੀਪੀ (ਜਾਂਚ) ਵਲੋਂ ਸੀਬੀਆਈ ਨੂੰ ਕੁਝ ਨਵੀਂ ਜਾਣਕਾਰੀ ਤੇ ਉਕਤ ਮਾਮਲੇ ਨਾਲ ਸਬੰਧਿਤ ਨਵੇਂ ਤੱਥ ਪੇਸ਼ ਕੀਤੇ ਗਏ ਹਨ, ਜਿਨ੍ਹਾਂ ਸਬੰਧੀ ਸੀਬੀਆਈ ਇਸ ਮਾਮਲੇ ਦੀ ਪੜਤਾਲ ਅੱਗੇ ਤੋਰਨਾ ਚਾਹੁੰਦੀ ਹੈ। ਬੇਅਦਬੀ ਦੇ ਤਿੰਨਾਂ ਮਾਮਲਿਆਂ ਵਿਚ ਜਿਹੜੀ ਕਲੋਜ਼ਰ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ ਗਈ ਹੈ ਉਸ ਨੂੰ ਅਣਗੌਲਿਆ ਰੱਖਿਆ ਜਾ ਸਕਦਾ ਹੈ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਹਾਈਕੋਰਟ ਵਲੋਂ ਇਸ ਮਾਮਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਵੀ ਸੀਬੀਆਈ ਨੂੰ ਕੋਈ ਖ਼ਾਸ ਨਿਰਦੇਸ਼ ਨਹੀਂ ਦਿੱਤੇ ਗਏ, ਜਿਸ ਦੇ ਚਲਦਿਆਂ ਇਨ੍ਹਾਂ ਮਾਮਲਿਆਂ ਦੀ ਜਾਂਚ ਜਾਰੀ ਰੱਖਣ ਵਿਚ ਕੋਈ ਅੜਿੱਕਾ ਨਹੀਂ ਹੈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਲਈ 19 ਸਤੰਬਰ ਦੀ ਤਰੀਕ ਨਿਸ਼ਚਿਤ ਕੀਤੀ ਹੈ।

**ਬਰਗਾੜੀ ਕਾਂਡ ਦੀ ਜਾਂਚ ਉਲਝੀ** : ਸਿੱਟ ਦੇ ਮੁਖੀ ਪ੍ਰਬੋਧ ਕੁਮਾਰ ਵਲੋਂ ਸੀਬੀਆਈ ਨੂੰ ਲਿਖੀ ਚਿੱਠੀ ਕਿ ਸੀਬੀਆਈ ਦੀ ਜਾਂਚ ਬੰਦ ਨਹੀਂ ਹੋਣੀ ਚਾਹੀਦੀ, ਤੋਂ ਬਾਅਦ ਪੰਜਾਬ ਕਾਂਗਰਸ ਵਿਚ ਇਕ ਨਵੀਂ ਤਰ੍ਹਾਂ ਦੀ ਸਫ਼ਬੰਦੀ ਹੁੰਦੀ ਨਜ਼ਰ ਆ ਰਹੀ ਹੈ। ਜਾਣਕਾਰੀ ਅਨੁਸਾਰ ਬਰਗਾੜੀ ਕਾਂਡ ਮਾਮਲੇ 'ਤੇ ਪੰਜਾਬ ਵਿਧਾਨ ਸਭਾ ਵਲੋਂ ਜਾਂਚ ਸੀਬੀਆਈ ਤੋਂ ਵਾਪਸ ਲਏ ਜਾਣ ਦੇ ਫ਼ੈਸਲੇ ਦੇ ਉਲਟ ਪੰਜਾਬ ਪੁਲਿਸ ਵਲੋਂ ਸੀਬੀਆਈ ਨੂੰ ਜਾਂਚ ਜਾਰੀ ਰੱਖਣ ਲਈ ਕਹੇ ਜਾਣ ਕਾਰਨ, ਪੰਜਾਬ ਦੇ ਕਾਂਗਰਸੀ ਵਿਧਾਇਕਾਂ ਵਿਚ ਗੁੱਸੇ ਦਾ ਮਾਹੌਲ ਬਣ ਰਿਹਾ ਹੈ। ਗ਼ੌਰਤਲਬ ਹੈ ਕਿ ਪੰਜਾਬ ਦੇ ਲੋਕਾਂ ਵਿਚ ਪਹਿਲਾਂ ਹੀ ਚਰਚਾ ਸੀ ਕਿ ਮੁੱਖ ਮੰਤਰੀ ਕੈਪਟਨ ਇਸ ਮਾਮਲੇ ਵਿਚ ਬਹੁਤ ਹੌਲੀ-ਹੌਲੀ ਚੱਲ ਰਹੇ ਹਨ। ਹੁਣ ਪ੍ਰਬੋਧ ਕੁਮਾਰ ਦੇ ਪੱਤਰ ਨੇ ਪੰਜਾਬ ਅਤੇ ਪੰਜਾਬ ਕਾਂਗਰਸ ਵਿਚ ਨਵੀਂ ਬਹਿਸ ਛੇੜ ਦਿੱਤੀ ਹੈ ਕਿ ਬਿਨਾਂ ਮੁੱਖ ਮੰਤਰੀ ਦੀ ਮਨਜ਼ੂਰੀ ਦੇ ਉਹ ਇਹ ਪੱਤਰ ਕਿਵੇਂ ਲਿਖ ਸਕਦੇ ਹਨ? ਦੂਸਰੇ ਪਾਸੇ ਸਿਆਸੀ ਮਾਹਿਰਾਂ ਵਲੋਂ ਕਿਹਾ ਜਾ ਰਿਹਾ ਹੈ ਕਿ ਕੈਪਟਨ ਦਾ ਸਿੱਟ 'ਤੇ ਪ੍ਰਭਾਵ ਖਤਮ ਹੋ ਗਿਆ ਹੈ ਤੇ ਉਹ ਮੋਦੀ ਸਰਕਾਰ ਦਾ ਪ੍ਰਭਾਵ ਕਬੂਲ ਰਹੀ ਹੈ।




## ਰੰਧਾਵਾ ਸਿੱਖ ਪੰਥ ਦੇ ਹੱਕ 'ਚ ਦ੍ਰਿੜ੍ਹ

ਇਸ ਮਾਮਲੇ ਵਿਚ ਜਿਸ ਤਰ੍ਹਾਂ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਖੁੱਲ੍ਹ ਕੇ ਬੋਲਣ ਦੀ ਜੁਰਅਤ ਕੀਤੀ ਹੈ, ਉਹ ਹੋਰ ਕਿਸੇ ਵਿਧਾਇਕ ਨੇ ਨਹੀਂ ਕੀਤੀ। ਪਰ ਇਹ ਹੌਸਲਾ ਵਿਖਾਉਣ ਨੇ ਰੰਧਾਵਾ ਦਾ ਕੱਦ ਤੇ ਅਕਸ ਲੋਕਾਂ ਅਤੇ ਕਾਂਗਰਸੀ ਵਿਧਾਇਕਾਂ ਵਿਚ ਵੀ ਉਭਾਰਿਆ ਹੈ।

ਗ਼ੌਰਤਲਬ ਹੈ ਕਿ ਸੁਖਜਿੰਦਰ ਸਿੰਘ ਰੰਧਾਵਾ ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧੀ ਨਹੀਂ ਹਨ, ਸਗੋਂ ਉਨ੍ਹਾਂ ਦੇ ਨਜ਼ਦੀਕੀ ਹੀ ਮੰਨੇ ਜਾਂਦੇ ਹਨ। ਰੰਧਾਵਾ ਨੇ ਸਪੱਸ਼ਟ ਰੂਪ ਵਿਚ ਪ੍ਰਬੋਧ ਕੁਮਾਰ ਵਲੋਂ ਸੀਬੀਆਈ ਨੂੰ ਲਿਖੀ ਚਿੱਠੀ ਨੂੰ ਸਰਕਾਰ ਦੇ ਸਟੈਂਡ ਦੇ ਉਲਟ ਕਰਾਰ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਬਾਰੇ ਮੁੱਖ ਮੰਤਰੀ ਕੈਪਟਨ ਨੂੰ ਜ਼ਰੂਰ ਸਪੱਸ਼ਟ ਕਰਨਾ ਚਾਹੀਦਾ ਹੈ। ਰੰਧਾਵਾ ਨੇ ਕਿਹਾ ਕਿ ਪ੍ਰਬੋਧ ਕੁਮਾਰ ਨੂੰ ਕੋਈ ਹੱਕ ਨਹੀਂ ਕਿ ਉਹ ਵਿਧਾਨ ਸਭਾ ਵਿਚ ਪਾਸ ਮਤੇ ਦੇ ਉਲਟ ਕੁਝ ਕਹਿਣ।

## ਸੀਬੀਆਈ ਜਾਂਚ ਵਾਪਸ ਲੈਣ ਦੀ ਤਿਆਰੀ

ਇਸ ਤਰ੍ਹਾਂ ਜਾਪਦਾ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਨਾਲ ਸਬੰਧਿਤ ਬਰਗਾੜੀ ਕਾਂਡ ਜਿਸ ਨੇ ਅਕਾਲੀ ਦਲ ਤੇ ਬਾਦਲ ਪਰਿਵਾਰ ਦੇ ਰਾਜਨੀਤਕ ਅਕਸ ਨੂੰ ਖਰਾਬ ਕਰਨ ਵਿਚ ਪ੍ਰਮੁੱਖ ਰੋਲ ਨਿਭਾਇਆ ਸੀ, ਜਿਸ ਦਾ ਪ੍ਰਚਾਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣਾਉਣ ਵਿਚ ਵੀ ਕਾਫੀ ਸਹਾਈ ਹੋਇਆ ਸੀ। ਹੁਣ ਉਹੀ ਕਾਂਡ ਖ਼ੁਦ ਕੈਪਟਨ ਦੀ ਰਾਜਨੀਤਕ ਸਥਿਤੀ ਵੀ ਖ਼ਰਾਬ ਕਰ ਰਿਹਾ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਸ਼ਾਇਦ ਲੋਕਾਂ ਵਿਚ ਇਸ ਮਾਮਲੇ 'ਤੇ ਖ਼ਰਾਬ ਹੁੰਦੇ ਅਕਸ ਤੇ ਕਾਂਗਰਸੀ ਵਿਧਾਇਕਾਂ ਵਿਚ ਪਨਪਦੀ ਕਥਿਤ ਨਾਰਾਜ਼ਗੀ ਨੇ ਮੁੱਖ ਮੰਤਰੀ ਕੈਪਟਨ ਨੂੰ ਨੀਂਦ ਤੋਂ ਜਗਾ ਦਿੱਤਾ ਹੈ। ਹੁਣ ਪੂਰਾ ਇਕ ਸਾਲ ਦਾ ਸਮਾਂ ਬੀਤ ਜਾਣ ਤੋਂ ਬਾਅਦ ਪੰਜਾਬ ਸਰਕਾਰ ਨੂੰ ਯਾਦ ਆ ਗਿਆ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਮਤਾ ਪਾਸ ਕੀਤਾ ਗਿਆ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਦੀ ਸਹੀ ਜਾਂਚ ਕਰਵਾਉਣ ਲਈ ਇਹ ਜਾਂਚ ਸੀਬੀਆਈ ਤੋਂ ਵਾਪਸ ਲਈ ਜਾਵੇ। ਜਾਣਕਾਰੀ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਨੇ ਇਕ ਐਮਰਜੈਂਸੀ ਮੀਟਿੰਗ ਬੁਲਾ ਕੇ ਪੰਜਾਬ ਦੇ ਐਡਵੋਕੇਟ ਜਨਰਲ ਅਤੁੱਲ ਨੰਦਾ ਨੂੰ ਇਸ ਮਾਮਲੇ 'ਤੇ ਕਾਨੂੰਨੀ ਰਾਏ ਦੇਣ ਲਈ ਕਿਹਾ। ਪਤਾ ਲੱਗਾ ਹੈ ਕਿ ਐਡਵੋਕੇਟ ਜਨਰਲ ਨੇ ਸਲਾਹ ਦਿੱਤੀ ਹੈ ਕਿ ਹਾਈ ਕੋਰਟ ਵਲੋਂ ਪੰਜਾਬ ਵਿਧਾਨ ਸਭਾ ਦੇ ਸੀਬੀਆਈ ਤੋਂ ਜਾਂਚ ਵਾਪਸ ਲੈਣ ਦੇ ਫ਼ੈਸਲੇ ਨੂੰ ਕਾਇਮ ਰੱਖਣ ਦੇ ਫ਼ੈਸਲੇ ਤੋਂ ਬਾਅਦ ਸੀਬੀਆਈ ਤੋਂ ਕੇਸ ਵਾਪਸ ਲੈ ਲਏ ਜਾਣੇ ਚਾਹੀਦੇ ਹਨ। ਇਹ ਵੀ ਪਤਾ ਲੱਗਾ ਹੈ ਕਿ ਐਡਵੋਕੇਟ ਜਨਰਲ ਨੇ ਇਹ ਵੀ ਕਿਹਾ ਹੈ ਕਿ ਹਾਈ ਕੋਰਟ ਦੇ ਫ਼ੈਸਲੇ ਤੋਂ ਬਾਅਦ ਵੀ ਸੀਬੀਆਈ ਵਲੋਂ ਜਾਂਚ ਜਾਰੀ ਰੱਖਣੀ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਹੈ। ਗ਼ੌਰਤਲਬ ਹੈ ਕਿ ਜਦੋਂ ਪੰਜਾਬ ਸਰਕਾਰ ਨੇ ਵਿਧਾਨ ਸਭਾ ਵਿਚ ਪਾਸ ਕੀਤੇ ਮਤੇ ਤੋਂ ਬਾਅਦ ਸੀਬੀਆਈ ਤੋਂ ਕੇਸ ਵਾਪਸ ਲੈਣ ਦਾ ਫ਼ੈਸਲਾ ਨੋਟੀਫਾਈ ਕੀਤਾ ਸੀ ਤਾਂ ਇਸ ਨੂੰ ਪੁਲਿਸ ਅਧਿਕਾਰੀ ਚਰਨਜੀਤ ਸ਼ਰਮਾ ਨੇ ਅਦਾਲਤ ਵਿਚ ਚੈਲੰਜ ਕੀਤਾ ਸੀ ਪਰ ਅਦਾਲਤ ਨੇ ਇਸ ਨੂੰ ਕਾਇਮ ਰੱਖਿਆ ਸੀ। ਅਦਾਲਤ ਵਲੋਂ ਕੀਤੇ ਇਸ ਫ਼ੈਸਲੇ ਨੂੰ ਵੀ ਕਰੀਬ 8 ਮਹੀਨੇ ਹੋ ਚੱਲੇ ਹਨ। ਹੁਣ ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਨੇ ਸੀਬੀਆਈ ਤੋਂ ਕੇਸ ਵਾਪਸ ਲੈਣ ਦਾ ਫ਼ੈਸਲਾ ਕਰ ਲਿਆ ਹੈ। ਪਤਾ ਲੱਗਾ ਹੈ ਕਿ ਇਸ ਬਾਰੇ ਫਾਈਲ ਤਿਆਰ ਕਰ ਕੇ ਮੁੱਖ ਮੰਤਰੀ ਦੇ ਦਸਤਖ਼ਤਾਂ ਲਈ ਭੇਜੀ ਜਾ ਚੁੱਕੀ ਹੈ। ਇਸ ਤੋਂ ਬਾਅਦ ਪੰਜਾਬ ਸਰਕਾਰ ਕੇਂਦਰ ਸਰਕਾਰ ਨੂੰ ਲਿਖੇਗੀ ਕਿ ਮਾਮਲੇ ਦੀ ਜਾਂਚ ਪੰਜਾਬ ਨੂੰ ਵਾਪਸ ਕੀਤੀ ਜਾਵੇ। ਇਸ ਗੱਲ ਦੀ ਬਹੁਤ ਸੰਭਾਵਨਾ ਹੈ ਕਿ ਕਾਂਗਰਸ ਸਰਕਾਰ ਤੇ ਮੁੱਖ ਮੰਤਰੀ ਆਪਣੇ ਅਕਸ ਨੂੰ ਬਚਾਉਣ ਲਈ ਮਾਮਲੇ ਦੀ ਜਾਂਚ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਵਾਲੀ ਸਿੱਟ ਨੂੰ ਹੀ ਸੌਂਪ ਦੇਣਗੇ। ਇਸ ਦਰਮਿਆਨ ਇਹ ਚਰਚਾ ਵੀ ਸੁਣਾਈ ਦੇ ਰਹੀ ਹੈ ਕਿ ਇਸ ਚਿੱਠੀ ਤੋਂ ਬਾਅਦ ਸਿੱਟ ਮੁਖੀ ਪ੍ਰਬੋਧ ਦੀ ਬਦਲੀ ਵੀ ਕੀਤੀ ਜਾ ਸਕਦੀ ਹੈ। ਕਿਉਂਕਿ ਇਕ ਪਾਸੇ ਸਿਟ ਮੁਖੀ ਪ੍ਰਬੋਧ ਕੁਮਾਰ ਸੀਬੀਆਈ ਨੂੰ ਚਿੱਠੀ ਲਿਖ ਕੇ ਨਿਸ਼ਾਨੇ 'ਤੇ ਆ ਗਏ ਹਨ।

# ਮੋਦੀ ਦੀ ਨੀਤੀਆਂ ਕਾਰਨ ਭਾਰਤ ਬੁਰੀ ਤਰ੍ਹਾਂ ਮੰਦੀ 'ਚ ਫਸਿਆ

- **ਆਰਥਿਕ ਵਿਕਾਸ ਦਰ 5 ਫੀਸਦੀ 'ਤੇ ਆਈ**
- **ਡਾ. ਮਨਮੋਹਨ ਸਿੰਘ ਨੇ ਭਾਰਤ ਸਰਕਾਰ ਨੂੰ ਦਿੱਤੀ ਯੋਗ ਸਲਾਹ**

ਨਵੀਂ ਦਿੱਲੀ-ਆਰਥਕ ਮੰਦੀ ਦੀ ਆਹਟ ਦਰਮਿਆਨ ਮੋਦੀ ਸਰਕਾਰ ਨੂੰ ਸ਼ੁੱਕਰਵਾਰ ਤਕੜਾ ਝਟਕਾ ਲੱਗਿਆ। ਦੇਸ਼ ਦੀ ਕੁਲ ਵਿਕਾਸ ਦਰ (ਜੀ ਡੀ ਪੀ) ਦੇ ਜਾਰੀ ਅੰਕੜਿਆਂ ਤੋਂ ਪਤਾ ਲੱਗਿਆ ਕਿ ਅਰਥ-ਵਿਵਸਥਾ ਦੀ ਹਾਲਤ ਹੋਰ ਵਿਗੜ ਗਈ ਹੈ। ਸਰਕਾਰੀ ਅੰਕੜਿਆਂ ਮੁਤਾਬਕ ਅਪ੍ਰੈਲ ਤੋਂ ਜੂਨ ਦੀ ਤਿਮਾਹੀ ਵਿਚ ਜੀ ਡੀ ਪੀ 5.8 ਫੀਸਦੀ ਤੋਂ ਘਟ ਕੇ 5 ਫੀਸਦੀ ਤੇ ਪਹੁੰਚ ਆ ਗਈ ਹੈ। ਪਿਛਲੇ ਸਾਲ ਇਸੇ ਤਿਮਾਹੀ ਵਿਚ ਇਹ ਦਰ 8 ਫੀਸਦੀ ਸੀ। ਇਸ ਤੋਂ ਪਹਿਲਾਂ 2012-13 ਵਿਚ ਇਹ 4.9 ਫੀਸਦੀ ਤੇ ਰਹੀ ਸੀ। ਮੈਨੂੰਫੈਕਚਰਿੰਗ ਸੈਕਟਰ ਵਿਚ ਵੀ ਭਾਰੀ ਗਿਰਾਵਟ ਆਈ ਹੈ, ਜਦਕਿ ਖੇਤੀ ਵਿਕਾਸ ਦਰ 5.8 ਫੀਸਦੀ ਤੋਂ ਘਟ ਕੇ 2 ਫੀਸਦੀ ਰਹਿ ਗਈ ਹੈ। ਮਾਹਰਾਂ ਦੀ ਮੰਨੀਏ ਤਾਂ ਜੀ ਡੀ ਪੀ ਸੱਤ ਸਾਲ ਵਿਚ ਸਭ ਤੋਂ ਘੱਟ ਰਿਕਾਰਡ ਕੀਤੀ ਗਈ ਹੈ। ਇਸ ਦੇ ਡਿੱਗਣ ਦਾ ਸ਼ੇਅਰ ਮਾਰਕਿਟ ਤੇ ਸਿੱਧਾ ਅਸਰ ਪੈ ਸਕਦਾ ਹੈ।




## ਡਾ. ਮਨਮੋਹਨ ਸਿੰਘ ਦੀ ਸਲਾਹ

ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਬਹੁਤ ਹੀ ਸੰਕੋਚ ਨਾਲ ਬੋਲਣ ਵਾਲੇ ਅਰਥ ਸ਼ਾਸਤਰੀ ਹਨ। ਨੋਟਬੰਦੀ ਤੋਂ ਬਾਅਦ ਸੰਸਦ ਵਿਚ ਉਨ੍ਹਾਂ ਕਿਹਾ ਸੀ ਕਿ ਨੋਟਬੰਦੀ ਕਾਰਨ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਦੀ ਦਰ ਘੱਟੋ-ਘੱਟ 2 ਫ਼ੀਸਦੀ ਹੇਠਾਂ ਡਿੱਗੇਗੀ। ਜਦੋਂ ਇਹ ਗੱਲ ਕਹੀ ਗਈ, ਉਸ ਵੇਲੇ ਕੁੱਲ ਘਰੇਲੂ ਉਤਪਾਦਨ ਵਿਚ ਵਾਧੇ ਦੀ ਦਰ 7 ਫ਼ੀਸਦੀ ਤੋਂ 8 ਫ਼ੀਸਦੀ ਦੇ ਵਿਚਕਾਰ ਸੀ। ਇਸ ਤਿਮਾਹੀ ਵਿਚ ਇਹ ਦਰ 5 ਫ਼ੀਸਦੀ ਹੋ ਗਈ ਹੈ। ਮਨਮੋਹਨ ਸਿੰਘ ਨੇ ਇਸ ਕਿਹਾ ਹੈ ਕਿ ਦੇਸ਼ ਨੂੰ ਲੰਮੇ ਸਮੇਂ ਤਕ ਆਰਥਿਕ ਮੰਦਵਾੜੇ ਦਾ ਸਾਹਮਣਾ ਕਰਨਾ ਪਵੇਗਾ। ਡਾ. ਅਨੁਸਾਰ ਕਾਰਖਾਨਿਆਂ ਵਿਚ ਵਸਤਾਂ ਬਣਾਉਣ ਵਾਲੇ ਸੈਕਟਰ ਵਿਚ ਵਾਧੇ ਦੀ ਦਰ 0.6 ਫ਼ੀਸਦੀ ਤੱਕ ਡਿੱਗ ਪੈਣ ਤੋਂ ਪਤਾ ਲੱਗਦਾ ਹੈ ਕਿ ਨੋਟਬੰਦੀ ਅਤੇ ਅਣਗਹਿਲੀ ਨਾਲ ਲਾਗੂ ਕੀਤੀ ਗਈ ਜੀਐੱਸਟੀ ਦੀ ਸਕੀਮ ਕਾਰਨ ਵੱਡਾ ਨੁਕਸਾਨ ਹੋਇਆ ਹੈ। ਮਨਮੋਹਨ ਸਿੰਘ ਦਾ ਕਹਿਣਾ ਹੈ ਕਿ ਅਰਥਚਾਰੇ ਵਿਚ ਆਇਆ ਇਹ ਸੰਕਟ ਕੋਈ ਕੁਦਰਤੀ ਸੰਕਟ ਨਹੀਂ ਸਗੋਂ ਸਰਕਾਰ ਦੀਆਂ ਗ਼ਲਤੀਆਂ ਕਾਰਨ ਪੈਦਾ ਹੋਇਆ ਹੈ। ਉਨ੍ਹਾਂ ਨੇ ਕਾਰਾਂ, ਦੋਪਹੀਆ ਵਾਹਨਾਂ, ਟਰੱਕਾਂ ਤੇ ਟਰੈਕਟਰ ਬਣਾਉਣ ਵਾਲੇ ਖੇਤਰ ਬਾਰੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਸਿਰਫ਼ ਇਸੇ ਖੇਤਰ ਵਿਚ 3.5 ਲੱਖ ਤੋਂ ਵੱਧ ਨੌਕਰੀਆਂ ਜਾਂਦੀਆਂ



ਰਹੀਆਂ ਹਨ ਅਤੇ ਇਸ ਦੇ ਨਾਲ ਨਾਲ ਗ਼ੈਰ ਰਸਮੀ ਖੇਤਰ ਵਿਚ ਵੀ ਵੱਡੇ ਪੱਧਰ ਉੱਤੇ ਨੌਕਰੀਆਂ ਦਾ ਨੁਕਸਾਨ ਹੋਇਆ ਹੈ। ਸਾਬਕਾ ਪ੍ਰਧਾਨ ਮੰਤਰੀ ਅਨੁਸਾਰ ਰਿਜ਼ਰਵ ਬੈਂਕ ਆਫ਼ ਇੰਡੀਆ ਵੱਲੋਂ 1.76 ਲੱਖ ਕਰੋੜ ਰੁਪਿਆ ਸਰਕਾਰ ਨੂੰ ਦੇਣ ਨਾਲ ਕੇਂਦਰੀ ਬੈਂਕ ਦੀ ਆਪਣੇ ਆਪ ਨੂੰ ਲਗਾਤਾਰ ਸੁਚਾਰੂ ਢੰਗ ਨਾਲ ਚਲਾਉਣ ਦੀ ਤਾਕਤ ਦਾ ਇਮਤਿਹਾਨ ਹੋਵੇਗਾ। ਕਹਿਣ ਦਾ ਭਾਵ ਇਹ ਹੈ ਕਿ ਕੇਂਦਰੀ ਬੈਂਕ ਨੂੰ ਕੁਝ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇੱਥੇ ਜ਼ਿਕਰਯੋਗ ਹੈ ਕਿ ਡਾ. ਮਨਮੋਹਨ ਸਿੰਘ ਵਿਸ਼ਵ ਵਿਚ ਆਰਥਿਕ ਨੀਤੀਆਂ ਸਿਰਜਣ ਵਾਲਾ ਸਭ ਤੋਂ ਵੱਡਾ ਮਾਹਿਰ ਸਾਬਿਤ ਹੋਇਆ ਹੈ। ਇਹ ਸ਼ਾਇਦ ਇਸ ਲਈ ਸੰਭਵ ਹੋਇਆ ਕਿਉਂਕਿ ਉਸ ਨੇ ਵਿੱਤ ਵਿਭਾਗ, ਰਿਜ਼ਰਵ ਬੈਂਕ ਆਫ਼ ਇੰਡੀਆ ਅਤੇ ਯੋਜਨਾ ਕਮਿਸ਼ਨ ਵਿਚ ਵੱਖ ਵੱਖ ਅਹੁਦਿਆਂ ਤੇ ਕੰਮ ਕੀਤਾ। ਉਸ ਨੇ ਕਦੀ ਬਾਹਰਲੇ ਦੇਸ਼ਾਂ ਨੂੰ ਬਰਾਮਦ ਕੀਤੀਆਂ ਜਾਣ ਵਾਲੀਆਂ ਵਸਤਾਂ ਪੈਦਾ ਕਰਨ ਵਾਲੇ ਖੇਤਰਾਂ ਨੂੰ ਤਰਜੀਹ ਦਿੱਤੀ ਤੇ ਕਦੀ ਜਨਤਕ ਖੇਤਰ ਵਿਚ ਕੀਤੇ ਜਾਣ ਵਾਲੇ ਖ਼ਰਚੇ ਨੂੰ ਵਧਾਇਆ।

## ਪੰਜਾਬ ਦੇ ਬਿਜਨੈਸਮੈਨਾਂ 'ਚ ਵਧ ਰਿਹੈ ਵਿਦੇਸ਼ਾਂ ਵਿਚ ਵੱਸਣ ਦਾ ਰੁਝਾਨ

**ਜਲੰਧਰ/ਏਟੀ ਨਿਊਜ਼ :**

ਪੰਜਾਬ ਦੇ ਪਾੜਿਆਂ ਤੋਂ ਬਾਅਦ ਹੁਣ ਕਈ ਚੰਗੇ ਕਾਰੋਬਾਰੀ ਜਾਂ ਸਨਅਤਕਾਰਾਂ ਵਲੋਂ ਵੀ ਕਾਰੋਬਾਰ ਚੰਗੀ ਹਾਲਤ ਵਿਚ ਹੋਣ ਦੇ ਬਾਵਜੂਦ ਵਿਦੇਸ਼ਾਂ ਵਿਚ ਵੱਸ ਜਾਣ ਦੇ ਰੁਝਾਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਦੇ ਕਾਰਨ ਪੰਜਾਬ ਵਿਚ ਮੰਦੀ ਦੱਸਿਆ ਜਾ ਰਿਹਾ ਹੈ। ਕੇਂਦਰ ਸਰਕਾਰ ਕਈ ਮਹੀਨੇ ਪਹਿਲਾਂ ਹੀ ਦੇਸ਼ ਭਰ ਦੇ ਚੋਟੀ ਦੇ ਕਾਰੋਬਾਰੀਆਂ ਵਲੋਂ ਵਿਦੇਸ਼ਾਂ ਵਿਚ ਵੱਸ ਜਾਣ ਦੇ ਰੁਝਾਨ ਤੋਂ ਚਿੰਤਤ ਹੋ ਗਈ ਸੀ। ਕੇਂਦਰ ਦੀ ਹਦਾਇਤ 'ਤੇ ਬਾਕਾਇਦਾ ਇਸ ਮਾਮਲੇ ਵਿਚ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਨੂੰ ਦੇਸ਼ ਭਰ ਦੇ ਚੋਣਵੇਂ ਵੱਡੇ ਕਾਰੋਬਾਰੀਆਂ ਦੇ ਦੇਸ਼ ਛੱਡ ਕੇ ਵਿਦੇਸ਼ਾਂ ਵਿਚ ਵੱਸ ਜਾਣ ਦੇ ਕਾਰਨਾਂ ਦਾ ਪਤਾ ਲਗਾ ਕੇ ਰਿਪੋਰਟ ਦੇਣ ਲਈ ਕਿਹਾ ਸੀ। ਦੱਸਿਆ ਜਾਂਦਾ ਹੈ ਕਿ ਜਦੋਂ ਵਿਜੇ ਮਾਲੀਆ, ਨੀਰਵ ਮੋਦੀ ਬੈਂਕਾਂ ਦੀਆਂ ਦੇਣਦਾਰੀਆਂ ਨਿਪਟਾਉਣ ਦੀ ਜਗ੍ਹਾ ਦੇਸ਼ ਤੋਂ ਫ਼ਰਾਰ ਹੋ ਗਏ ਸਨ ਤਾਂ ਉਸ ਤੋਂ ਬਾਅਦ ਹੀ ਕੇਂਦਰ ਨੇ ਇਨ੍ਹਾਂ ਮਾਮਲਿਆਂ ਨੂੰ ਗੰਭੀਰਤਾ ਨਾਲ ਲਿਆ ਸੀ।

ਮਾਹਿਰਾਂ ਦਾ ਮੰਨਣਾ ਹੈ ਕਿ ਕੇਂਦਰ ਨੇ ਇਸ ਬਾਰੇ ਸਰਵੇਖਣ ਕਰਵਾਉਣੇ ਸ਼ੁਰੂ ਕੀਤੇ ਹਨ ਪਰ ਪੰਜਾਬ ਵਿਚ ਜੇਕਰ ਇਸ ਤਰ੍ਹਾਂ ਦੇ ਰੁਝਾਨ ਵਿਚ ਵਾਧਾ ਹੁੰਦਾ ਹੈ ਤਾਂ ਇਹ ਰਾਜ ਦੀ ਅਰਥ-ਵਿਵਸਥਾ ਲਈ ਚੰਗੀ ਗੱਲ ਨਹੀਂ। ਜਿਹੜਾ ਪੈਸਾ ਪੰਜਾਬ ਦੀ ਅਰਥ-ਵਿਵਸਥਾ ਵਿਚ ਘੁੰਮਦਾ ਸੀ ਉਹ ਹੁਣ ਵਿਦੇਸ਼ਾਂ ਵਿਚ ਜਾ ਰਿਹਾ ਹੈ, ਜੋ ਰਾਜ ਵਿਚ ਆਰਥਿਕ ਮੰਦੀ ਦਾ ਇਕ ਕਾਰਨ ਹੈ।

# ਸੁਰਖੀਆਂ 'ਚ ਆਈ ਡਰੱਗ ਵਿਰੁੱਧ ਸੰਘਰਸ਼ ਕਰ ਰਹੀ ਪੰਜਾਬ ਦੀ ਧੀ

## *ਧਮਕੀਆਂ ਦੀ ਪ੍ਰਵਾਹ ਨਹੀਂ, ਮਿਸ਼ਨ ਲਈ ਮਰ ਜਾਣਾ ਬਿਹਤਰ : ਰਮਨਦੀਪ ਕੌਰ*

**ਮਰਖਾਈ/ਏਟੀ ਨਿਊਜ਼ :** ਫਿਰੋਜ਼ਪੁਰ ਜ਼ਿਲ੍ਹੇ ਦੀ ਜ਼ੀਰਾ ਤਹਿਸੀਲ ਦੇ ਛੋਟੇ ਜਿਹੇ ਪਿੰਡ ਮਰਖਾਈ ਦੀ ਰਹਿਣ ਵਾਲੀ ਰਮਨਦੀਪ ਕੌਰ ਨੇ ਪੁਲੀਸ ਅਫਸਰਾਂ ਤੇ ਪਿੰਡ ਵਾਸੀਆਂ ਨੂੰ ਨਸ਼ੇ ਦੀ ਓਵਰਡੋਜ਼ ਨਾਲ ਮਰੇ ਨੌਜਵਾਨ ਦੇ ਘਰ ਦੇ ਨਜ਼ਦੀਕ ਖਰੀਆਂ ਖਰੀਆਂ ਸੁਣਾਈਆਂ ਸਨ, ਜਿਸ ਦੀ ਵੀਡੀਓ ਸ਼ੋਸ਼ਲ ਮੀਡੀਆ 'ਤੇ ਵਾਇਰਲ ਹੋਈ। ਉਹ ਲੰਬੇ ਸਮੇਂ ਤੋਂ ਨਸ਼ਿਆਂ ਖ਼ਿਲਾਫ਼ ਜੂਝ ਰਹੀ ਹੈ।



ਰਮਨਦੀਪ ਦੋ ਵਾਰ ਵਿਆਹੀ ਗਈ ਅਤੇ ਦੋਵੇਂ ਹੀ ਪਤੀ ਨਸ਼ੇ ਦੀ ਲਤ ਦਾ ਸ਼ਿਕਾਰ ਨਿਕਲੇ। ਰਮਨਦੀਪ ਦੀ ਦਸਵੀਂ ਜਮਾਤ ਪਾਸ ਕਰਦਿਆਂ ਹੀ 2006 ਵਿਚ ਸ਼ਾਦੀ ਕਰ ਦਿੱਤੀ ਗਈ। ਦੱਸਿਆ ਗਿਆ ਸੀ ਕਿ ਲੜਕਾ ਸਰਕਾਰੀ ਨੌਕਰ ਹੈ ਜੋ ਝੂਠ ਨਿਕਲਿਆ ਪਰ ਇਸ ਤੋਂ ਵੀ ਵੱਡੀ ਸੱਟ ਉਸ ਵਕਤ ਲੱਗੀ ਜਦੋਂ ਪਤੀ ਨਸ਼ੇੜੀ ਨਿਕਲਿਆ। ਇਸ ਤੋਂ ਸਿਰਫ਼ ਇੱਕ ਮਹੀਨੇ ਅੰਦਰ ਰਮਨਦੀਪ ਅਣਬਣ ਹੋ ਗਈ। ਮੁਕੱਦਮਾ ਚੱਲਿਆ ਤੇ ਲਗਪਗ ਢਾਈ ਸਾਲ ਬਾਅਦ ਤਲਾਕ ਹੋ ਗਿਆ। ਇਸ ਮਗਰੋਂ ਉਸ ਨੇ 12ਵੀਂ ਤੇ ਲੈਬ ਟੈਕਨੀਸ਼ੀਅਨ ਦਾ ਡਿਪਲੋਮਾ ਕਰਕੇ ਕਈ ਹਸਪਤਾਲਾਂ ਵਿੱਚ ਨੌਕਰੀ ਵੀ ਕੀਤੀ। 2011 ਦੌਰਾਨ ਰਮਨਦੀਪ ਦੀ ਦੂਜੀ ਸ਼ਾਦੀ ਫਾਜ਼ਿਲਕਾ ਜ਼ਿਲ੍ਹੇ ਦੇ ਜੰਡਵਾਲਾ ਪਿੰਡ ਵਿਚ ਕਰ ਦਿੱਤੀ। ਲੜਕਾ ਦਸ ਪੜ੍ਹਿਆ ਸੀ। ਰਮਨਦੀਪ ਨੇ ਉਸ ਨੂੰ ਪੜ੍ਹਨ ਲਈ ਪ੍ਰੇਰਿਆ ਅਤੇ 12ਵੀਂ ਕਰਵਾ ਦਿੱਤੀ। ਨਸ਼ੇ ਦੀ ਲਤ ਇਸ ਲੜਕੇ ਨੂੰ ਵੀ ਪਹਿਲਾਂ ਹੀ ਲੱਗ ਚੁੱਕੀ ਸੀ। ਨਸ਼ਾ ਛੁਡਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਅਖੀਰ ਤਿੰਨ ਸਾਲ ਦੀ ਇੱਕ ਬੇਟੀ ਤੇ ਨੌਂ ਮਹੀਨਿਆਂ ਦੇ ਬੇਟੇ ਸਮੇਤ ਰਮਨਦੀਪ ਨੂੰ ਛੱਡ 2016 ਵਿੱਚ ਉਹ ਜੀਵਨ ਨੂੰ ਅਲਵਿਦਾ ਕਹਿ ਗਿਆ। ਸਹੁਰੇ ਪਰਿਵਾਰ ਵੱਲੋਂ ਰਮਨਦੀਪ ਤੇ ਬੱਚਿਆਂ ਦੀ ਜ਼ਿੰਮੇਵਾਰੀ ਨਾ ਚੁੱਕਣ ਕਾਰਨ ਪੇਕੇ ਘਰ ਰਹਿ ਰਹੀ ਰਮਨਦੀਪ ਨੇ ਨੇੜਲੇ ਪਿੰਡ ਲੈਬਾਰਟਰੀ ਖੋਲ੍ਹੀ ਪਰ ਨਸ਼ਾ ਮਾਫ਼ੀਆ ਦੇ ਹੱਥ ਉੱਥੇ ਤੱਕ ਪੁੱਜੇ ਤੇ ਲੈਬ ਵੀ ਤੋੜ ਦਿੱਤੀ। ਰਮਨਦੀਪ ਸਿਲਾਈ ਦਾ ਕੰਮ ਕਰਕੇ ਬੇਟੀ ਹੈਵਨਪ੍ਰੀਤ ਕੌਰ ਅਤੇ ਪੰਜ ਸਾਲ ਦੇ ਬੇਟੇ ਦੀਪਜੋਤ ਸਿੰਘ ਨੂੰ ਪੜ੍ਹਾਉਣ ਦੀ ਜ਼ਿੰਮੇਵਾਰੀ ਨਿਭਾਉਣ ਦੇ ਨਾਲ ਨਾਲ ਨਸ਼ੇ ਦੀ ਮਾਰ ਝੱਲ ਰਹੇ ਪਰਿਵਾਰਾਂ ਦਾ ਸਹਾਰਾ ਬਣਨ ਦੀ ਕੋਸ਼ਿਸ਼ ਕਰਦੀ ਹੈ। ਰਮਨਦੀਪ ਕੌਰ ਦਾ ਕਹਿਣਾ ਹੈ ਕਿ ਸਿਆਸਤਦਾਨਾਂ ਅਤੇ ਪੁਲੀਸ ਦੀ ਮਿਲੀਭੁਗਤ ਤੋਂ ਬਿਨਾਂ ਨਸ਼ਾ ਕਿਵੇਂ ਵਿਕ ਸਕਦਾ ਹੈ? ਧਾਰਮਿਕ, ਸਮਾਜਿਕ ਅਤੇ ਸਿਆਸੀ ਜਥੇਬੰਦੀਆਂ ਉੱਤੇ ਇਸ ਗੰਭੀਰ ਮੁੱਦੇ ਨੂੰ ਵਿਸਾਰਨ ਦਾ ਦੋਸ਼ ਲਗਾਉਂਦਿਆਂ ਰਮਨਦੀਪ ਦਾ ਕਹਿਣਾ ਹੈ ਕਿ ਹੁਣ ਇੱਕੋ ਇੱਕ ਰਾਹ ਜਨਤਕ ਅੰਦੋਲਨ ਦਾ ਬਚਿਆ ਹੈ। ਮੌਜੂਦਾ ਪੀੜ੍ਹੀ ਬਚਾਈ ਨਹੀਂ ਜਾ ਸਕਦੀ ਪਰ ਇਸ ਤੋਂ ਅਗਲੀ ਹੀ ਬਚਾ ਲਈਏ ਤਾਂ ਕਾਫੀ ਹੈ। ਧਮਕੀਆ ਜਾਂ ਚਿਤਾਵਨੀਆਂ ਬਾਰੇ ਪੰਜਾਬ ਦੀ ਇਹ ਦਲੇਰ ਧੀ ਕਹਿੰਦੀ ਹੈ ਕਿ ਕਿਸੇ ਮਿਸ਼ਨ ਲਈ ਮਰ ਜਾਣਾ ਹਰ ਰੋਜ਼ ਮਰਨ ਨਾਲੋਂ ਬਿਹਤਰ ਹੁੰਦਾ ਹੈ।

*ਮਾਮਲਾ ਵੈਬਸਾਈਟ 'ਤੇ ਸੂਚਨਾਵਾਂ ਨਾ ਪਾਉਣ ਦਾ*

# ਸ਼੍ਰੋਮਣੀ ਕਮੇਟੀ ਆਰਟੀਆਈ ਦੇ ਘੇਰੇ 'ਚ ਆਈ

**ਚੰਡੀਗੜ੍ਹ/ਏਟੀ ਨਿਊਜ਼ :**
ਰਾਜ ਸੂਚਨਾ ਕਮਿਸ਼ਨ ਨੇ ਇਹ ਫੈਸਲਾ ਦਿੱਤਾ ਹੈ ਕਿ ਸੂਚਨਾ ਅਧਿਕਾਰ ਕਾਨੂੰਨ ਤਹਿਤ ਸ਼੍ਰੋਮਣੀ ਕਮੇਟੀ ਸਵੈਇਛੁੱਕ ਤੌਰ ਉੱਤੇ ਸੂਚਨਾ ਵੇਰਵੇ ਦੇਣ ਲਈ ਪਾਬੰਦ ਹੈ। ਰਾਜ ਸੂਚਨਾ ਕਮਿਸ਼ਨ ਦਾ ਇਹ ਹੁਕਮ 2011 ਵਿੱਚ ਦਾਇਰ ਕੀਤੀ ਪਟੀਸ਼ਨ ਦੇ ਤਹਿਤ 22 ਅਗਸਤ 2019 ਨੂੰ ਆਇਆ ਹੈ। ਜ਼ਿਕਰਯੋਗ ਹੈ ਕਿ ਜਦੋਂ ਦਾ ਸੂਚਨਾ ਅਧਿਕਾਰ ਕਾਨੂੰਨ ਲਾਗੂ ਹੋਇਆ ਹੈ, ਉਦੋਂ ਤੋਂ ਹੀ ਸ਼੍ਰੋਮਣੀ ਕਮੇਟੀ ਕਿਸੇ ਨਾ ਕਿਸੇ ਕਾਰਨ ਸਵੈਇਛੁੱਕ ਤੌਰ ਉੱਤੇ ਸੂਚਨਾਵਾਂ ਦੇ ਵੇਰਵੇ ਦੇਣ ਤੋਂ ਇਨਕਾਰੀ ਸੀ। ਲੁਧਿਆਣਾ ਦੇ ਵਾਸੀ ਕੁਲਦੀਪ ਸਿੰਘ ਖਹਿਰਾ ਨੇ ਇੱਕ ਪਟੀਸ਼ਨ ਦਾਇਰ ਕੀਤੀ ਸੀ ਕਿ ਸ਼੍ਰੋਮਣੀ ਕਮੇਟੀ ਜੋ ਕਿ ਜਨਤਕ ਅਦਾਰਾ ਹੈ ਅਤੇ ਸੂਚਨਾ ਅਧਿਕਾਰ ਕਾਨੂੰਨ ਅਧੀਨ ਆਉਂਦੀ ਹੈ ਪਰ ਸਵੈ-ਇਛੁੱਕ ਤੌਰ ਉੱਤੇ ਆਪਣੀ ਵੈਬਸਾਈਟ ਉੱਤੇ ਸੂਚਨਾ ਨਹੀਂ ਪਾ ਰਹੀ। 22 ਅਗਸਤ ਨੂੰ ਰਾਜ ਸੂਚਨਾ ਕਮਿਸ਼ਨਰ ਅਵਤਾਰ ਸਿੰਘ ਕਲੇਰ ਨੇ ਐੱਸਜੀਪੀਸੀ ਖਾਸ ਕਰਕੇ ਇਸ ਦੇ ਸਕੱਤਰ ਨੂੰ ਹਦਾਇਤ ਕੀਤੀ ਕਿ ਆਰਟੀਆਈ ਕਾਨੂੰਨ ਤਹਿਤ ਜਾਣਕਾਰੀ 31 ਅਗਸਤ 2020 ਤੱਕ ਵੈਬਸਾਈਟ ਉੱਤੇ ਪਾਈ ਜਾਵੇ ਅਤੇ ਇਸ ਤੋਂ ਬਾਅਦ ਕਮਿਸ਼ਨ ਨੂੰ ਇਸ ਕਾਰਜ ਦੀ ਪੂਰਤੀ ਕਰਕੇ ਦੱਸਿਆ ਜਾਵੇ। ਇਹ ਕੇਸ ਸਾਲ 2011 ਵਿੱਚ ਉਦੋਂ ਦਾ ਹੈ ਜਦੋਂ ਕੇਂਦਰੀ ਸੂਚਨਾ ਕਮਿਸ਼ਨ ਨੇ ਸ਼੍ਰੋਮਣੀ ਕਮੇਟੀ ਨੂੰ ਆਰਟੀਆਈ ਐਕਟ 2005 ਅਧੀਨ ਐਲਾਨਿਆ ਸੀ। ਕਮਿਸ਼ਨ ਨੇ ਹਦਾਇਤ ਕੀਤੀ ਹੈ ਕਿ ਕਮੇਟੀ ਜਨਤਕ ਅਥਾਰਟੀ ਹੋਣ ਕਾਰਨ ਆਪਣਾ ਸਾਰਾ ਰਿਕਾਰਡ ਇਸ ਕਾਨੂੰਨ ਤਹਿਤ ਸੂਚੀਬੱਧ ਤਰੀਕੇ ਨਾਲ ਜਨਤਕ ਕਰਨ ਦੀ ਪਾਬੰਦ ਹੈ। ਸੂਚਨਾ ਕਾਨੂੰਨ ਦੀ ਧਾਰਾ 4 ਇਹ ਯਕੀਨੀ ਬਣਾਉਂਦੀ ਹੈ ਕਿ ਜੋ ਰਿਕਾਰਡ ਢੁੱਕਵਾਂ ਹੈ, ਉਸ ਨੂੰ ਨਿਸਚਿਤ ਸਮੇਂ ਵਿੱਚ ਕਪਿਊਟਰੀਕ੍ਰਿਤ ਕੀਤਾ ਜਾਵੇ ਅਤੇ ਦੇਸ਼ ਭਰ ਵਿੱਚ ਵੱਖ ਵੱਖ ਢੰਗਾਂ ਰਾਹੀਂ ਦੇਸ਼ ਭਰ ਵਿੱਚ ਇੱਕ ਨੈੱਟਵਰਕ ਰਾਹੀਂ ਦਰਸ਼ਕਾਂ ਦੀ ਸਹੂਲਤ ਲਈ ਵੈਬਸਾਈਟ ਉੱਤੇ ਪਾਇਆ ਜਾਵੇ।

## ਰਾਜਾਸਾਂਸੀ ਵਿਚਲੇ ਹੋਟਲ ਦੇ ਪਖਾਨਿਆਂ 'ਚ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ

*ਸਿੱਖਾਂ ਵਲੋਂ ਭਾਰੀ ਰੋਸ, ਮਾਮਲਾ ਪੁਲੀਸ ਕੋਲ ਪਹੁੰਚਿਆ*

**ਰਾਜਾਸਾਂਸੀ/ਏਟੀ ਨਿਊਜ਼ :** ਸਥਾਨਕ ਕਸਬਾ ਵਿਖੇ ਇਕ ਨਾਮਵਰ ਕੰਪਨੀ ਵਲੋਂ ਆਈਟੀਸੀ ਹੋਟਲ ਦੀ ਇਮਾਰਤ ਦੇ ਚੱਲ ਰਹੇ ਨਿਰਮਾਣ ਮੌਕੇ ਸੁੰਦਰ ਦਿੱਖ ਦੇਣ ਲਈ ਹੋਟਲ ਦੇ ਪਖਾਨਿਆਂ ਵਿਚ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਲਗਾਏ ਜਾਣ ਦਾ ਮਾਮਲਾ ਸਾਹਮਣੇ ਆਉਣ 'ਤੇ ਸਿੱਖ ਸੰਗਤਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਜਥੇ ਰਘਬੀਰ ਸਿੰਘ ਰਾਜਾਸਾਂਸੀ, ਨੌਜਵਾਨ ਸਮਾਜ ਸੇਵਕ ਜਸਪਾਲ ਸਿੰਘ ਭੱਟੀ ਆਦਿ ਨੇ ਦੱਸਿਆ ਕਿ ਰਾਜਾਸਾਂਸੀ ਵਿਖੇ ਬਣ ਰਹੇ ਹੋਟਲ ਦੇ ਪਖਾਨਿਆਂ ਨੂੰ ਸੁੰਦਰ ਦਿੱਖ ਦੇਣ ਲਈ ਪਖਾਨਿਆਂ ਦੀਆਂ ਫਲੱਸ਼ ਸੀਟਾਂ ਦੇ ਐਨ ਉਪਰ ਦੀਵਾਰਾਂ 'ਤੇ ਇਸ ਹੋਟਲ ਦੇ ਇਮਾਰਤ ਦਾ ਨਿਰਮਾਣ ਕਰਨ ਵਾਲੀ ਮੈਨੇਜਮੈਂਟ ਤੇ ਇੰਜੀਨੀਅਰਾਂ ਵਲੋਂ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਦੇ ਵੱਖ-ਵੱਖ ਦ੍ਰਿਸ਼ ਲਗਾਏ ਹੋਏ ਹਨ, ਜਿਸ ਨਾਲ ਸਮੁੱਚੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ।
ਇਹ ਮਾਮਲਾ ਪੁਲਿਸ ਥਾਣਾ ਰਾਜਾਸਾਂਸੀ ਦੇ ਧਿਆਨ ਵਿਚ ਲਿਆਂਦਾ ਗਿਆ ਹੈ। ਉਕਤ ਆਗੂਆਂ ਨੇ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਦੇ ਉੱਚ-ਅਧਿਕਾਰੀਆਂ ਨੂੰ ਗੁਹਾਰ ਲਾਈ ਹੈ ਕਿ ਇਸ ਕੰਪਨੀ ਦੇ ਸਾਰੇ ਹੋਟਲਾਂ ਦੇ ਪਖਾਨਿਆਂ ਦੀ ਜਾਂਚ ਪੜਤਾਲ ਕੀਤੀ ਜਾਵੇ ਤੇ ਮੈਨੇਜਮੈਂਟ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

## ਟਰੇਸੀ ਦੇ ਸਿੱਖ ਬਜ਼ੁਰਗ ਦਾ ਕਥਿਤ ਕਾਤਲ ਪੁਲਿਸ ਵਲੋਂ ਗ੍ਰਿਫ਼ਤਾਰ

**ਟਰੇਸੀ/ਏਟੀ ਨਿਊਜ਼ :** ਕੈਲੀਫੋਰਨੀਆ ਪੁਲਿਸ ਅਧਿਕਾਰੀਆਂ ਨੇ ਦੱਸਿਆ ਹੈ ਕਿ ਟਰੇਸੀ ਵਿਚ ਸਿੱਖ ਬਜ਼ੁਰਗ 'ਤੇ ਜਾਨਲੇਵਾ ਹਮਲਾ ਕਰਨ ਦੇ ਦੋਸ਼ ਵਿਚ 21 ਸਾਲ ਦੇ ਇਕ ਨੌਜਵਾਨ ਐਂਥੋਨੀ ਕ੍ਰੇਟਰ-ਰੋਡਜ਼ ਨੂੰ ਗ੍ਰਿਫ਼ਤਾਰ ਕੀਤਾ ਹੈ। ਜ਼ਿਕਰਯੋਗ ਹੈ ਕਿ 25 ਅਗਸਤ ਦੀ ਰਾਤ ਦੌਰਾਨ ਪਰਮਜੀਤ ਸਿੰਘ 'ਤੇ ਉਸ ਸਮੇਂ ਹਮਲਾ ਕੀਤਾ ਗਿਆ ਸੀ ਜਦੋਂ ਉਹ ਟਰੇਸੀ ਦੇ ਗਰੈਚਨ ਟੈਲੀ ਪਾਰਕ ਵਿਚ ਸ਼ਾਮ ਦੀ ਸੈਰ ਕਰ ਰਿਹਾ ਸੀ। ਗੰਭੀਰ ਜ਼ਖ਼ਮੀ ਹੋਣ ਉਪਰੰਤ ਉਸ ਦੀ ਮੌਤ ਹੋ ਗਈ ਸੀ।

## ਈਡੀ ਦੇ ਚੱਕਰਵਿਊ 'ਚ ਬੁਰੀ ਤਰ੍ਹਾਂ ਫਸੇ ਹੁੱਡਾ

**ਚੰਡੀਗੜ੍ਹ/ਏਟੀ ਨਿਊਜ਼ :** ਹਰਿਆਣਾ ਕਾਂਗਰਸ ਵਿਚ ਲੀਡਰਸ਼ਿਪ ਬਦਲਾਅ ਦੀ ਲੜਾਈ ਵਿਚ ਉਲਝੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀਆਂ ਮੁਸ਼ਕਲਾਂ ਵੱਧ ਗਈਆਂ ਹਨ। ਜਦੋਂ ਹੁੱਡਾ ਸੋਨੀਆ ਗਾਂਧੀ ਨੂੰ ਮਿਲਣ ਗਏ ਸਨ, ਤਾਂ ਈਡੀ ਨੇ ਪੰਚਕੂਲਾ ਦੇ ਇੰਡਸਟਰੀਅਲ ਪਲਾਟ ਵੰਡ ਮਾਮਲੇ ਵਿਚ ਉਨ੍ਹਾਂ ਸਾਰੇ 14 ਪਲਾਟਾਂ ਨੂੰ ਅਟੈਚ ਕਰ ਦਿੱਤਾ ਹੈ, ਜਿਨ੍ਹਾਂ ਨੂੰ ਉਨ੍ਹਾਂ ਨੇ ਆਪਣੇ ਸਬੰਧੀਆਂ, ਜਾਣ-ਪਛਾਣ ਦੇ ਲੋਕਾਂ ਨੂੰ ਅਲਾਟ ਕੀਤਾ ਸੀ। 30 ਕਰੋੜ 34 ਲੱਖ ਰੁਪਏ ਕੀਮਤ ਦੇ ਇਹ ਪਲਾਟ ਮਨੀ ਲਾਂਡਿਰਗ ਮਾਮਲੇ ਵਿਚ ਅਟੈਚ ਕੀਤੇ ਗਏ ਹਨ। ਈਡੀ ਨੇ ਆਪਣੇ ਟਵਿਟਰ ਹੈਂਡਲ 'ਤੇ ਇਸ ਕਾਰਵਾਈ ਦੀ ਪੁਸ਼ਟੀ ਕੀਤੀ ਹੈ।
ਦੋਸ਼ ਹੈ ਕਿ ਉਨ੍ਹਾਂ ਨੇ ਆਪਣੇ ਕਰੀਬੀਆਂ ਅਤੇ ਚਹੇਤਿਆ ਨੂੰ ਇੰਡਸਟਰੀਅਲ ਪਲਾਟ ਅਲਾਟ ਕੀਤੇ। ਨਿਯਮਾਂ ਦੇ ਨਾਲ ਨਾ ਸਿਰਫ਼ ਛੇੜਛਾੜ ਕੀਤੀ ਗਈ, ਬਲਕਿ ਉਨ੍ਹਾਂ ਨੂੰ ਅਲਾਟੀਆਂ ਦੇ ਹਿਸਾਬ ਨਾਲ ਬਦਲਿਆ ਵੀ ਗਿਆ।

## ਹਾਈ ਕੋਰਟ ਵੱਲੋਂ ਚੋਣ ਪਟੀਸ਼ਨ 'ਤੇ ਸੁਖਬੀਰ ਨੂੰ ਨੋਟਿਸ

*ਅਜ਼ਾਦ ਉਮੀਦਵਾਰ ਨੇ ਭ੍ਰਿਸ਼ਟ ਤਰੀਕੇ ਵਰਤਣ ਦੇ ਲਗਾਏ ਦੋਸ਼*

**ਚੰਡੀਗੜ੍ਹ/ਏਟੀ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸੰਸਦ ਮੈਂਬਰ ਦੇ ਤੌਰ 'ਤੇ ਚੋਣ ਵਿਰੁੱਧ ਦਾਇਰ ਚੋਣ ਪਟੀਸ਼ਨ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੁਖਬੀਰ ਸਿੰਘ ਬਾਦਲ ਨੂੰ 19 ਅਕਤੂਬਰ ਲਈ ਨੋਟਿਸ ਜਾਰੀ ਕੀਤਾ ਹੈ। ਸੁਖਬੀਰ ਵਿਰੁੱਧ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਚੋਣ ਲੜਨ ਵਾਲੇ ਕਸ਼ਮੀਰ ਸਿੰਘ ਨੇ ਇਸ ਪਟੀਸ਼ਨ ਵਿਚ ਸੁਖਬੀਰ ਬਾਦਲ 'ਤੇ ਲੋਕ ਸਭਾ ਚੋਣ ਜਿੱਤਣ ਲਈ ਨਾਜਾਇਜ਼ ਤੇ ਭ੍ਰਿਸ਼ਟ ਤਰੀਕੇ ਅਪਣਾਉਣ ਦਾ ਦੋਸ਼ ਲਾਉਂਦਿਆਂ ਉਨ੍ਹਾਂ ਦੀ ਚੋਣ ਰੱਦ ਕਰਨ ਦੀ ਮੰਗ ਕੀਤੀ ਹੈ। ਕਸ਼ਮੀਰ ਸਿੰਘ ਨੇ ਕਿਹਾ ਹੈ ਕਿ ਸੁਖਬੀਰ ਬਾਦਲ ਨੇ ਚੋਣ ਜਿੱਤਣ ਲਈ ਧਨ ਤੇ ਸ਼ਕਤੀ ਦੀ ਵਰਤੋਂ ਕੀਤੀ। ਐਡਵੋਕੇਟ ਰਜਿੰਦਰ ਸਿੰਘ ਰਾਹੀਂ ਦਾਇਰ ਪਟੀਸ਼ਨ ਵਿਚ ਸੰਸਦੀ ਚੋਣ ਵਿਚ ਸੁਖਬੀਰ ਨੂੰ ਮਿਲੀਆਂ ਵੋਟਾਂ ਦੀ ਦੁਬਾਰਾ ਗਿਣਤੀ ਕਰਵਾਏ ਜਾਣ ਦੀ ਮੰਗ ਵੀ ਕੀਤੀ ਗਈ ਹੈ। ਬੈਂਚ ਨੇ ਇਸ ਪਟੀਸ਼ਨ 'ਤੇ ਸੁਖਬੀਰ ਨੂੰ ਨੋਟਿਸ ਜਾਰੀ ਕਰਦਿਆਂ ਸੁਣਵਾਈ 19 ਅਕਤੂਬਰ ਤਕ ਮੁਲਤਵੀ ਕਰ ਦਿੱਤੀ। ਪਟੀਸ਼ਨਕਰਤਾ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਸੁਖਬੀਰ ਦੇ ਚੋਣ ਖ਼ਰਚ ਵਿਚ ਕਈ ਕਈ ਰੈਲੀਆਂ ਦਾ ਖ਼ਰਚਾ ਸ਼ਾਮਲ ਨਹੀਂ ਕੀਤਾ ਗਿਆ। ਦੱਸਣਯੋਗ ਹੈ ਕਿ ਲੋਕ ਸਭਾ ਚੋਣ ਵਿਚ ਸੁਖਬੀਰ ਨੇ ਆਪਣੇ ਨੇੜਲੇ ਵਿਰੋਧੀ ਕਾਂਗਰਸ ਦੇ ਸ਼ੇਰ ਸਿੰਘ ਘੁਬਾਇਆ ਨੂੰ ਲਗਪਗ ਦੋ ਲੱਖ ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ।

## ਖ਼ੁਸ਼ਹਾਲ ਦੇਸ਼ਾਂ 'ਚ ਭਾਰਤ ਦਾ ਸਥਾਨ ਨੌਵੇਂ ਨੰਬਰ 'ਤੇ

**ਨਵੀਂ ਦਿੱਲੀ/ਏਟੀ ਨਿਊਜ਼ :**
ਹੈਪੀਨੈੱਸ ਇੰਡੈਕਸ ਦੇ ਤਾਜ਼ਾ ਸਰਵੇਖਣ ਵਿਚ ਦੁਨੀਆ ਦੇ ਚੋਣਵੇਂ 28 ਖ਼ੁਸ਼ਹਾਲ ਦੇਸ਼ਾਂ ਦੀ ਸੂਚੀ ਵਿਚ ਭਾਰਤ 9ਵੇਂ ਸਥਾਨ 'ਤੇ ਹੈ। ਭਾਰਤ ਨੂੰ ਕੁਲ 77 ਫ਼ੀਸਦੀ ਅੰਕ ਮਿਲੇ ਹਨ, ਜਿਹੜੇ ਪਿਛਲੇ ਸਾਲ ਦੇ 83 ਫ਼ੀਸਦੀ ਤੋਂ ਘੱਟ ਹਨ। 86 ਫ਼ੀਸਦੀ ਅੰਕਾਂ ਨਾਲ ਆਸਟ੍ਰੇਲੀਆ ਤੇ ਕੈਨੇਡਾ ਸਿਖਰ 'ਤੇ ਹਨ। 83 ਫ਼ੀਸਦੀ ਅੰਕਾਂ ਨਾਲ ਚੀਨ ਦੂਜੇ, 82 ਫ਼ੀਸਦੀ ਨਾਲ ਬਰਤਾਨੀਆ ਤੀਜੇ, 80 ਫ਼ੀਸਦੀ ਨਾਲ ਫਰਾਂਸ ਚੌਥੇ ਤੇ 79 ਫ਼ੀਸਦੀ ਨਾਲ ਅਮਰੀਕਾ ਪੰਜਵੇਂ ਸਥਾਨ 'ਤੇ ਹੈ। ਸਰਵੇਖਣ ਵਿਚ ਸ਼ਾਮਿਲ ਵਧੇਰੇ ਭਾਰਤੀਆਂ ਨੇ ਬਿਹਤਰ ਆਰਥਿਕ ਤੇ ਸ਼ਰੀਰਕ ਸਿਹਤ ਨੂੰ ਖ਼ੁਸ਼ਹਾਲੀ ਦਾ ਮੁੱਖ ਸਰੋਤ ਦੱਸਿਆ।

# ਪੰਜਾਬ 'ਚ ਆਏ ਹੜ੍ਹਾਂ ਮੌਕੇ ਖਾਲਸਾ ਪੰਥ ਦਾ ਸਿਰੜ ਰਿਹਾ ਕਾਇਮ

**ਰਜਿੰਦਰ ਸਿੰਘ**

ਪੰਜਾਬ ਵਿਚ ਕਈ ਸਾਲਾਂ ਬਾਅਦ ਹੜ੍ਹਾਂ ਨਾਲ ਇੰਨਾ ਨੁਕਸਾਨ ਨਹੀਂ ਹੋਇਆ ਹੈ, ਜਿੰਨਾ ਹੁਣ ਹੋਇਆ ਹੈ। ਪੰਜਾਬ ਵਿਚ ਹੜ੍ਹਾਂ ਕਾਰਨ ਅੱਧਾ ਦਰਜਨ ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ ਅਤੇ ਲਗਭੱਗ ਇਕ ਲੱਖ ਏਕੜ ਫ਼ਸਲ ਬਰਬਾਦ ਹੋ ਗਈ ਹੈ। ਘਰਾਂ ਅੰਦਰ ਵੜੇ ਪਾਣੀ ਕਰਕੇ ਪੰਜਾਬੀਆਂ ਨੂੰ ਆਪਣਾ ਘਰ ਛੱਡਣ ਲਈ ਮਜਬੂਰ ਹੋਣਾ ਪਿਆ। ਮਰੇ ਪਸ਼ੂਆਂ ਨਾਲ ਫੈਲ ਰਹੀ ਬਦਬੂ ਲੋਕਾਂ ਲਈ ਖਤਰਨਾਕ ਬਿਮਾਰੀਆਂ ਡੇਂਗੂ, ਚਿਕਨਗੁਨੀਆ, ਮਲੇਰੀਆ ਦੀ ਸੰਭਾਵਨਾ ਪੈਦਾ ਕਰ ਰਹੀ ਹੈ। ਫਿਰੋਜ਼ਪੁਰ, ਜਲੰਧਰ, ਕਪੂਰਥਲਾ ਅਤੇ ਰੋਪੜ ਜ਼ਿਲ੍ਹਿਆਂ ਵਿਚ ਜ਼ਿਆਦਾ ਨੁਕਸਾਨ ਹੋਇਆ ਹੈ। ਭਾਖੜਾ ਬੰਨ੍ਹ ਤੋਂ ਸਤਲੁਜ ਵਿਚ ਛੱਡੇ ਪਾਣੀ ਅਤੇ ਰੋਪੜ ਕੋਲੋਂ ਸੁਆਂ ਨਦੀ ਸਮੇਤ ਕਈ ਛੋਟੀਆਂ ਨਦੀਆਂ ਰਾਹੀਂ ਆਏ ਪਾਣੀ ਦੇ ਕਾਰਨ ਨੁਕਸਾਨ ਵਿਚ ਵਾਧਾ ਹੋਇਆ ਹੈ। ਇਸ ਕਾਰਨ ਭਾਖੜਾ ਪ੍ਰਬੰਧਕ ਮੈਨੇਜਮੈਂਟ 'ਤੇ ਦੋਸ਼ ਲੱਗੇ ਹਨ ਕਿ ਉਨ੍ਹਾਂ ਨੇ ਜਾਣ ਬੁੱਝ ਕੇ ਪਾਣੀ ਛੱਡਿਆ ਹੈ। ਭਾਖੜਾ ਡੈਮ ਦੀ ਝੀਲ ਵਿਚ ਪਾਣੀ ਦੇ ਪੱਧਰ ਨੂੰ ਲੈ ਕੇ ਕਈ ਅਫ਼ਵਾਹਾਂ ਦਾ ਬਾਜ਼ਾਰ ਗਰਮ ਹੈ। ਇਸ ਡੈਮ ਦੀ ਝੀਲ ਦੀ ਉਚਾਈ 1700 ਫੁੱਟ ਹੈ ਤੇ ਇੱਥੇ ਅੰਕੜੇ ਮੁਤਾਬਿਕ ਪਾਣੀ 1690 ਫੁੱਟ ਤੱਕ ਭੰਡਾਰ ਕੀਤਾ ਜਾ ਸਕਦਾ ਹੈ। ਕੁਝ ਦਿਨ ਪਹਿਲਾਂ ਜਦੋਂ ਪਾਣੀ 1682 ਫੁੱਟ ਦੇ ਅੰਕੜੇ ਨੂੰ ਪਾਰ ਕੀਤਾ ਤਾਂ ਇਸ ਨੂੰ ਸਭ ਤੋਂ ਉਚਾਈ ਵਾਲਾ ਅੰਕੜਾ ਆਖਿਆ ਜਾ ਰਿਹਾ ਹੈ ਪਰ ਅਸਲੀਅਤ ਹੋਰ ਹੈ। ਜੇਕਰ ਹੁਣ ਤੱਕ ਦੇ ਅੰਕੜਿਆਂ 'ਤੇ ਝਾਤੀ ਮਾਰੀ ਜਾਵੇ ਤਾਂ ਭਾਖੜਾ ਵਿਚ ਵੱਧ ਤੋਂ ਵੱਧ ਪਾਣੀ ਭੰਡਾਰਨ ਦਾ ਅੰਕੜਾ ਸਾਲ 1988 ਅਤੇ 1975 ਦਾ ਹੈ, ਉਸ ਵੇਲੇ ਪਾਣੀ 1687 ਫੁੱਟ ਤੋਂ ਉੱਪਰ ਤੱਕ ਭੰਡਾਰ ਕੀਤਾ ਗਿਆ ਸੀ। ਹੁਣ ਤੱਕ ਭਾਖੜਾ ਦਾ ਸਭ ਤੋਂ ਉੱਚਾ ਅੰਕੜਾ 13 ਸਤੰਬਰ 1988 ਦਾ ਹੈ, ਜਦੋਂ ਇੱਥੇ ਪਾਣੀ 1687.55 ਫੁੱਟ ਤੱਕ ਭਰਿਆ ਗਿਆ ਸੀ। ਇਸੇ ਤਰ੍ਹਾਂ ਸਾਲ 1976-76 ਦੌਰਾਨ ਇਸ ਝੀਲ ਵਿਚ ਪਾਣੀ ਦਾ ਵੱਧ ਤੋਂ ਵੱਧ ਪੱਧਰ 1687.36 ਫੁੱਟ ਤੱਕ ਭਰਿਆ ਗਿਆ ਸੀ। ਇਸ ਤੋਂ ਇਲਾਵਾ ਸਾਲ 1983-84 ਵਿਚ ਪਾਣੀ ਦਾ ਪੱਧਰ 1686.01 ਫੁੱਟ, 1978-79 ਵਿਚ ਪਾਣੀ ਦਾ ਪੱਧਰ 1685.95 ਫੁੱਟ। ਅੰਕੜੇ ਦੱਸਦੇ ਹਨ ਕਿ 1975 ਤੋਂ ਲੈ ਕੇ ਹੁਣ ਤੱਕ ਪਾਣੀ ਸਿਰਫ਼ ਚਾਰ ਵਾਰ ਹੀ 1685 ਫੁੱਟ ਦੇ ਅੰਕੜੇ ਨੂੰ ਪਾਰ ਕੀਤਾ ਹੈ। ਅੰਕੜੇ ਇਹ ਵੀ ਦੱਸਦੇ ਹਨ ਕਿ ਭਾਖੜਾ ਦੀ ਇਸ ਝੀਲ ਵਿਚ ਹਰੇਕ ਸਾਲ ਸਤੰਬਰ 30 ਤੱਕ ਪਾਣੀ ਦੀ ਆਮਦ ਆਉਂਦੀ ਰਹਿੰਦੀ ਹੈ। ਇਸ ਤੋਂ ਜ਼ਾਹਿਰ ਹੈ ਕਿ ਦਾਲ ਵਿਚ ਕੁਝ ਨਾ ਕੁਝ ਕਾਲਾ ਹੈ। ਪੰਜਾਬ ਇਕ ਅਜਿਹਾ ਸੂਬਾ ਹੈ ਜਿਸ ਨੇ ਨਿਰਧਾਰਿਤ ਦਰ ਮੁਤਾਬਿਕ ਆਪਣੇ ਅਧਿਕਾਰੀ ਤੇ ਕਰਮਚਾਰੀ ਭਾਖੜਾ ਬਿਆਸ ਪ੍ਰਬੰਧਕ ਬੋਰਡ ਕੋਲ ਭੇਜੇ ਹੀ ਨਹੀਂ। ਜਿਸ ਵੇਲੇ ਪਾਣੀ ਦਾ ਅੰਕੜਾ 1670 ਫੁੱਟ ਨੂੰ ਪਾਰ ਕਰਦਾ ਹੈ ਤਾਂ ਭਾਖੜਾ ਬਿਆਸ ਪ੍ਰਬੰਧਕ ਬੋਰਡ ਸਬੰਧਿਤ ਰਾਜਾਂ ਨੂੰ ਸਾਵਧਾਨ ਰਹਿਣ ਲਈ ਆਖਦਾ ਹੈ ਤੇ 1680 ਫੁੱਟ ਤੋਂ ਬਾਅਦ ਭਾਖੜਾ ਰੈੱਡ ਅਲਰਟ ਕਰਦਾ ਹੈ। ਪੰਜਾਬ ਦੀਆਂ ਸਾਰੀਆਂ ਸਰਕਾਰਾਂ ਨੇ 1988 ਦੇ ਹੜ੍ਹਾਂ ਤੋਂ ਕੋਈ ਸਬਕ ਹੀ ਨਹੀਂ ਸਿੱਖਿਆ, ਜਿਸ ਦਾ ਖ਼ਮਿਆਜ਼ਾ ਅੱਜ ਪੰਜਾਬੀ ਭੁਗਤ ਰਹੇ ਹਨ। ਹੁਣ ਪੰਜਾਬ ਸਰਕਾਰ ਦੀ ਅਪੀਲ ਤੋਂ ਬਾਅਦ ਭਾਖੜਾ ਡੈਮ ਤੋਂ ਛੱਡੇ ਜਾ ਰਹੇ ਵਾਧੂ ਪਾਣੀ ਨੂੰ ਘਟਾਇਆ ਗਿਆ ਹੈ, ਜਿਸ ਨਾਲ ਸੂਬੇ ਵਿਚ ਹੜ੍ਹ ਦੀ ਸਥਿਤੀ ਵਿਚ ਸੁਧਾਰ ਹੋਣ ਦੀ ਸੰਭਾਵਨਾ ਹੈ।



ਪਰ ਇਹ ਪੰਜਾਬੀਆਂ ਦੇ ਸਿਰੜ ਦਾ ਕਮਾਲ ਹੈ ਕਿ ਉਨ੍ਹਾਂ ਨੇ ਸਰਕਾਰ ਤੋਂ ਬਿਨਾਂ ਹੜ੍ਹਾਂ ਨੂੰ ਕੰਟਰੋਲ ਕੀਤਾ ਤੇ ਲੋਕਾਂ ਦੀ ਸਹਾਇਤਾ ਕੀਤੀ। ਕੇਂਦਰ ਤੇ ਪੰਜਾਬ ਸਰਕਾਰ ਦਾ ਰੋਲ ਲੋਕ ਪੱਖੀ ਨਹੀਂ ਰਿਹਾ। ਕੇਂਦਰ ਸਰਕਾਰ ਨੇ ਤਾਂ ਪੰਜਾਬ ਨੂੰ ਹੜ੍ਹ ਪੀੜਤ ਸੂਬਾ ਮੰਨਣ ਤੋਂ ਵੀ ਇਨਕਾਰ ਕਰ ਦਿੱਤਾ ਸੀ, ਪਰ ਜਦੋਂ ਦੇਖਿਆ ਕਿ ਪੰਜਾਬੀਆਂ ਨੂੰ ਕਿਸੇ ਸਰਕਾਰ ਦੀ ਮਦਦ ਦੀ ਪ੍ਰਵਾਹ ਨਹੀਂ ਤਾਂ ਕੇਂਦਰ ਸਰਕਾਰ ਨੂੰ ਝੁਕਣਾ ਪਿਆ। ਇਸ ਗੱਲ ਦੀ ਮੈਂ ਵਧਾਈ ਸਮੂਹ ਪ੍ਰਵਾਸੀ ਪੰਜਾਬੀ ਭਾਈਚਾਰੇ ਤੇ ਖਾਸ ਕਰਕੇ ਪ੍ਰਵਾਸੀ ਖਾਲਸਾ ਜੀ ਨੂੰ ਦੇਣਾ ਚਾਹਾਂਗਾ, ਜਿਨ੍ਹਾਂ ਨੇ ਪੰਜਾਬ ਵਿਚ ਆਪਣੀਆਂ ਟੀਮਾਂ ਸਰਗਰਮ ਕਰਕੇ ਇਹ ਸੰਘਰਸ਼ ਯੋਧਿਆਂ ਵਾਂਗ ਲੜਿਆ ਤੇ ਇਸ ਨਾਲ ਸਮੂਹ ਪੰਜਾਬੀਆਂ ਦੇ ਹੌਂਸਲੇ ਬੁਲੰਦ ਹੋਏ ਹਨ। ਇਸ ਮੌਕੇ ਪੰਜਾਬੀਆਂ ਵਲੋਂ ਪੀੜਤ ਪੰਜਾਬੀਆਂ ਦੀ ਹਰੇਕ ਤਰ੍ਹਾਂ ਸਹਾਇਤਾ ਕੀਤੀ ਗਈ ਤੇ ਆਪ ਹੀ ਟੁੱਟੇ ਹੋਏ ਪੁੱਲ ਬੰਨ੍ਹੇ ਗਏ ਹਨ। ਜੇਕਰ ਪੰਥਕ ਸੰਗਠਨਾਂ ਦੀ ਗੱਲ ਕੀਤੀ ਜਾਵੇ ਤਾਂ ਖਾਲਸਾ ਏਡ ਦੇ ਰਵੀ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵਲੋਂ ਵੱਡੀ ਪੱਧਰ 'ਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਰਾਹਤ ਕਾਰਜ ਕੀਤੇ ਗਏ ਹਨ। ਇਸ ਤੋਂ ਇਲਾਵਾ ਬ੍ਰਿਟਿਸ਼ ਸਿੱਖ ਕੌਂਸਲ ਤੇ ਯੂਨਾਈਟਿਡ ਸਿੱਖ ਤੇ ਹੋਰ ਪੰਥਕ ਜਥੇਬੰਦੀਆਂ ਸਰਗਰਮ ਰਹੀਆਂ। ਇਨ੍ਹਾਂ ਰਾਹਤ ਕਾਰਜਾਂ ਵਿਚ ਵੱਡੀ ਕਮੀ ਬੇੜੀਆਂ ਦੀ ਦੇਖਣ ਨੂੰ ਮਿਲੀ ਹੈ। ਪਰ ਸਰਕਾਰ ਨੇ ਉਨ੍ਹਾਂ ਨੂੰ ਬੇੜੀਆਂ ਦੇ ਪ੍ਰਬੰਧ ਵੀ ਨਾ ਕਰਕੇ ਦਿੱਤੇ। ਹੜ੍ਹ ਪੀੜਤਾਂ ਲਈ ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਸਰਪ੍ਰਸਤ ਵਿਧਾਇਕ ਬਲਵਿੰਦਰ ਸਿੰਘ ਬੈਂਸ ਤੇ ਪਾਰਟੀ ਦੇ ਲੁਧਿਆਣਾ ਤੋਂ ਕੌਂਸਲਰ ਆਪਣੇ ਇੱਕ ਮਹੀਨੇ ਦੀ ਤਨਖਾਹ ਸਹਾਇਤਾ ਵਜੋਂ ਖਾਲਸਾ ਏਡ ਨੂੰ ਦੇਣ ਦਾ ਐਲਾਨ ਕੀਤਾ। ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਕਿ ਪਾਰਟੀ ਐਂਬੂਲੈਂਸ ਤੇ ਡਾਕਟਰਾਂ ਦੀ ਇੱਕ ਟੀਮ ਲੈ ਕੇ ਹਲਕਾ ਲੋਹੀਆਂ ਵਿਚ ਜਾਣਗੇ, ਜਿੱਥੇ ਹੜ੍ਹ ਪੀੜਤਾਂ ਦਾ ਮੁਫ਼ਤ ਮੈਡੀਕਲ ਚੈਕਅੱਪ ਹੋਵੇਗਾ ਅਤੇ ਦਵਾਈਆਂ ਵੀ ਮੌਕੇ ਤੇ ਉਨ੍ਹਾਂ ਦੀ ਪਾਰਟੀ ਦੇ ਵੱਲੋਂ ਦਿੱਤੀਆਂ ਜਾਣਗੀਆਂ। ਇਹ ਗੁਰੂਆਂ ਦੀ ਧਰਤੀ ਹੈ, ਜਿੱਥੇ ਹਰੇਕ ਮਨੁੱਖ ਨੂੰ ਵਰ ਹੈ ਕਿ ਉਹ ਕਿਸੇ ਵੀ ਮੁਸੀਬਤ ਤੇ ਮੁਸ਼ਕਲ ਅੱਗੇ ਡੱਟ ਕੇ ਖੜੇਗਾ ਤੇ ਚੜ੍ਹਦੀ ਕਲਾ ਨਾਲ ਸੰਕਟ ਵਿਚੋਂ ਨਿਕਲੇਗਾ। ਇੱਥੋਂ ਤੱਕ ਸਰਬੱਤ ਦੇ ਭਲੇ ਦੀ ਮੁਹਿੰਮ ਵੀ ਬੁਲੰਦ ਕਰੇਗਾ। ਇਹ ਗੁਰੂ ਦੇ ਸ਼ਬਦ, ਸਿੱਖਿਆ ਤੇ ਸੰਗਤ ਸ਼ਕਤੀ ਦੇ ਗਠਜੋੜ ਦੀ ਕਰਾਮਾਤ ਹੈ।
ਜੇਕਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੜ੍ਹਾਂ ਦੇ ਮਾਮਲੇ ਵਿਚ ਮੌਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਧਿਆਨ ਦਿੱਤਾ ਹੁੰਦਾ ਤਾਂ ਪੰਜਾਬ ਨੂੰ ਅਜਿਹੀ ਸਥਿਤੀ ਦਾ ਸਾਹਮਣਾ ਨਹੀਂ ਸੀ ਕਰਨਾ ਪੈਣਾ। ਸਰਕਾਰ ਦੀ ਜ਼ਿੰਮੇਵਾਰੀ ਸੀ ਕਿ ਮੌਨਸੂਨ ਦੇ ਆਉਣ, ਭਾਵ ਜੂਨ ਦੇ ਆਖ਼ਰੀ ਹਫ਼ਤੇ ਤੋਂ ਪਹਿਲਾਂ ਡਰੇਨਾਂ ਦੀ ਸਫ਼ਾਈ ਕਰਵਾ ਦਿੱਤੀ ਜਾਂਦੀ। ਪਰ ਇਸ ਮਸਲੇ ਪ੍ਰਤੀ ਅਣਗਹਿਲੀ ਵਰਤੀ ਗਈ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਹੜ੍ਹਾਂ ਕਾਰਨ ਮਰੇ ਪਸ਼ੂਆਂ ਦੇ ਸਰੀਰਾਂ ਨੂੰ ਤੁਰੰਤ ਉਨ੍ਹਾਂ ਖੇਤਰਾਂ ਵਿਚੋਂ ਉਠਾਉਣ ਦਾ ਪ੍ਰਬੰਧ ਹੋਵੇ ਤਾਂ ਕਿ ਬਿਮਾਰੀਆਂ ਫੈਲਣ ਤੋਂ ਰੋਕਿਆ ਜਾ ਸਕੇ। ਹੜ੍ਹਾਂ ਦੇ ਆਉਣ ਦਾ ਇਕ ਹੋਰ ਕਾਰਨ ਇਹ ਵੀ ਹੈ ਕਿ ਦਰਿਆਵਾਂ ਦੇ ਕਿਨਾਰਿਆਂ 'ਤੇ ਹੋ ਰਹੀ ਜਾਇਜ਼-ਨਾਜਾਇਜ਼ ਮਾਈਨਿੰਗ ਨੇ ਵੀ ਪੰਜਾਬੀਆਂ ਦੀਆਂ ਸਮੱਸਿਆਵਾਂ ਵਿਚ ਵੱਡਾ ਵਾਧਾ ਕੀਤਾ ਹੈ। ਇਸ ਨਾਲ ਦਰਿਆਵਾਂ ਦੇ ਕਿਨਾਰੇ ਬਹੁਤ ਡੂੰਘੇ ਹੋ ਜਾਂਦੇ ਹਨ ਅਤੇ ਜਦੋਂ ਹੜ੍ਹ ਆਉਂਦਾ ਹੈ ਤਾਂ ਇਸ ਕਾਰਨ ਦਰਿਆ ਆਪਣੀ ਦਿਸ਼ਾ ਬਦਲ ਲੈਂਦੇ ਹਨ ਅਤੇ ਫ਼ਸਲਾਂ ਅਤੇ ਬੰਨ੍ਹਾਂ ਦਾ ਭਾਰੀ ਨੁਕਸਾਨ ਕਰਦੇ ਹਨ ਤੇ ਆਲੇ ਦੁਆਲੇ ਦੀਆਂ ਬਸਤੀਆਂ ਨੂੰ ਆਪਣੇ ਲਪੇਟੇ ਵਿਚ ਲੈ ਲੈਂਦੇ ਹਨ। ਕੈਪਟਨ ਸਰਕਾਰ ਨੇ ਇਸ ਵਲ ਕੋਈ ਧਿਆਨ ਨਹੀਂ ਦਿੱਤਾ, ਜਦ ਕਿ ਇਸ ਵਿਚ ਪ੍ਰਸ਼ਾਸ਼ਣ ਤੇ ਸਿਆਸਤਦਾਨਾਂ ਦੀ ਮਿਲੀਭੁਗਤ ਸ਼ਾਮਲ ਹੈ। ਨਾਜਾਇਜ਼ ਮਾਈਨਿੰਗ ਉੱਪਰ ਵੀ ਸਖ਼ਤੀ ਨਾਲ ਰੋਕ ਲੱਗਣੀ ਚਾਹੀਦੀ ਹੈ। ਲੋਕ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਪਹਿਲਾਂ ਇਹ ਕੰਮ ਅਕਾਲੀ ਸਰਕਾਰ ਵੇਲੇ ਹੁੰਦੇ ਰਹੇ ਤੇ ਹੁਣ ਕਾਂਗਰਸ ਦੀ ਸਰਕਾਰ ਨੇ ਕਰਨੇ ਸ਼ੁਰੂ ਕਰ ਦਿੱਤੇ ਹਨ।




# ਪਾਠਕਾਂ ਦਾ ਨਜ਼ਰੀਆ

## ਸਿਹਤ ਤੇ ਸਿੱਖਿਆ ਸਹੂਲਤਾਂ ਲੋੜਦੇ ਦਲਿਤ

ਪੰਜਾਬ ਦਾ ਹਰ ਵਰਗ ਬੁਰੇ ਦੌਰ ਵਿਚੋਂ ਲੰਘ ਰਿਹਾ ਹੈ। ਕਰਜ਼ੇ ਦੇ ਮੱਕੜਜਾਲ ਵਿਚ ਫਸਣ ਕਾਰਨ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਸਿਲਸਿਲਾ ਘਟਣ ਦੀ ਬਜਾਏ ਹਰ ਸਾਲ ਵਧਦਾ ਜਾ ਰਿਹਾ ਹੈ। ਪੰਜਾਬ ਦਾ ਦਲਿਤ ਵਰਗ ਕਿਸਾਨਾਂ ਨਾਲੋਂ ਵੀ ਬਦਤਰ ਹਾਲਾਤ ਵਿਚ ਗੁਜ਼ਾਰਾ ਕਰ ਰਿਹਾ ਹੈ। ਪਿੰਡਾਂ ਵਿਚ ਦਲਿਤ ਵੱਡੀ ਗਿਣਤੀ ਵਿਚ ਰਹਿੰਦੇ ਹਨ। ਦਲਿਤ ਸਮਾਜ ਨਾਲ ਸਬੰਧਿਤ ਲੋਕ ਜਿਨ੍ਹਾਂ ਨੂੰ ਸਰਕਾਰੀ ਨੌਕਰੀ ਮਿਲ ਜਾਂਦੀ ਹੈ, ਉਨ੍ਹਾਂ ਵਿਚੋਂ ਬਹੁਤੇ ਪਿੰਡਾਂ ਨੂੰ ਛੱਡ ਕੇ ਸ਼ਹਿਰਾਂ ਵੱਲ ਕੂਚ ਕਰ ਜਾਂਦੇ ਹਨ। ਉਨ੍ਹਾਂ ਦਾ ਤਰਕ ਹੁੰਦਾ ਹੈ ਕਿ ਸ਼ਹਿਰਾਂ ਵਿਚ ਹਰ ਤਰ੍ਹਾਂ ਦੀ ਸਹੂਲਤ ਹੈ ਅਤੇ ਬੱਚਿਆਂ ਦੀ ਪੜ੍ਹਾਈ ਜ਼ਰੂਰੀ ਹੈ। ਪਿੰਡਾਂ ਅੰਦਰ ਰਹਿੰਦੇ ਦਲਿਤ ਵਰਗ ਦੇ ਲੋਕ ਅੱਜ ਵੀ ਕਿਸਾਨਾਂ ਉੱਪਰ ਨਿਰਭਰ ਹਨ। ਉਹ ਕਿਸਾਨਾਂ ਦੇ ਘਰੀਂ ਕੰਮ ਕਰਨ ਬਦਲੇ ਪੂਰੇ ਸਾਲ ਦੇ ਪੈਸੇ ਇੱਕੋ ਵਾਰ ਲੈ ਲੈਂਦੇ ਹਨ। ਫਿਰ ਉਨ੍ਹਾਂ ਦੀਆਂ ਪਤਨੀਆਂ ਸਿਰਫ਼ ਪੰਜ ਸੌ ਰੁਪਏ ਵਿਚ ਪੂਰਾ ਮਹੀਨਾ ਕਿਸਾਨ ਦੇ ਘਰ ਗੋਹਾ-ਕੂੜਾ ਕਰਦੀਆਂ ਹਨ। ਇਸ ਕਾਰਨ ਇਸ ਵਰਗ ਦੇ ਜ਼ਿਆਦਾਤਰ ਲੋਕ ਆਪਣੇ ਬੱਚਿਆਂ ਨੂੰ ਸਹੀ ਤਰੀਕੇ ਨਾਲ ਨਹੀਂ ਪੜ੍ਹਾ ਸਕਦੇ ਅਤੇ ਉਹ ਵੀ ਆਪਣੇ ਬਾਪ ਦਾਦਿਆਂ ਵਾਂਗ ਕਿਸਾਨ ਪਰਿਵਾਰਾਂ ਕੋਲ ਜਾਂ ਸ਼ਹਿਰਾਂ ਵਿਚ ਮਿਹਨਤ ਮਜ਼ਦੂਰੀ ਕਰਨ ਲੱਗਦੇ ਹਨ। ਇਉਂ ਉਨ੍ਹਾਂ ਦੀ ਸਾਰੀ ਜ਼ਿੰਦਗੀ ਆਟੇ ਦਾਲ ਤੱਕ ਸੀਮਤ ਹੋ ਕੇ ਰਹਿ ਜਾਂਦੀ ਹੈ। ਇਹੀ ਕਾਰਨ ਹੈ ਕਿ ਦਲਿਤ ਵਰਗ ਦੇ ਬਹੁਤੇ ਬੱਚੇ ਅਨਪੜ੍ਹ ਰਹਿ ਜਾਂਦੇ ਹਨ।

ਪੜ੍ਹੇ ਲਿਖੇ ਲੋਕਾਂ ਦੇ ਸ਼ਹਿਰਾਂ ਵਿਚ ਚਲੇ ਜਾਣ ਕਾਰਨ ਪਿੰਡਾਂ 'ਚ ਰਹਿੰਦੇ ਇਨ੍ਹਾਂ ਲੋਕਾਂ ਨੂੰ ਕੋਈ ਸਮਝਾਉਣ ਵਾਲਾ ਨਹੀਂ ਹੁੰਦਾ ਕਿ ਆਪਣੇ ਬੱਚਿਆਂ ਨੂੰ ਚੰਗੀ ਤਰ੍ਹਾਂ ਪੜ੍ਹਾ ਲਿਖਾ ਦੇਣ ਤਾਂ ਜੋ ਇਹ ਆਪਣੇ ਪੈਰਾਂ ਉਪਰ ਖੜ੍ਹੇ ਹੋ ਕੇ ਚੰਗੀ ਜ਼ਿੰਦਗੀ ਜਿਊਂ ਸਕਣ।

ਦਲਿਤ ਵਰਗ ਨੇ ਕੋਈ ਵਾਹਨ ਜਾਂ ਘਰੇਲੂ ਵਰਤੋਂ ਦਾ ਕੋਈ ਵੀ ਸਾਮਾਨ ਲੈਣਾ ਹੋਵੇ ਤਾਂ ਉਹ ਕਿਸ਼ਤਾਂ ਉੱਪਰ ਲੈਂਦੇ ਹਨ ਜਿਸ ਦੀ ਕੰਪਨੀਆਂ ਬਹੁਤ ਜ਼ਿਆਦਾ ਕੀਮਤ ਵਸੂਲ ਕਰਦੀਆਂ ਹਨ। ਪੈਸੇ ਦੀ ਕਮੀ ਹੋਣ ਕਾਰਨ ਕਿਸ਼ਤਾਂ ਟੁੱਟਦੀਆਂ ਰਹਿੰਦੀਆਂ ਹਨ ਤਾਂ ਕਿਸ਼ਤਾਂ ਉਪਰ ਖਰੀਦੀ ਹੋਈ ਚੀਜ਼ ਦੁੱਗਣੀ ਕੀਮਤ ਵਿਚ ਪੈਂਦੀ ਹੈ। ਕਈ ਵਾਰ ਕਿਸ਼ਤਾਂ ਭਰੀਆਂ ਨਾ ਜਾਣ ਕਾਰਨ ਕੰਪਨੀਆਂ ਵਾਲੇ ਵਾਹਨ ਅਤੇ ਕਿਸ਼ਤਾਂ ਉਪਰ ਖਰੀਦਿਆ ਹੋਰ ਸਾਮਾਨ ਚੁੱਕ ਕੇ ਲੈ ਜਾਂਦੇ ਹਨ। ਫਿਰ ਇਨ੍ਹਾਂ ਲੋਕਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ ਅਤੇ ਇਨ੍ਹਾਂ ਵੱਲੋਂ ਦਿੱਤੇ ਹੋਏ ਪੈਸੇ ਵੀ ਖੂਹ-ਖਾਤੇ ਜਾ ਪੈਂਦੇ ਹਨ। ਅਨਪੜ੍ਹਤਾ ਕਾਰਨ ਇਨ੍ਹਾਂ ਲੋਕਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਇਸ ਦੀ ਸ਼ਿਕਾਇਤ ਕਿੱਥੇ ਕੀਤੀ ਜਾਵੇ। ਦਲਿਤ ਵਰਗ ਵਿਚ ਦਿਨੋ ਦਿਨ ਵਧ ਰਹੀ ਗ਼ਰੀਬੀ ਦਾ ਮੁੱਖ ਕਾਰਨ ਇਹ ਵੀ ਹੈ ਕਿ ਆਮਦਨ ਨਾਲੋਂ ਖਰਚਾ ਬਹੁਤ ਜ਼ਿਆਦਾ ਵਧਾ ਲਿਆ ਹੈ।

ਇਸ ਦੇ ਨਾਲ ਹੀ ਤਿੰਨ ਸੌ ਰੁਪਏ ਦੀ ਮਜ਼ਦੂਰੀ ਕਰਨ ਵਾਲਾ ਮਜ਼ਦੂਰ ਸ਼ਾਮ ਸਮੇਂ ਠੇਕੇ ਉੱਤੇ ਰੁਕ ਕੇ ਡੇਢ ਸੌ ਰੁਪਏ ਦੀ ਸ਼ਰਾਬ ਪੀ ਜਾਂਦਾ ਹੈ। ਸ਼ਰਾਬ ਦੀ ਮਾੜੀ ਲਤ ਕਾਰਨ ਘਰਾਂ ਵਿਚ ਕਲੇਸ਼ ਪਿਆ ਰਹਿੰਦਾ ਹੈ। ਕਈ ਵਾਰ ਗੱਲ ਕਤਲਾਂ ਤਕ ਵੀ ਪਹੁੰਚ ਜਾਂਦੀ ਹੈ। ਸ਼ਰਾਬ, ਗੋਲੀਆਂ ਅਤੇ ਤੰਬਾਕੂ ਆਦਿ ਨਸ਼ਿਆਂ ਦਾ ਖਾਤਮਾ ਹੋ ਜਾਵੇ ਅਤੇ ਦਲਿਤ ਵਰਗ ਇਨ੍ਹਾਂ ਕੁਰੀਤੀਆਂ ਦਾ ਤਿਆਗ ਕਰ ਦੇਵੇ ਤਾਂ ਇਸ ਨਾਲ ਆਉਣ ਵਾਲੀਆਂ ਨਸਲਾਂ ਵੀ ਬਚਾਈਆਂ ਜਾ ਸਕਣਗੀਆਂ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਵੀ ਜ਼ਿਆਦਾਤਰ ਦਲਿਤ ਲੋਕਾਂ ਨੇ ਪੜ੍ਹਾਈ ਵੱਲ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਆਪਣੇ ਚੰਗੇ ਭਵਿੱਖ ਲਈ ਕੁਝ ਸੋਚਿਆ। ਨਸ਼ੇ ਵੀ ਸੋਚਣ ਸਮਝਣ ਦੀ ਸ਼ਕਤੀ ਖ਼ਤਮ ਕਰ ਰਹੇ ਹਨ। ਜ਼ਹਿਰੀਲੀ ਸ਼ਰਾਬ ਅਤੇ ਤੰਬਾਕੂ ਕਾਰਨ ਹਰ ਸਾਲ ਹਜ਼ਾਰਾਂ ਲੋਕ ਮੌਤ ਦੇ ਮੂੰਹ ਵਿਚ ਜਾ ਰਹੇ ਹਨ ਜਾਂ ਕੈਂਸਰ ਤੇ ਹੋਰ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਜਿਨ੍ਹਾਂ ਦਾ ਇਲਾਜ ਕਰਾਉਣਾ ਆਮ ਬੰਦੇ ਦੇ ਵੱਸ ਤੋਂ ਬਾਹਰ ਦੀ ਗੱਲ ਹੈ।

ਸੂਬਾਈ ਸਰਕਾਰਾਂ ਦਲਿਤ ਵਰਗ ਨੂੰ ਆਟਾ ਦਾਲ ਜਾਂ ਸ਼ਗਨ ਸਕੀਮਾਂ ਵਿਚ ਹੀ ਉਲਝਾਈ ਰੱਖਦੀਆਂ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਅਜਿਹੀਆਂ ਯੋਜਨਾਵਾਂ ਦੀ ਬਜਾਏ ਬਿਹਤਰ ਸਿੱਖਿਆ ਅਤੇ ਸਿਹਤ ਸਹੂਲਤਾਂ ਦਿੱਤੀਆਂ ਜਾਣ। ਹੁਣ ਸਮਾਂ ਆ ਗਿਆ ਹੈ ਕਿ ਮੁਫ਼ਤ ਵਿਚ ਮਿਲਦੀਆਂ ਸਹੂਲਤਾਂ ਮੰਗਣ ਦੀ ਬਜਾਏ ਰੁਜ਼ਗਾਰ ਅਤੇ ਹੋਰ ਬਣਦੀਆਂ ਸਹੂਲਤਾਂ ਸਰਕਾਰ ਤੋਂ ਮੰਗੀਆਂ ਜਾਣ। ਸਮੇਂ ਸਮੇਂ ਦੀਆਂ ਸਰਕਾਰਾਂ ਨੇ ਦਲਿਤ ਵਰਗ ਨੂੰ ਮੁਫ਼ਤ ਸਹੂਲਤਾਂ ਦੇ ਚੱਕਰਾਂ ਵਿਚ ਹੀ ਪਾ ਰੱਖਿਆ ਹੈ, ਸੋ ਇਨ੍ਹਾਂ ਨੂੰ ਆਪਣੇ ਹੱਕਾਂ ਲਈ ਲਾਮਬੰਦ ਹੋਣਾ ਪਵੇਗਾ।

ਪੰਜਾਬ ਦੀ ਰਾਜਨੀਤੀ ਵਿਚ ਦਲਿਤ ਸਮਾਜ ਦੀ ਅਗਵਾਈ ਕਰਦੇ ਬਹੁਤ ਘੱਟ ਆਗੂ ਹਨ। ਜਿਹੜੇ ਆਗੂ ਹਨ, ਉਨ੍ਹਾਂ ਵਿਚੋਂ ਵੀ ਜ਼ਿਆਦਾਤਰ ਸਿਰਫ਼ ਆਪਣੇ ਪਰਿਵਾਰਾਂ ਦੇ ਵਿਕਾਸ ਬਾਰੇ ਸੋਚਦੇ ਹਨ। ਜਿਸ ਸਮਾਜ ਦੀਆਂ ਵੋਟਾਂ ਲੈ ਕੇ ਲੀਡਰ ਬਣਦੇ ਹਨ ਉਨ੍ਹਾਂ ਨੂੰ ਜਿੱਤਦੇ ਸਾਰ ਭੁੱਲ ਜਾਂਦੇ ਹਨ। ਕੁਝ ਦਲਿਤ ਆਗੂ ਪਿਛਲੇ ਲੰਬੇ ਸਮੇਂ ਤੋਂ ਦਲਿਤਾਂ ਦੇ ਨਾਂ 'ਤੇ ਲੀਡਰੀ ਕਰ ਰਹੇ ਹਨ, ਪਰ ਉਨ੍ਹਾਂ ਨੇ ਇਸ ਸਮਾਜ ਦੀ ਭਲਾਈ ਲਈ ਕੋਈ ਕੰਮ ਨਹੀਂ ਕੀਤਾ। ਇਹੀ ਕਾਰਨ ਹੈ ਕਿ ਲੋਕਾਂ ਦਾ ਅਜਿਹੇ ਆਗੂਆਂ ਤੋਂ ਮੋਹ ਭੰਗ ਹੋ ਰਿਹਾ ਹੈ।

**-ਬੀਰਬਲ ਧਾਲੀਵਾਲ**

## ਕਸ਼ਮੀਰੀ ਔਰਤਾਂ ਨਾਲ ਬਲਾਤਕਾਰ

ਇਹ ਰਾਤ ਸੀ 23 ਫਰਵਰੀ 1991 ਦੀ, ਜਦੋਂ ਕੁਝ ਫ਼ੌਜੀਆਂ ਨੇ ਰਲ ਕੇ ਕਸ਼ਮੀਰ ਦੇ ਕੁਨਾਨ ਅਤੇ ਪੋਸ਼ਪੁਰਾ ਨਾਮਕ ਪਿੰਡਾਂ ਵਿਚ ਭੂਰੀ ਵਰਗੀਆਂ 152 ਔਰਤਾਂ ਨਾਲ ਜਬਰ-ਜਨਾਹ ਕੀਤਾ ਸੀ। ਕਸ਼ਮੀਰ ਲਈ ਕੁਨਾਨ ਪੋਸ਼ਪੁਰਾ ਇਕ ਦਰਦਨਾਕ ਕਿੱਸਾ ਨਹੀਂ ਸਗੋਂ ਹਕੂਮਤ ਦੇ ਜਬਰ ਦਾ ਪ੍ਰਤੀਕ ਬਣ ਚੁੱਕਿਆ ਹੈ। ਅੱਜ ਤਕ ਕੁਨਾਨ ਪੋਸ਼ਪੁਰਾ ਦੀਆਂ ਔਰਤਾਂ ਇਨਸਾਫ਼ ਦਾ ਰਾਹ ਤੱਕ ਰਹੀਆਂ ਹਨ।

ਇਨਸਾਫ਼ ਦੀ ਭਾਲ ਵਿਚ ਜਦੋਂ ਪੰਜ ਕਸ਼ਮੀਰੀ ਔਰਤਾਂ ਨੇ ਕੁਨਾਨ ਪੋਸ਼ਪੁਰਾ ਦੀ ਹਕੀਕਤ ਬਾਰੇ ਕਿਤਾਬ ਲਿਖਣ ਬਾਰੇ ਸੋਚਿਆ ਤਾਂ ਬਲਾਤਕਾਰ ਪੀੜਤਾਂ ਵਿਚੋਂ ਛੇ ਔਰਤਾਂ ਦੀ ਮੌਤ ਹੋ ਚੁੱਕੀ ਸੀ। ਫਿਰ ਵੀ ਸਮਰੀਨਾ ਮੁਸ਼ਤਾਕ, ਐਸਰ ਬਤੂਲ, ਨਤਾਸ਼ਾ ਰਾਠੇਰ, ਇਫਰਾਹ ਬਤ ਅਤੇ ਮੁਨਾਜ਼ਾ ਰਸ਼ੀਦ ਨੇ ਕੁਨਾਨ ਪੋਸ਼ਪੁਰਾ ਦੀਆਂ ਔਰਤਾਂ ਦਾ ਸੱਚ ਸਾਹਮਣੇ ਲਿਆਉਣ ਦਾ ਫ਼ੈਸਲਾ ਕੀਤਾ ਜਿਸ ਦੇ ਨਤੀਜੇ ਵਜੋਂ 2016 ਵਿਚ 'ਡੂ ਯੂ ਰਿਮੈਮਬਰ ਕੁਨਾਨ ਪੋਸ਼ਪੁਰਾ' ਨਾਮਕ ਕਿਤਾਬ ਆਈ। ਇਹ ਕਿਤਾਬ ਰਾਜਸੀ ਅਤੇ ਕਾਨੂੰਨੀ ਕਾਰਵਾਈਆਂ ਬਾਰੇ ਦੱਸਣ ਦੇ ਨਾਲ ਹੀ ਉਨ੍ਹਾਂ ਔਰਤਾਂ ਦੀ ਆਵਾਜ਼ ਬੁਲੰਦ ਕਰਦੀ ਹੈ ਜੋ ਆਪਣੇ ਬਲਾਤਕਾਰੀਆਂ ਖ਼ਿਲਾਫ਼ ਕੇਸ ਦਰਜ ਨਹੀਂ ਕਰਵਾ ਸਕੀਆਂ ਸਨ। 152 ਵਿਚੋਂ ਸਿਰਫ਼ 40 ਔਰਤਾਂ ਨੇ ਹੀ ਕੇਸ ਲੜਨ ਦਾ ਫ਼ੈਸਲਾ ਲਿਆ ਸੀ ਅਤੇ ਬਾਕੀ ਘਰ-ਪਰਿਵਾਰ ਤੇ ਸਿਆਸਤ ਦੇ ਮਲਬੇ ਹੇਠ ਦੱਬ ਕੇ 25 ਸਾਲ ਇਕ ਡਰਾਉਣੀ ਚੁੱਪ ਵਿਚ ਲੰਘਾ ਚੁੱਕੀਆਂ ਸਨ। ਇਤਿਹਾਸ ਗਵਾਹ ਹੈ ਕਿ ਕਿਸੇ ਵੀ ਤਬਕੇ ਨੂੰ ਦਬਾਉਣ ਅਤੇ ਜਿੱਤਣ ਦਾ ਸਭ ਤੋਂ ਵੱਡਾ ਹਥਿਆਰ ਉਸ ਦੀਆਂ ਔਰਤਾਂ ਨਾਲ ਜਬਰ-ਜਨਾਹ ਕਰਨਾ ਰਿਹਾ ਹੈ। ਹੱਲਿਆਂ ਵੇਲੇ ਹੋਏ ਅਣਗਿਣਤ ਬਲਾਤਕਾਰ ਅੱਜ ਵੀ ਪੰਜਾਬ ਦੇ ਚੇਤਿਆਂ ਵਿਚ ਵਸੇ ਹੋਏ ਹਨ। ਇਸ ਲਈ ਧਾਰਾ 370 ਹਟਣ ਤੋਂ ਬਾਅਦ ਪਹਿਲੀ ਆਵਾਜ਼ ਕਸ਼ਮੀਰੀ ਔਰਤਾਂ ਉੱਤੇ ਕਬਜ਼ਾ ਕਰਨ ਦੀ ਸੁਣਾਈ ਦਿੱਤੀ।

ਪੋਸ਼ਪੁਰਾ ਦੀ ਇਕ ਪੀੜਤ ਨੇ ਮਾਰਚ 1991 ਵਿਚ ਆਪਣੇ ਬਿਆਨ ਵਿਚ ਦੱਸਿਆ ਸੀ ਕਿ ਰਾਤ ਨੂੰ 11 ਵਜੇ ਉਨ੍ਹਾਂ ਦੇ ਬੂਹੇ ਉੱਤੇ ਦਸਤਕ ਹੋਈ। ਬੂਹਾ ਖੁੱਲ੍ਹਾ ਸੀ ਤਾਂ ਫ਼ੌਜ ਦੀ ਪਲਟਨ ਸਿੱਧਾ ਅੰਦਰ ਆ ਗਈ। ਉਹ ਸਮੀਨਾ (ਕਾਲਪਨਿਕ ਨਾਂ) ਦੇ ਪਤੀ ਅਤੇ ਦਿਓਰ ਨੂੰ ਬਾਹਰ ਲੈ ਗਏ ਅਤੇ 7-8 ਫ਼ੌਜੀ ਨਸ਼ੇ ਵਿਚ ਧੁੱਤ ਹੋ ਕੇ ਸਮੀਨਾ ਦਾ ਬਲਾਤਕਾਰ ਕਰਨ ਲੱਗ ਪਏ। ਸਵੇਰੇ ਸਮੀਨਾ ਨੂੰ ਹੋਸ਼ ਆਇਆ ਅਤੇ ਉਹ ਪੁਲੀਸ ਨੂੰ ਰਿਪੋਰਟ ਲਿਖਵਾਉਣ ਗਈ ਤਾਂ ਪਤਾ ਲੱਗਾ ਕਿ ਫ਼ੌਜ ਨੇ ਪੁਲੀਸ ਵਾਲਿਆਂ ਦੀ ਵੀ ਕੁੱਟਮਾਰ ਕੀਤੀ ਸੀ। ਸਮੀਨਾ ਨੂੰ ਇਉਂ ਲੱਗਦਾ ਸੀ ਜਿਵੇਂ ਹਕੂਮਤ ਉਸ ਦੇ ਜਿਸਮ, ਘਰ ਅਤੇ ਜਮਹੂਰੀਅਤ ਸਭ ਉੱਤੇ ਕਬਜ਼ਾ ਕਰ ਚੁੱਕੀ ਸੀ। ਇਸੇ ਤਰ੍ਹਾਂ ਤੱਮਣਾ, ਜੋ ਨੌਂ ਮਹੀਨਿਆਂ ਦੀ ਗਰਭਵਤੀ ਸੀ, ਦੇ ਅਪਾਹਜ ਪੈਦਾ ਹੋਏ ਬੇਟੇ ਲਈ ਹਕੂਮਤ ਮਾਤਮ ਦਾ ਚਿੰਨ੍ਹ ਬਣ ਚੁੱਕੀ ਸੀ।

ਕੁਨਾਨ ਪੋਸ਼ਪੁਰਾ ਦੀ ਦਿਲ ਦਹਿਲਾਉਣ ਵਾਲੀ ਘਟਨਾ ਦਾ ਅਹਿਮ ਪਹਿਲੂ ਰਾਜ ਅਤੇ ਫ਼ੌਜ ਦਾ ਗਠਜੋੜ ਵੀ ਹੈ। 23 ਫਰਵਰੀ 1991 ਦੀ ਰਾਤ ਨੂੰ ਫ਼ੌਜ ਦਾ ਕਮਾਂਡਿੰਗ ਅਫ਼ਸਰ ਕੁਝ ਮੀਟਰ ਦੂਰ ਆਫ਼ਿਸ ਵਿਚ ਬੈਠਾ ਸੀ। ਕਈ ਪੀੜਤਾਂ ਨੇ ਗਵਾਹੀ ਦਿੱਤੀ ਕਿ ਉਸ ਨੇ ਟਾਰਚ ਮਾਰ ਕੇ ਕਿਹਾ ਕਿ ਕੁਝ ਵੀ ਕਰੋ, ਪਰ ਸ਼ੋਰ ਨਾ ਮਚਾਓ। ਸਭ ਦੁਸ਼ਵਾਰੀਆਂ ਦੇ ਬਾਵਜੂਦ ਔਰਤਾਂ ਨੇ ਭਾਰਤੀ ਨਿਆਂਪਾਲਿਕਾ ਤੋਂ ਇਨਸਾਫ਼ ਦੀ ਉਮੀਦ ਬਣਾਈ ਰੱਖੀ ਜਿਸ ਦਾ ਨਿੱਕਾ ਜਿਹਾ ਟੁਕੜਾ ਉਨ੍ਹਾਂ ਨੂੰ 2014 ਵਿਚ ਮਿਲਿਆ ਜਦੋਂ ਸੂਬਾਈ ਅਦਾਲਤ ਨੇ ਪਹਿਲੀ ਵਾਰ ਘਟਨਾ ਨੂੰ ਮਾਨਤਾ ਦਿੱਤੀ ਅਤੇ ਸਰਕਾਰ ਨੂੰ ਹਦਾਇਤ ਦਿੱਤੀ ਕਿ ਪੀੜਤਾਂ ਨੂੰ ਬਣਦਾ ਮੁਆਵਜ਼ਾ ਮਿਲਣਾ ਚਾਹੀਦਾ ਹੈ।

ਅੱਜ ਕੁਨਾਨ ਪੋਸ਼ਪੁਰਾ ਨੂੰ ਯਾਦ ਕਰਨ ਦਾ ਅਰਥ ਰਿਆਸਤ ਦੇ ਦਮਨਕਾਰੀ ਅਤੇ ਮਰਦ-ਪ੍ਰਧਾਨ ਚਰਿੱਤਰ ਦਾ ਪਰਦਾਫਾਸ਼ ਤਾਂ ਹੈ ਹੀ, ਪਰ ਨਾਲ ਹੀ ਕਸ਼ਮੀਰੀ ਔਰਤਾਂ ਦੀ ਜੰਗ ਨੂੰ ਸਲਾਮ ਕਰਨਾ ਵੀ ਹੈ। 28 ਸਾਲਾਂ ਬਾਅਦ ਵੀ ਕਸ਼ਮੀਰੀ ਔਰਤਾਂ ਆਪਣੇ ਸੱਚ ਲਈ ਸੰਘਰਸ਼ ਕਰ ਰਹੀਆਂ ਹਨ ਅਤੇ ਹਰ 23 ਫਰਵਰੀ ਨੂੰ 'ਕਸ਼ਮੀਰੀ ਵੂਮਨ ਰਿਜ਼ੈਸਟੈਂਸ ਡੇਅ' ਵਜੋਂ ਮਨਾਉਂਦੀਆਂ ਹਨ। ਪੰਜ ਔਰਤਾਂ ਵੱਲੋਂ ਸ਼ੁਰੂ ਕੀਤੀ ਇਹ ਜੰਗ ਦੇਸ਼ ਦੀ ਹਕੂਮਤ ਲਈ ਚੁਣੌਤੀ ਹੈ। 2012 ਵਿਚ ਦਿੱਲੀ ਵਿਚ ਸਮੂਹਕ ਬਲਾਤਕਾਰ ਤੋਂ ਬਾਅਦ ਜਦੋਂ ਸਮਰੀਨਾ ਨੇ ਆਪਣੀ ਦੋਸਤ ਇਫਰਾਹ ਨੂੰ ਪੁੱਛਿਆ ਸੀ ਕਿ ਕੀ ਤੈਨੂੰ ਕੁਨਾਨ ਪੋਸ਼ਪੁਰਾ ਯਾਦ ਹੈ, ਕੁਨਾਨ ਪੋਸ਼ਪੁਰਾ ਦੀਆਂ ਔਰਤਾਂ ਨੂੰ ਇਨਸਾਫ਼ ਕਿਉਂ ਨਹੀਂ ਮਿਲਿਆ, ਬਲਾਤਕਾਰ ਜੇ ਦਿੱਲੀ ਵਿਚ ਗੁਨਾਹ ਹੈ ਤਾਂ ਕਸ਼ਮੀਰ ਵਿਚ ਕਿਉਂ ਨਹੀਂ, ਤਾਂ ਇਫਰਾਹ ਜੋ ਇਕ ਕਸ਼ਮੀਰੀ ਜਮਹੂਰੀ ਅਧਿਕਾਰ ਮੰਚ ਨਾਲ ਕੰਮ ਕਰਦੀ ਸੀ, ਨੇ ਜਨਹਿੱਤ ਪਟੀਸ਼ਨ ਦਾਇਰ ਕਰਨ ਦਾ ਫ਼ੈਸਲਾ ਲਿਆ ਜੋ ਅੱਜ ਸਾਡੇ ਸਾਹਮਣੇ ਕਿਤਾਬ ਦੇ ਰੂਪ ਵਿਚ ਮੌਜੂਦ ਹੈ।

**-ਨਿਕਿਤਾ ਆਜ਼ਾਦ**

## ਕੁਰਾਹੇ ਪੈ ਰਹੀ ਪੰਜਾਬ ਦੀ ਨੌਜਵਾਨ ਪੀੜ੍ਹੀ

ਪਿਛਲੇ ਦਿਨੀਂ ਬਾਘਾਪੁਰਾਣਾ ਨੇੜੇ ਇੱਕ ਨੌਜਵਾਨ ਵੱਲੋਂ ਬਿਨਾਂ ਕਸੂਰ ਆਪਣੇ ਸਮੇਤ ਪਰਿਵਾਰ ਦੇ ਪੰਜ ਜੀਆਂ ਨੂੰ ਮੌਤ ਦੇ ਘਾਟ ਉਤਾਰਨ ਵਾਲੀ ਮੰਦਭਾਗੀ ਘਟਨਾ ਨੇ ਸਭ ਪੰਜਾਬੀਆਂ ਨੂੰ ਹਲੂਣ ਕੇ ਰੱਖ ਦਿੱਤਾ ਹੈ। ਆਪਣੇ ਮਾਂ-ਬਾਪ, ਭੈਣ ਅਤੇ ਹੋਰ ਪਰਿਵਾਰਿਕ ਮੈਂਬਰਾਂ ਨੂੰ ਗੋਲੀਆਂ ਮਾਰਨ ਵਾਲੇ ਨੌਜਵਾਨ ਸੰਦੀਪ ਸਿੰਘ (27 ਸਾਲ) ਨੇ ਖੁਦਕੁਸ਼ੀ ਨੋਟ ਵਿੱਚ ਜੋ ਕੁਝ ਲਿਖਿਆ ਹੈ, ਉਹ ਵੀ ਹੈਰਾਨ-ਪ੍ਰੇਸ਼ਾਨ ਕਰਨ ਵਾਲਾ ਹੈ ਕਿ ਵਿਆਹ ਦੇ ਯੋਗ ਨਾ ਹੋਣਾ ਅਤੇ ਵਿਆਹ ਬਾਅਦ ਬੱਚਾ ਪੈਦਾ ਕਰਨ ਦੀ ਸਮਰੱਥਾ ਨਾ ਰੱਖਣਾ ਪਰਿਵਰ ਦੀਆਂ ਛੇ ਜ਼ਿੰਦਗੀਆਂ ਨੂੰ ਮਾਰ ਮੁਕਾਉਣ ਨਾਲੋਂ ਵੱਡੀ ਸ਼ਰਮ ਵਾਲੀ ਗੱਲ ਹੈ। ਸੋਚਣਾ ਬਣਦਾ ਹੈ ਕਿ ਕੀ ਸਾਡੀ ਨੌਜਵਾਨ ਪੀੜ੍ਹੀ ਦੀ ਸੋਚ ਐਨੀ ਛੋਟੀ ਹੋ ਗਈ ਹੈ ਕਿ ਉਨ੍ਹਾਂ ਲਈ ਮੁੱਛ ਨੂੰ ਵੱਟ ਦੇਣ, ਲਲਕਾਰੇ ਮਾਰਨ, ਧੱਕਾ ਮੁੱਕੀ ਕਰਨ, ਕਿਸੇ ਕੰਮ ਤੋਂ ਵਰਜਣ ਜਾਂ ਬਿਗਾਨੇ ਵਿਅਕਤੀਆਂ ਦੇ ਸਾਹਮਣੇ ਕੁੱਝ ਕਹਿ ਦੇਣ ਵਾਲੇ ਲੋਕ ਹੀ ਸਭ ਤੋਂ ਵੱਡੇ ਦੁਸ਼ਮਣ ਹਨ ਅਤੇ ਉਨ੍ਹਾਂ ਵੱਲੋਂ ਕਹੀਆਂ ਗੱਲਾਂ ਸਭ ਤੋਂ ਵੱਡੀ ਸ਼ਰਮ ਵਾਲੀਆਂ ਗੱਲਾਂ ਲੱਗਦੀਆਂ ਹਨ।

ਸੰਦੀਪ ਚਾਹੇ ਇਸ ਕਤਲੋਗਾਰਤ ਨੂੰ ਸ਼ਰਮ ਵਾਲੀ ਨਹੀਂ ਸੀ ਮੰਨਦਾ ਇਸੇ ਲਈ ਤਾਂ ਉਸ ਨੇ ਪਿੰਡ ਨੱਥੂਵਾਲ ਸਮੇਤ ਪੂਰੇ ਪੰਜਾਬ ਅਤੇ ਦੁਨੀਆਂ 'ਚ ਵਸਦੇ ਹਰ ਪੰਜਾਬੀ ਦੇ ਮੱਥੇ ਕਾਲਖ ਮਲ ਦਿੱਤੀ ਹੈ। ਮੇਰੇ ਅਨੁਸਾਰ ਇਹ ਐਨੀ ਸ਼ਰਮ ਵਾਲੀ ਘਟਨਾ ਹੈ, ਜਿਸ ਨੇ ਹਰ ਵਰਗ ਨੂੰ ਸ਼ਰਮਸਾਰ ਕੀਤਾ ਹੈ। ਪਹਿਲੀ ਸ਼ਰਮ ਉਨ੍ਹਾਂ ਮਾਪਿਆਂ ਨੂੰ ਜਿਹੜੇ ਜਿਉਦੇ ਜੀਅ ਆਪਣੇ ਧੀਆਂ-ਪੁੱਤਾਂ ਦੇ ਦਿਲ ਦੀਆਂ ਗੱਲਾਂ ਹੀ ਨਹੀਂ ਸਮਝ ਸਕਦੇ ਜਾਂ ਪੈਸੇ ਦੀ ਦੌੜ 'ਚ ਉਨ੍ਹਾਂ ਦੇ ਅੰਦਰਲੇ ਦਰਦ, ਡਰ ਅਤੇ ਫ਼ਜ਼ੂਲ ਸ਼ਰਮਾਂ ਦੇ ਰੇਲਤੇ ਸਿਵੇ ਪਛਾਨਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਦੂਜੀ ਸ਼ਰਮ ਉਨ੍ਹਾਂ ਦੋਸਤਾਂ-ਮਿੱਤਰਾਂ ਨੂੰ ਜਿੰਨ੍ਹਾਂ 'ਚ ਆਪਣੇ ਜਿਗਰੀ ਯਾਰਾਂ ਨੂੰ ਬੁਰੀਆਂ ਅਲਾਮਤਾਂ ਤੋਂ ਬਚਾ ਲੈਣ ਦੀ ਹਿੰਮਤ ਅਤੇ ਦਲੇਰੀ ਨਹੀਂ ਰਹੀ। ਤੀਜੀ ਸ਼ਰਮ ਉਸ ਭਾਈਚਾਰੇ ਨੂੰ ਜਿਹੜਾ ਹੋਰਨਾਂ ਦੀ ਹੋਣੀ ਦੀ ਉਡੀਕ ਕਰਦੇ ਹੀ ਅੱਖਾਂ ਪਕਾ ਲੈਂਦਾ ਹੈ ਪਰ ਕਿਸੇ ਦੇ ਭਲੇ ਦੀ ਗੱਲ ਤੱਕ ਨਹੀਂ ਸੋਚਦਾ। ਚੌਥੀ ਸ਼ਰਮ ਹੈ ਸਾਡੇ ਸਿੱਖਿਆ ਤੰਤਰ ਨੂੰ ਜਿਸ ਨੇ ਅੱਜ ਤੱਕ ਆਪਣੇ ਸ਼ਗਿਰਦਾਂ ਨੂੰ ਕਦੇ ਜੀਵਨ ਦੇ ਅਸਲੀ ਰੰਗਾਂ ਦੀ ਸੱਤਰੰਗੀ ਪੀਂਘ ਦੇ ਦਰਸ਼ਨ ਨਹੀਂ ਕਰਵਾਏ। ਜੇ ਕਿਸੇ ਜਾਗਦੀ ਰੂਹ ਵਾਲੇ ਗੁਰੂ ਨੇ ਸੰਦੀਪ ਨੂੰ ਦੱਸਿਆ ਹੁੰਦਾ ਕਿ ਬਿਮਾਰੀਆਂ ਲੱਗ ਵੀ ਜਾਂਦੀਆਂ ਨੇ ਤੇ ਠੀਕ ਵੀ ਹੋ ਜਾਂਦੀਆਂ ਨੇ ਜਾਂ ਇਹ ਪੜ੍ਹਾ ਦਿੱਤਾ ਹੁੰਦਾ ਕਿ ਵੰਸ਼ ਦਾ ਨਾਮ ਔਲਾਦਾਂ ਨਾਲ ਅਤੇ ਵੱਡੇ ਪਰਿਵਾਰਾਂ ਨਾਲ ਨਹੀਂ ਚੱਲਦਾ, ਅਸਲੀ ਨਾਮ ਅਤੇ ਵੰਸ਼ ਤਾਂ ਉਨ੍ਹਾਂ ਦੇ ਚੱਲਦੇ ਨੇ ਜੋ ਹੋਰਨਾਂ ਲਈ ਮਾਂ-ਬਾਪ ਤੇ ਚਾਰੇ ਪੁੱਤਰ ਵਾਰਦੇ ਨੇ ਤਾਂ ਸੰਦੀਪ ਕਦੇ ਵੀ ਨੱਥੂਵਾਲ ਨੂੰ ਕਲੰਕਿਤ ਨਾ ਕਰਦਾ। ਜਦੋਂ ਜਵਾਨੀ ਪਹਿਰੇ ਕਿਸੇ ਨੂੰ ਬੁਢਾਪੇ ਦੇ ਫਿਕਰ ਚਿੰਬੜ ਜਾਣ, ਤੰਦਰੁਸਤ ਸਰੀਰਾਂ ਨੂੰ ਨਸ਼ੇ ਦੀ ਲੋੜ ਪੈ ਜਾਵੇ ਤਾਂ ਘਟਨਾ ਨੱਥੂਵਾਲਾ ਗਰਬੀ ਵਰਗੀ ਹੀ ਵਾਪਰੇਗੀ। ਆਓ ਵਿਖਾਵੇ ਦੇ ਫੋਕੇ ਪਹਿਰਾਵੇ ਉਤਾਰ ਕੇ ਮਾੜੇ ਦਿਨ ਆਉਣ ਦੀ ਅਸਲੀ ਜੜ੍ਹ ਫਰੋਲੀਏ, ਰਾਹ ਦਸੇਰੇ ਬਣ ਕੁਰਾਹੇ ਪਿਆਂ ਨੂੰ ਸਿੱਧੇ ਰਾਹ ਤੋਰੀਏ, ਦੂਸਰੇ ਘਰਾਂ 'ਚ ਬਲਦੀ ਨੂੰ ਬਸੰਤਰ ਦੀ ਥਾਂ ਅੱਗ ਕਹੀਏ। ਪੰਜਾਬ ਦਾ ਭਲਾ ਇਸੇ 'ਚ ਹੀ ਹੈ। ਜੇ ਪੰਜਾਬ ਵਸੇਗਾ ਤਾਂ ਤੁਸੀਂ, ਤੁਹਾਡਾ ਪਰਿਵਾਰ, ਤੁਹਾਡਾ ਵੰਸ ਵਸੇਗਾ। ਆਓ ਮਰੇ ਹੋਏ ਚਾਵਾਂ ਵਾਲੇ ਬੱਚਿਆਂ ਦੇ ਚਾਅ ਜ਼ਿੰਦਾ ਕਰੀਏ।

**-ਹਰਦੀਪ ਸਿੰਘ ਜਟਾਣਾ**

## ਕਸ਼ਮੀਰ ਸਮੱਸਿਆ ਤੇ ਮਨੁੱਖੀ ਅਧਿਕਾਰ

ਹਾਲਾਤ ਇਸ ਤਰ੍ਹਾਂ ਦੇ ਬਣ ਰਹੇ ਹਨ ਕਿ ਧਾਰਾ 370 ਦੇ ਨਾਲ ਹੀ ਸਾਡੇ ਦੇਸ਼ ਵਿਚੋਂ ਦਲੀਲਾਂ ਉਪਰ ਬਹਿਸ, ਅਸੂਲਾਂ ਦੀ ਗੱਲਬਾਤ ਤੇ ਵਿਰੋਧੀ ਵਿਚਾਰਾਂ ਦੀ ਕਦਰ ਵੀ ਖ਼ਤਮ ਹੋ ਗਈ ਹੈ। ਹਰ ਪਾਸੇ ਭੀੜਤੰਤਰ ਵਧ ਰਿਹਾ ਹੈ। ਕਹਿੰਦੇ ਹਨ ਕਿ ਭੀੜ ਅੱਗੇ ਕੋਈ ਦਲੀਲ ਨਹੀਂ ਚੱਲਦੀ। ਇਹੀ ਕੰਮ ਆਮ ਬਹਿਸਾਂ ਵਿਚ ਹੋ ਰਿਹਾ ਹੈ। ਸਾਡੇ ਸਤਿਕਾਰਯੋਗ ਮੰਤਰੀ ਤੇ ਐਮਪੀ ਵੀ ਇਸ ਤਰ੍ਹਾਂ ਦੀ ਇਲਜ਼ਾਮ ਤਰਾਸ਼ੀ ਕਰਦੇ ਹਨ ਕਿ 'ਖਾਣਾ ਭਾਰਤ ਦਾ ਤੇ ਬੋਲੀ ਪਾਕਿਸਤਾਨ ਦੀ ਬੋਲਣੀ', ਦੇਸ਼ ਧਰੋਹੀ, ਗੱਦਾਰ ਵਗੈਰਾ। ਬਜ਼ੁਰਗ ਨੇਤਾ ਅਡਵਾਨੀ ਨੂੰ ਵੀ ਕਹਿਣਾ ਪਿਆ ਸੀ ਕਿ ਜਿਨ੍ਹਾਂ ਦੇ ਖਿਆਲ ਸਾਡੇ ਨਾਲ ਨਹੀਂ ਮਿਲਦੇ ਉਹ ਵਿਰੋਧੀ ਤਾਂ ਹੋ ਸਕਦੇ ਹਨ, ਗੱਦਾਰ ਜਾਂ ਦੇਸ਼ ਧਰੋਹੀ ਨਹੀਂ। ਅੱਜ ਧਾਰਾ 370 ਦੇ ਨਾਲ ਹੀ ਦੇਸ਼ ਵਿਚੋਂ ਲੋਕਤੰਤਰੀ ਸਲੀਕਾ ਤੇ ਪਰੰਪਰਾਵਾਂ ਖ਼ਤਮ ਹੋ ਰਹੀਆਂ ਹਨ। ਸੁਣਨ ਦਾ ਮਾਦਾ ਤੇ ਸਹਿਣਸ਼ੀਲਤਾ ਮੁੱਕ ਰਹੀ ਹੈ। ਵਿਚਾਰਾਂ ਦੀ ਆਜ਼ਾਦੀ ਦੀ ਭਾਵਨਾ ਖ਼ਤਮ ਹੋ ਰਹੀ ਹੈ। ਖੁੱਲ੍ਹੇਆਮ ਕਿਹਾ ਜਾਂਦਾ ਹੈ ਕਿ ਵਿਚਾਰਾਂ ਦੀ ਆਜ਼ਾਦੀ ਦਾ ਮਤਲਬ ਇਹ ਨਹੀਂ ਕਿ ਕੋਈ ਸਾਡੇ ਅਰਥਾਂ ਵਾਲੇ ਰਾਸ਼ਟਰ ਵਿਰੁੱਧ ਬੋਲੇ, ਨ਼ਫਰਤਾਂ ਵਿਰੁੱਧ ਤੇ ਜੰਗ ਵਿਰੁੱਧ ਬੋਲੇ, ਗਊ ਵਿਰੁੱਧ ਬੋਲੇ। ਦਰਅਸਲ ਭੀੜਤੰਤਰ ਭੀੜਾਂ ਵਿਚੋਂ ਨਿਕਲ ਕੇ ਪ੍ਰੈਸ ਕਾਨਫਰੰਸਾਂ ਵਿਚ ਪਹੁੰਚ ਗਿਆ, ਸੰਸਦ ਹਾਲ ਤੱਕ ਪਹੁੰਚ ਗਿਆ ਤੇ ਲਾਲ ਕਿਲ੍ਹੇ ਦੇ ਮੰਚ ਤੱਕ ਵੀ ਪਹੁੰਚ ਗਿਆ ਹੈ। ਭੀੜਤੰਤਰ ਦੇ ਲੱਛਣ ਹਨ ਕਿ ਬੱਸ ਸਿਰ਼ਫ ਬੱਲੇ ਬੱਲੇ, ਧਾਰਾ 370 ਤੋੜ ਦਿੱਤੀ, ਤੋੜ ਦਿੱਤੀ। ਇਸ ਦੇ ਵਿਹਾਰਕ ਕਾਰਨ ਤੇ ਅਸਰ ਸਮਝਾਉਣ ਵਾਸਤੇ ਕੋਈ ਤਿਆਰ ਨਹੀਂ ਤੇ ਨਾ ਹੀ ਘਾਟੇ ਸਮਝਣ ਵਾਸਤੇ। ਇਹ ਦੇਸ਼ ਦੇ ਹਿਤ ਵਿਚ ਨਹੀਂ, ਇਹ ਲੋਕਤੰਤਰ ਦੇ ਹਿਤ ਵਿਚ ਨਹੀਂ।

**-ਅਭੈ ਸਿੰਘ**

## ਅਵਾਰਾ ਪਸ਼ੂ ਮਨੁੱਖਤਾ ਲਈ ਖਤਰਾ

ਭਾਰਤ ਵਿੱਚ ਇਨਸਾਨਾਂ ਨਾਲੋਂ ਪਸ਼ੂਆਂ ਦੀ ਵੁੱਕਤ ਜ਼ਿਆਦਾ ਹੈ। ਇਨਸਾਨ ਨਾਲੋਂ ਪਸ਼ੂ ਜ਼ਿਆਦਾ ਆਜ਼ਾਦ ਹਨ। ਇਨਸਾਨ ਮਨਮਰਜ਼ੀ ਨਹੀਂ ਕਰ ਸਕਦਾ ਪ੍ਰੰਤੂ ਪਸ਼ੂ ਜੋ ਜੀਅ ਚਾਹੇ, ਉਹੀ ਕਰ ਸਕਦਾ ਹੈ। ਜੇਕਰ ਇਨਸਾਨ ਸੜਕੀ ਆਵਾਜਾਈ ਵਿੱਚ ਰੁਕਾਵਟ ਪਾਉਂਦਾ ਹੈ ਤਾਂ ਉਹ ਕਾਨੂੰਨੀ ਤੌਰ ਉੱਤੇ ਗੁਨਾਹਗਾਰ ਹੈ, ਪਸ਼ੂ ਸੜਕਾਂ ਦੇ ਵਿਚਕਾਰ ਘੁੰਮਦੇ, ਖੜ੍ਹੇ ਅਤੇ ਬੈਠੇ ਰਹਿੰਦੇ ਹਨ, ਉਨ੍ਹਾਂ ਤੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ। ਭਾਰਤ ਨੂੰ ਆਜ਼ਾਦ ਹੋਇਆਂ 72 ਸਾਲ ਹੋ ਗਏ ਹਨ। ਆਜ਼ਾਦੀ ਦੀਆਂ ਬਰਕਤਾਂ ਦਾ ਲਾਭ ਕਿਸ ਨੂੰ ਜ਼ਿਆਦਾ ਹੋਇਆ ਹੈ, ਇਹ ਸੋਚਣ ਅਤੇ ਵਿਚਾਰਨ ਵਾਲਾ ਵਿਸ਼ਾ ਹੈ? ਮੈਂ ਤਾਂ ਇਹ ਕਹਾਂਗਾ ਕਿ ਜੇ ਅਸਲ ਆਜ਼ਾਦੀ ਮਿਲੀ ਹੈ ਤਾਂ ਉਹ ਕੁੱਤਿਆਂ, ਬਿੱਲਿਆਂ ਅਤੇ ਪਸ਼ੂਆਂ ਨੂੰ ਮਿਲੀ ਹੈ, ਜਿਹੜੇ ਆਪਣੀ ਮਰਜ਼ੀ ਨਾਲ ਘੁੰਮ ਫਿਰ ਸਕਦੇ ਹਨ।

ਭਾਰਤ ਵਿੱਚ ਲਗਭਗ ਇੱਕ ਕਰੋੜ ਲੋਕਾਂ ਨੂੰ ਕੁੱਤੇ ਵੱਢਦੇ ਹਨ। ਪੰਜਾਬ ਦੀ ਸਥਿਤੀ ਇਸ ਨਾਲੋਂ ਵੀ ਮਾੜੀ ਹੈ। ਪੰਜਾਬ ਵਿੱਚ ਲਗਭਗ ਦੋ ਕਰੋੜ ਅਵਾਰਾ ਕੁੱਤੇ ਹਨ। ਦਿਨ ਬਦਿਨ ਕੁੱਤਿਆਂ ਦੇ ਇਨਸਾਨਾਂ ਨੂੰ ਕੱਟਣ ਦੀਆਂ ਵਾਰਦਾਤਾਂ ਵਿੱਚ ਵਾਧਾ ਹੋ ਰਿਹਾ ਹੈ। 2016 ਵਿੱਚ 54 ਹਜ਼ਾਰ ਇਨਸਾਨਾਂ ਨੂੰ ਕੁੱਤਿਆਂ ਨੇ ਕੱਟਿਆ ਸੀ। 2017 ਵਿੱਚ ਇਹ ਗਿਣਤੀ ਵਧਕੇ ਇੱਕ ਲੱਖ 12 ਹਜ਼ਾਰ ਅਤੇ 2018 ਵਿੱਚ 1 ਲੱਖ 13 ਹਜ਼ਾਰ ਹੋ ਗਈ।

ਕੁੱਤਿਆਂ ਦਾ ਸ਼ਿਕਾਰ ਬੱਚੇ ਅਤੇ ਬਜ਼ੁਰਗ ਜ਼ਿਆਦਾ ਹੁੰਦੇ ਹਨ। $;ਸਾਲ 2000 ਵਿੱਚ ਕੁੱਤਿਆਂ ਦੀ ਨਸਬੰਦੀ ਕਰਨ ਦੀ ਸਕੀਮ ਬਣੀ ਸੀ, ਉਸਦੇ ਵੀ ਕੋਈ ਸਾਰਥਿਕ ਨਤੀਜੇ ਸਾਹਮਣੇ ਨਹੀਂ ਆਏ।

ਇਨਸਾਨਾਂ ਉੱਤੇ ਅਨੇਕਾਂ ਪਾਬੰਦੀਆਂ ਹਨ ਪ੍ਰੰਤੂ ਕੁੱਤਿਆਂ ਅਤੇ ਪਸ਼ੂਆਂ ਉੱਤੇ ਕੋਈ ਪਾਬੰਦੀ ਨਹੀਂ, ਉਹ ਕਿਸੇ ਨੂੰ ਵੀ ਕੱਟ ਅਤੇ ਮਾਰ ਸਕਦੇ ਹਨ। ਕਿੰਨੀ ਹਾਸੋਹੀਣੀ ਗੱਲ ਹੈ ਕਿ ਇਨਸਾਨਾਂ ਦੀ ਕੋਈ ਕਦਰ ਨਹੀਂ। ਇਨਸਾਨਾਂ ਉੱਤੇ ਦਫ਼ਾ 144 ਲੱਗ ਜਾਂਦੀ ਹੈ, ਕਤਲ ਦੇ ਕੇਸ ਦਰਜ ਹੋ ਜਾਂਦੇ ਹਨ। ਲੋਕ ਬਹੁਤੇ ਕਾਨੂੰਨਾਂ ਉੱਤੇ ਅਮਲ ਕਰਦੇ ਹਨ ਪ੍ਰੰਤੂ ਪਸ਼ੂ, ਪੰਛੀ, ਕੁੱਤੇ, ਬਿਲੇ ਸ਼ਰੇਆਮ ਦਫ਼ਾ 144 ਦੀ ਉਲੰਘਣਾ ਹੀ ਨਹੀਂ ਕਰਦੇ ਸਗੋਂ ਮਨਮਰਜ਼ੀ ਕਰਕੇ ਕੁੱਤੇ ਤੁਹਾਨੂੰ ਕੱਟ ਵੱਢ ਜਾਂਦੇ ਹਨ। ਉਨ੍ਹਾਂ ਤੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ। ਇੱਥੋਂ ਤੱਕ ਕਿ ਤੁਸੀਂ ਉਨ੍ਹਾਂ ਨੂੰ ਕੋਈ ਸਜ਼ਾ ਵੀ ਨਹੀਂ ਦੇ ਸਕਦੇ। ਤੁਸੀਂ ਸਰਕਾਰ ਦੀ ਝੋਲੀ ਕਰੋੜਾਂ ਰੁਪਏ ਦਾ ਗਊ ਸੈਸ ਦੇ ਕੇ ਭਰਦੇ ਹੋ ਪ੍ਰੰਤੂ ਤੁਹਾਨੂੰ ਕੋਈ ਰਾਹਤ ਨਹੀਂ ਮਿਲਦੀ। ਸਹੀ ਅਰਥਾਂ ਵਿੱਚ ਆਜ਼ਾਦੀ ਕੁੱਤੇ ਨੂੰ ਆਪਣੀ ਖ਼ੁਰਾਕ ਇਨਸਾਨਾਂ ਨੂੰ ਬਣਾਉਣ ਅਤੇ ਪਸ਼ੂਆਂ ਨੂੰ ਤੁਹਾਨੂੰ ਮਾਰਨ ਦੀ ਮਿਲੀ ਹੈ। ਹਰ ਰੋਜ਼ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ ਕਿ ਮਾਸੂਮ ਬੱਚਿਆਂ ਅਤੇ ਬਜ਼ੁਰਗਾਂ ਨੂੰ ਕੁੱਤੇ ਨੋਚ ਨੋਚ ਕੇ ਖਾ ਗਏ।

ਪੰਜਾਬ ਗਊ ਸੇਵਾ ਆਯੋਗ ਅਨੁਸਾਰ ਪੰਜਾਬ ਵਿੱਚ ਇੱਕ ਲੱਖ 20 ਹਜ਼ਾਰ ਅਵਾਰਾ ਪਸ਼ੂ ਸੜਕਾਂ ਉੱਤੇ ਘੁੰਮ ਰਹੇ ਹਨ। ਪਿਛਲੇ ਤਿੰਨ ਸਾਲਾਂ ਵਿੱਚ ਪਸ਼ੂਆਂ ਨੇ 350 ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ। ਆਯੋਗ ਅਨੁਸਾਰ ਹਰ ਤੀਜੇ ਦਿਨ ਇੱਕ ਇਨਸਾਨ ਪਸ਼ੂਆਂ ਦੁਆਰਾ ਮਾਰਿਆ ਜਾਂਦਾ ਹੈ। ਪੰਜਾਬ ਵਿੱਚ 472 ਗਊਸ਼ਾਲਾ ਹਨ ਜਿਨ੍ਹਾਂ ਨੂੰ ਬਿਜਲੀ ਮੁਫ਼ਤ ਦਿੱਤੀ ਜਾਂਦੀ ਹੈ। ਸਰਕਾਰ ਨੂੰ ਅਵਾਰਾ ਪਸ਼ੂਆਂ ਨੂੰ ਇਨ੍ਹਾਂ ਗਊ ਸ਼ਾਲਾ ਵਿੱਚ ਪਹੁੰਚਾਉਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਬਹੁਤ ਸਾਰੀਆਂ ਜਾਨਾਂ ਜਾ ਚੁੱਕੀਆਂ ਹਨ। ਰਸਤਿਆਂ ਵਿੱਚ ਖੜ੍ਹੀਆਂ ਗਊਆਂ ਅਤੇ ਬਲਦਾਂ ਨੂੰ ਧਾਰਮਿਕ ਭਾਵਨਾਵਾਂ ਵਾਲੇ ਲੋਕ ਖਾਣ ਲਈ ਆਟੇ ਦੇ ਪੇੜੇ ਦਿੰਦੇ ਹਨ ਪ੍ਰੰਤੂ ਉਨ੍ਹਾਂ ਨੂੰ ਸਾਂਭ ਕੇ ਘਰਾਂ ਵਿੱਚ ਬੰਨ੍ਹਦੇ ਨਹੀਂ। ਜਦੋਂ ਉਹ ਸਾਡੇ ਧਾਰਮਿਕ ਚਿੰਨ੍ਹ ਹਨ ਤਾਂ ਅਸੀਂ ਉਨ੍ਹਾਂ ਦੀ ਘਰਾਂ ਵਿੱਚ ਬੰਨ੍ਹਕੇ ਸੇਵਾ ਕਿਉਂ ਨਹੀਂ ਕਰਦੇ? ਕੁਝ ਅਜਿਹੇ ਸਵਾਲ ਹਨ ਜਿਨ੍ਹਾਂ ਤੇ ਸੰਜੀਦਗੀ ਨਾਲ ਵਿਚਾਰਨ ਦੀ ਲੋੜ ਹੈ। ਸਰਕਾਰ ਤਾਂ ਗਊ ਸੈੱਸ ਦੇ ਨਾਂ ਉੱਤੇ ਟੈਕਸ ਇਕੱਠੇ ਕਰਦੀ ਹੈ ਪ੍ਰੰਤੂ ਨਾ ਤਾਂ ਕੁੱਤਿਆਂ ਅਤੇ ਨਾਲ ਹੀ ਅਵਾਰਾ ਪਸ਼ੂਆਂ ਦਾ ਕੋਈ ਪ੍ਰਬੰਧ ਕਰਦੀ ਹੈ। ਇਹ ਅਵਾਰਾ ਪਸ਼ੂ ਕਿਸਾਨਾਂ ਦੀਆਂ ਫਸਲਾਂ ਉਜਾੜ ਦਿੰਦੇ ਹਨ ਪ੍ਰੰਤੂ ਵਿਚਾਰਾ ਕਿਸਾਨ ਇਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦਾ। ਸਰਕਾਰ ਲੋਕਾਂ ਦਾ ਇਮਤਿਹਾਨ ਕਿਉਂ ਲੈ ਰਹੀ ਹੈ? ਸਰਕਾਰਾਂ ਇਨਸਾਨ ਦੀ ਜ਼ਿੰਦਗੀਆਂ ਬਚਾਉਣ ਲਈ ਸੰਜੀਦਾ ਨਹੀਂ ਹਨ, ਉਹ ਤਾਂ ਸਿਆਸੀ ਤਾਕਤ ਦਾ ਆਨੰਦ ਮਾਣ ਰਹੀਆਂ ਹਨ। ਜੇਕਰ ਲੋਕਾਂ ਦੀਆਂ ਜ਼ਿੰਦਗੀ ਨਾਲ ਇਸੇ ਤਰ੍ਹਾਂ ਕੁੱਤੇ ਅਤੇ ਪਸ਼ੂ ਖੇਡਦੇ ਰਹੇ ਤਾਂ ਮਜਬੂਰ ਹੋ ਕੇ ਲੋਕ ਕੋਈ ਹੋਰ ਰਸਤਾ ਅਪਨਾਉਣਗੇ।

**-ਉਜਾਗਰ ਸਿੰਘ**

## ਪੰਜਾਬ ਵਿਚ ਆਏ ਹੜ੍ਹ ਤੇ ਨੰਗ ਕੈਪਟਨ ਸਰਕਾਰ

ਪਿਛਲੇ ਇਕ ਹਫਤੇ ਤੋਂ ਪੰਜਾਬ ਦੇ ਸੈਂਕੜੇ ਪਿੰਡ ਪਾਣੀ ਨੇ ਡੋਬ ਦਿਤੇ ਜਾਂ ਘੇਰ ਲਏ, ਸਟੇਟ ਅੰਦਰ ਹਾਹਾਕਾਰ ਮਚੀ ਹੋਈ ਹੈ। ਅਮਰਿੰਦਰ ਸਿੰਘ ਦੀ ਨੰਗ ਸਰਕਾਰ ਪੱਲੇ ਸੰਕੇਤਕ ਫੰਡਾਂ ਅਤੇ ਮੰਤਰੀਆਂ ਦੇ ਹਮਦਰਦੀ ਭਰੇ ਬਿਆਨਾਂ ਤੋਂ ਵਧ ਲੋਕਾਂ ਨੂੰ ਰਾਹਤ ਦੇਣ ਲਈ ਕੁਛ ਵੀ ਨਹੀਂ। ਕੇਂਦਰੀ ਬਜਟ ਵਿਚ ਕੁਦਰਤ ਦੀ ਕਰੋਪੀ ਦੇ ਸ਼ਿਕਾਰ ਲੋਕਾਂ ਦੀ ਮਦਦ ਲਈ ਅਰਬਾਂ ਰੁਪਏ ਦੀ ਗੁੰਜਾਇਸ਼ ਰੱਖੀ ਜਾਂਦੀ ਹੈ, ਸਮੱਸਿਆ ਦੀ ਹਾਥ ਲੈਣ ਅਤੇ ਲੋੜੀਂਦੀ ਰਾਹਤ ਪਹੁੰਚਾਉਣ ਲਈ ਮੋਦੀ ਸਰਕਾਰ ਨੇ ਪ੍ਰਭਾਵਤ ਖੇਤਰਾਂ ਵਿਚ ਟੀਮਾਂ ਭੇਜ ਦਿਤੀਆਂ ਪਰ ਪੰਜਾਬ ਵੱਲ ਕੋਈ ਟੀਮ ਨਹੀਂ ਭੇਜੀ, ਕਿਉਂ ਨਹੀਂ ਭੇਜੀ? ਭੇਜਦੇ ਤਦ ਜੇ ਕਰੋਪੀ ਕੁਦਰਤੀ ਹੁੰਦੀ। ਪੰਜਾਬ ਲਈ ਆਫਤ ਤਾਂ ਉਨਾਂ ਨੇ ਖੁਦ ਪੈਦਾ ਕੀਤੀ ਹੈ। ਸੁਕਾ ਮੌਸਮ ਹੋਵੇ ਜਾਂ ਬਰਸਾਤ ਸਿਰ ਤੇ ਹੋਵੇ, ਡੈਮ ਨੱਕੋ ਨੱਕ ਭਰੇ ਰਹਿਣੇ ਚਾਹੀਦੇ ਹਨ ਤਾਂ ਜੋ ਹਰਿਆਣਾ, ਰਾਜਸਥਾਨ ਤੇ ਦਿਲੀ ਨੂੰ ਸਾਰਾ ਸਾਲ ਪੰਜਾਬ ਦੇ ਪਾਣੀ ਦੀ ਕੋਈ ਤੋਟ ਨਾ ਆਵੇ। ਜਦ ਪਾਣੀ ਸਿਰਾਂ ਤੋਂ ਲੰਘਣ ਲੱਗ ਜਾਵੇ ਅਤੇ ਡੈਮ ਟੁੱਟਣ ਤੇ ਆ ਜਾਣ ਤਾਂ ਇਕ ਦਮ ਹੜ੍ਹਾਂ ਵਾਲੇ ਗੇਟ ਖੋਲ੍ਹ ਦੇਵੋ, ਖੋਲ੍ਹੋ ਵੀ ਚੋਰਾਂ ਵਾਂਗ, ਜਨਤਕ ਤੌਰ ਤੇ ਕੋਈ ਪਰੈੱਸ ਨੋਟ ਜਾਰੀ ਨਹੀਂ ਕੀਤਾ। ਟੀ.ਵੀ ਰਾਹੀਂ ਸਮੇਂ ਸਿਰ ਕੋਈ ਪਰਚਾਰ ਨਹੀਂ, ਸਿਰਫ ਡਿਪਟੀ ਕਮਿਸ਼ਨਰਾਂ ਨੂੰ ਸੂਚਤ ਕੀਤਾ। ਸੂਚਤ ਹੋਣ ਦੇ ਹੱਕਦਾਰ ਦਰਿਆਵਾਂ ਦੇ ਨੇੜੇ ਰਹਿੰਦੇ ਆਮ ਲੋਕ ਸਨ ਪਰ ਉਨਾਂ ਤਕ ਆਉਣ ਵਾਲੇ ਮਨੁੱਖ ਸਾਜੇ ਤੂਫਾਨ ਦੀ ਕੋਈ ਭਿਣਕ ਨਹੀਂ ਪੈਣ ਦਿਤੀ।

ਕੀ ਭਾਖੜਾ ਬੋਰਡ ਮੋਦੀ ਦੀ ਪਾਕਿਸਤਾਨ ਵਿਰੋਧੀ ਪਾਣੀ ਦੇ ਫਰੰਟ ਤੇ ਹੋਣ ਵਾਲੀ ਜੰਗ ਵਿਚ ਵੀ ਭਾਈਵਾਲ ਹੈ? ਪਾਕਿਸਤਾਨ ਦੀ ਗੱਲ ਛੱਡੋ, ਕੀ ਪੰਜਾਬ ਦੇ ਲੋਕਾਂ ਨਾਲ ਕੇਂਦਰ ਦੇ ਭਾਖੜਾ-ਬਿਆਸ ਪਰਬੰਧਕੀ ਬੋਰਡ ਦਾ ਕੋਈ ਸੰਪਰਕ ਜਾਂ ਵਾਰਤਾਲਾਪ ਹੈ?

ਪੰਜਾਬ ਦਾ ਮੁੱਖ ਮੰਤਰੀ ਕੇਂਦਰ ਅਤੇ ਭਾਖੜਾ ਬੋਰਡ ਦੀਆਂ ਸਾਜ਼ਸ਼ਾਂ ਦੀ ਪੜਤਾਲ ਕਰਨ ਦੀ ਬਜਾਏ ਉਨਾਂ ਦੀ ਵਾਹਰ ਉਤੇ ਆ ਗਿਆ। ਤਟ ਫਟ ਨਿਰਦੋਸ਼ਪੁਣੇ ਦਾ ਪਰਮਾਣ ਪੱਤਰ ਜਾਰੀ ਕਰ ਦਿਤਾ। ਪੰਜਾਬ ਦਾ ਸੰਜੀਵ ਕੁਮਾਰ ਗੁਪਤਾ ਨਾਂ ਦਾ ਚੀਫ ਇੰਜਨੀਅਰ ਡਰੇਨੇਜ ਮਾਲਕਾਂ ਦੀ ਹਾਂ ਵਿਚ ਹਾਂ ਮਿਲਾ ਰਿਹਾ ਹੈ।

ਨਾ ਕੇਂਦਰ, ਨਾ ਪੰਜਾਬ, ਨਾ ਸ਼ਿਰੋਮਣੀ ਕਮੇਟੀ ਲੋਕਾਂ ਦੀ ਬਾਂਹ ਫੜਨ ਆਈਆਂ, ਸੰਸਾਰ ਭਰ ਦੀਆਂ ਸਿੱਖ ਸੰਗਤਾਂ ਦੀ ਮਦਦ ਅਤੇ ਅਸ਼ੀਰਵਾਦ ਨਾਲ ਚਲਦੇ ਖਾਲਸਾ ਏਡ ਨਾਂ ਦੇ ਸੰਗਠਨ ਨੇ ਆ ਕੇ ਪੰਜਾਬ ਦੇ ਲੋਕਾਂ ਨੂੰ ਰਾਹਤ ਪਹੁੰਚਾਉਣ ਦੀ ਪਹਿਲ ਕਦਮੀ ਕੀਤੀ।

**-ਸੁਖਦੇਵ ਸਿੰਘ ਸੀਨੀਅਰ ਪੱਤਰਕਾਰ**

# Sir Speedy Tustin

*Printers to the Community*




**Outdoor 3'x11' Promo Flag**

**Only $29/-**

Pole & Spike $55/-




**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW

# ਲੋਕ ਕਵੀ 'ਆਜ਼ਾਦ ਜਲੰਧਰੀ' ਨਾਲ ਇਕ ਖਾਸ ਮੁਲਾਕਾਤ

-ਮੁਲਾਕਾਤੀ : ਪ੍ਰਮਿੰਦਰ ਸਿੰਘ ਪ੍ਰਵਾਨਾ
(510-781-0487, 510-415-9377)

"ਲੋਕ ਕਵੀ ਆਜ਼ਾਦ ਜਲੰਧਰੀ ਨਾਲ ਮੇਰਾ ਸਾਥ ਸੰਨ 1995 ਤੋਂ ਹੈ। ਭਾਈਚਾਰਕ ਸਮਾਗਮਾਂ ਵਿਚ ਵਿਚਰਦੇ ਰਹਿਣ ਨਾਲ ਇਸ ਸਮਕਾਲੀ ਸਾਹਿਤਕਾਰ ਨਾਲ ਨੇੜਤਾ ਵਧਦੀ ਗਈ। ਲੇਖਣ ਦੇ ਸਫ਼ਰ ਵਿਚ ਜੰਗ ਸਿੰਘ 'ਗਿਆਨੀ' ਅਤੇ ਆਜ਼ਾਦ ਜਲੰਧਰੀ' ਅਭਿਨੰਦਨ ਗ੍ਰੰਥ ਦਾ ਮਸੌਦਾ ਤਿਆਰ ਕਰਨ ਵਿਚ ਅਸੀਂ ਤਿੰਨਾਂ ਨੇ ਕੰਮ ਕੀਤਾ। ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ ਦੀ ਸਥਾਪਨਾ 16 ਨਵੰਬਰ 2004 ਨੂੰ ਕੀਤੀ। ਟਰੱਸਟ ਦਾ ਮਨੋਰਥ ਅਣ ਛਪਿਆ ਸਾਹਿਤ ਛਾਪ ਕੇ ਪ੍ਰਚਾਰ ਕਰਨਾ, ਜੋ ਲੇਖਕ ਆਪਣਾ ਸਾਹਿਤ ਮਾਲੀ ਔਕੜਾਂ ਕਰਕੇ ਨਹੀਂ ਛਪਵਾ ਸਕੇ, ਉਨ੍ਹਾਂ ਦੀ ਮਾਲੀ ਮਦਦ ਕਰਨਾ ਹੈ। 25 ਜੂਨ 2005 ਦੇ ਪਹਿਲੇ ਸਮਾਗਮ ਵਿਚ ਅਭਿਨੰਦਨ ਗ੍ਰੰਥ ਲੋਕ ਅਰਪਣ ਹੋਇਆ। ਟਰੱਸਟ ਦੀ ਸਥਾਪਨਾ ਦੇ ਪਿਛੋਕੜ ਵਿਚ ਕੰਮ ਕਰਨ ਦੇ ਨਾਲ ਨਾਲ ਮੇਰੇ ਵਲੋਂ ਸਮਾਗਮਾਂ ਦੇ ਪ੍ਰਬੰਧ ਤੋਂ ਲੈ ਕੇ ਜਨਰਲ ਸਕੱਤਰ, ਮੰਚ ਸੰਚਾਲਕ ਅਤੇ ਪ੍ਰੈਸ ਸਕੱਤਰ ਦੀ ਜ਼ਿੰਮੇਵਾਰੀ ਨਿਭਾਈ ਗਈ। ਪ੍ਰੌੜ ਸਾਹਿਤਕਾਰਾਂ ਦੇ ਉਤਸ਼ਾਹ ਨਾਲ ਮੈਂ ਸਦਾ ਲਈ ਵਿਛੜੀ ਆਪਣੀ ਧੀ ਦੀ ਯਾਦ ਵਿਚ 'ਗਿੰਨੀ ਸਿਮ੍ਰਤੀ ਗੰਥ' ਦੀ ਸੰਪਾਦਨਾ ਕੀਤੀ। ਉਪਰੰਤ ਤਿੰਨ ਕਾਵਿ ਸੰਗ੍ਰਹਿ ਤੇ ਇਕ ਸਿੱਖ ਇਤਿਹਾਸ (ਵਾਰਤਕ) ਦੀਆਂ ਪੁਸਤਕਾਂ ਛਪਵਾਈਆਂ ਹਨ।

ਆਪਣੇ ਸਾਥੀ ਜਸਦੀਪ ਸਿੰਘ ਫਰੀਮੌਂਟ ਨਾਲ ਆਜ਼ਾਦ ਸਾਹਿਬ ਦੇ ਗ੍ਰਹਿ ਵਿਖੇ ਜਾ ਕੇ ਇਕ ਖਾਸ ਮੁਲਾਕਾਤ ਕੀਤੀ।"

**ਆਜ਼ਾਦ ਜਲੰਧਰੀ ਨੇ ਜਿਹਾ ਦੱਸਿਆ -**

ਆਜ਼ਾਦ ਸਾਹਿਬ ਨੇ ਜ਼ਿੰਦਗੀ ਦੇ ਸਫ਼ਰ ਦੀ ਬਾਤ ਪਾਈ ਕਿ ਮੇਰਾ ਪਿੰਡ 'ਬੜਾ ਪਿੰਡ' (ਜਲੰਧਰ) ਹੈ, ਜਿਸ ਦਾ ਪਹਿਲਾ ਇਤਿਹਾਸਕ ਨਾਮ 'ਕੁਲੇਤਾ' ਹੈ। ਇਹ ਪਿੰਡ ਬੁਨਿਆਦੀ ਸਹੂਲਤਾਂ ਦੇ ਨਾਲ ਨਾਲ ਅਧਿਆਤਮਕ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਰਿਹਾ ਹੈ, ਜਿੱਥੇ ਆਜਾਦੀ ਘੁਲਾਟੀਏ ਜੁਆਲਾ ਸਿੰਘ ਸਰਗਰਮ ਸਨ। ਉਨ੍ਹਾਂ ਦਿਨਾਂ ਵਿਚ ਮਿਹਨਤ, ਹਿੰਮਤ, ਆਪਸੀ ਭਾਈਚਾਰੇ ਲਈ 'ਬੜਾ ਪਿੰਡ' ਬੜਾ ਪ੍ਰਸਿੱਧ ਸੀ। ਇਸ ਮਾਹੌਲ ਨੇ ਮੇਰੀ ਨਿੱਜੀ ਜ਼ਿੰਦਗੀ 'ਤੇ ਬੜਾ ਪ੍ਰਭਾਵ ਪਾਇਆ।



ਮੇਰਾ ਜਨਮ ਇਕ ਗਰੀਬ ਮਜ਼ਦੂਰ ਪਰਿਵਾਰ ਵਿਚ ਚੌਧਰੀ ਕ੍ਰਿਸ਼ਨ ਸਿੰਘ 'ਸੁੰਮਨ' ਮਾਤਾ ਠਾਕੁਰ ਕੌਰ ਦੇ ਘਰ 12 ਜਨਵਰੀ 1933 ਨੂੰ ਹੋਇਆ। ਮੇਰੇ ਪਿਤਾ ਜੀ ਇਕ ਵੱਡੇ ਪਰਿਵਾਰ ਦਾ ਗੁਜ਼ਾਰਾ ਬੜੀ ਮਿਹਨਤ ਨਾਲ ਚਲਾਉਂਦੇ। ਮੇਰਾ ਬਚਪਨ ਕੱਚੀਆਂ ਕੰਧਾਂ, ਘੁੱਪ ਹਨੇਰਾ ਤੇ ਗਰੀਬੀ ਦੇ ਸਾਏ ਹੇਠ ਬਤੀਤ ਹੋਇਆ। ਮੇਰੇ ਪਿਤਾ ਜੀ ਬੜੇ ਰਹਿਮ ਦਿਲ ਅਤੇ ਪ੍ਰਮਾਤਮਾ ਵਿਚ ਵਿਸ਼ਵਾਸ਼ ਰੱਖਣ ਵਾਲੇ ਸਨ। ਮੇਰੇ ਮਾਤਾ ਜੀ ਬੜੀ ਤੀਬਰ ਬੁੱਧੀ ਅਤੇ ਪ੍ਰਭਾਵਸ਼ਾਲੀ ਸ਼ਖਸੀਅਤ ਸਨ। ਕਿਸੇ ਵੀ ਕੰਮ ਲਈ ਲੋਕ ਉਨ੍ਹਾਂ ਤੋਂ ਸਲਾਹ ਲੈਂਦੇ ਸਨ। ਮੇਰੀ ਲਗਨ ਵੀ ਬਚਪਨ ਵਿਚ ਹੀ ਪ੍ਰਮਾਤਮਾ ਵੱਲ ਲੱਗ ਗਈ। ਇਲਾਕੇ ਦੇ ਗਿਰਦ, ਮੰਦਰ, ਮਸਜਿਦ, ਗੁਰਦੁਆਰੇ ਵਿਚ ਜਾਂਦਾ, ਧਾਰਮਿਕ ਪ੍ਰਵਚਨ ਸੁਣਦਾ। ਧਾਰਮਿਕ ਗੀਤ ਅਤੇ ਗੁਰਬਾਣੀ ਸੁਣਦੇ ਸੁਣਦੇ ਮੈਂ ਨੌਂ ਸਾਲ ਦੀ ਉਮਰ ਵਿਚ ਆਪ ਗੀਤ ਲਿਖ ਕੇ ਗਾਉਣ ਲੱਗ ਪਿਆ ਸੀ।

ਰਾਮਗੜ੍ਹੀਆ ਹਾਈ ਸਕੂਲ ਤੋਂ ਦਸਵੀਂ ਪਾਸ ਕਰਕੇ ਸੰਨ 1950 ਵਿਚ ਦਿੱਲੀ ਜਾ ਕੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵਿਚ ਨੌਕਰੀ ਕਰ ਲਈ। ਮੈਨੂੰ ਪੰਜਾਬੀ, ਉਰਦੂ ਅਤੇ ਫਾਰਸੀ ਦਾ ਗਿਆਨ ਸੀ। ਸਾਹਿਤ ਤਾਂ ਪਹਿਲਾਂ ਹੀ ਲਿਖਦਾ ਸੀ। ਪਰ ਦਿੱਲੀ ਜਾ ਕੇ ਬਕਾਇਦਾ ਤੌਰ 'ਤੇ ਮੇਰਾ ਸਾਹਿਤਕ ਸਫ਼ਰ ਸ਼ੁਰੂ ਹੋਇਆ। ਦਿੱਲੀ ਉਘੇ ਸਾਹਿਤਕਾਰਾਂ, ਸੰਗੀਤਕਾਰਾਂ, ਗਾਇਕਾਂ, ਫਨਕਾਰਾਂ ਦਾ ਗੜ੍ਹ ਰਿਹਾ ਹੈ, ਜਿੱਥੇ ਜਾ ਕੇ ਮੈਂ ਵੀ ਜੁੜ ਗਿਆ। ਕਵੀ ਸੰਮੇਲਨਾਂ ਵਿਚ ਹਿੱਸਾ ਲਿਆ। ਗੁਰਬਾਣੀ ਕੀਰਤਨ ਸੁਣਦੇ-ਸੁਣਦੇ ਮੇਰਾ ਸਾਹਿਤ ਵੱਲ ਉਤਸ਼ਾਹ ਵਧਦਾ ਗਿਆ, ਗੁਰੂਘਰਾਂ ਵਿਚ ਕੀਰਤਨ ਦੀ ਸੇਵਾ ਨਿਭਾਈ। ਸਾਹਿਤ ਖੇਤਰ ਵਿਚ ਪੰਡਤ ਲਾਲਾ ਚੰਦ ਮਾਸੂਮ ਚਿਨਿਉਟੀ ਨੂੰ ਉਸਤਾਦ ਮੰਨ ਲਿਆ ਜਿਨ੍ਹਾਂ ਨੇ ਬੜੇ ਪਿਆਰ ਨਾਲ ਸ਼ਾਇਰੀ ਦੇ ਗੁਣ ਸਿਖਾਏ। ਉਪਰੰਤ ਜਿਨ੍ਹਾਂ ਸ਼ਾਇਰਾਂ ਦੀ ਸੰਗਤ ਕੀਤੀ, ਲਾਲ ਚੰਦ ਫਲਕ, ਉਸਤਾਦ ਮਿਲਖੀ ਰਾਮ, ਗਿਆਨ ਚੰਦ ਧਵਨ, ਪੰਡਤ ਕੰਸ ਰਾਜ ਗੌਹਰ, ਡਾ. ਹਰਿਭਜਨ ਸਿੰਘ, ਪ੍ਰੀਤਮ ਸਿੰਘ ਸਫੀਰ, ਅੰਮ੍ਰਿਤ ਦਸੂਹਵੀ, ਚੰਨ ਨਨਕਾਣਵੀ, ਚਾਨਣ ਗੋਬਿੰਦਪੁਰੀ, ਪ੍ਰਕਾਸ਼ ਸਾਥੀ, ਸੰਸਾਰ ਸਿੰਘ ਗਰੀਬ ਆਦਿ ਨਾਲ ਧਾਰਮਿਕ ਅਤੇ ਸਮਾਜਿਕ ਕਵੀ ਦਰਬਾਰ ਨਿਭਾਏ। ਫਿਰ ਸਾਹਿਤ ਮੰਚ ਨੂੰ ਅਧਿਆਤਮਕ ਮੰਚ ਵੱਲ ਤੋਰ ਲਿਆ। ਸੂਫ਼ੀਆਨਾ ਗੀਤ ਗਜ਼ਲਾਂ ਲਿਖ ਕੇ ਗਾਉਣ ਲੱਗ ਪਿਆ। ਸ਼ਾਇਰੀ ਵਿਚ ਲੋਕਾਂ ਦੀ ਗੱਲ ਕੀਤੀ ਅਤੇ ਸਾਹਿਤ ਨੂੰ ਸਮਾਜ ਸੇਵਾ ਦੇ ਲੇਖੇ ਲਾ ਦਿੱਤਾ। ਪੰਜਾਬੀ ਅਤੇ ਹਿੰਦੀ ਵਿਚ ਲਗਭਗ ਡੇਢ ਦਰਜਨ ਪੁਸਤਕਾਂ ਛਪਵਾਈਆਂ। ਮੇਰਾ ਖੇਤਰ ਦਿੱਲੀ ਤੋਂ ਇਲਾਵਾ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਉਤਰ ਪ੍ਰਦੇਸ਼, ਬੰਬਈ ਤੱਕ ਫੈਲ ਗਿਆ। ਹਿੰਦੀ ਫਿਲਮਾਂ ਲਈ ਗੀਤ ਲਿਖੇ ਜਿਨ੍ਹਾਂ ਨੂੰ ਭੁਪਿੰਦਰ, ਮਤਾਲੀ, ਸੁਰੇਸ਼ ਵਾਡੇਕਰ, ਸਾਧਨਾ, ਸਰਗਮ, ਮੁੰਹਮਦ ਅਜੀਜ਼, ਉਦਿਤ ਨਰਾਇਣ, ਕੁਮਾਰ ਸ਼ਾਨੂ, ਅਲਕਾ ਯਾਗਨਿਕ, ਕਵਿਤਾ ਕ੍ਰਿਸ਼ਨਾ ਮੂਰਤੀ, ਅਭੀਜੀਤ, ਸਪਨਾ ਮੁਖਰਜੀ ਆਦਿ ਨੇ ਗਾਇਆ।

ਸੰਨ 1957 ਵਿਚ ਗ੍ਰਹਿ ਮੰਤਰਾਲੇ ਦੇ ਮੁਲਾਜ਼ਮਾਂ ਵਲੋਂ ਸਲਾਨਾ ਕਵਿਤਾ ਮੁਕਾਬਲੇ ਵਿਚ ਹਿੱਸਾ ਲਿਆ। ਪ੍ਰਬੰਧ ਵਿਚ ਵੀ ਕੰਮ ਕੀਤਾ। ਉਦੋਂ ਕਈ ਕਵੀਆਂ ਨਾਲ ਮੁਲਾਕਾਤ ਹੋਈ ਜਿਵੇਂ ਜਿਗਰ ਮੁਰਾਦਬਾਦੀ, ਸਾਗਰ ਨਿਜ਼ਾਮੀ, ਮਖਮੂਰ ਦੇਹਲਵੀ, ਨਰੇਸ਼ ਕੁਮਾਰ ਸ਼ਾਦ, ਗੁਲਜ਼ਾਰ ਦੇਹਲਵੀ, ਹਰਬੰਸ ਰਾਏ ਬਚਨ, ਨੀਰਜ਼, ਅੰਮ੍ਰਿਤਾ ਪ੍ਰੀਤਮ, ਪ੍ਰਭਜੋਤ ਕੌਰ, ਭਾਈਆ ਈਸ਼ਰ ਸਿੰਘ, ਗੁਰਮੁਖ ਸਿੰਘ ਮੁਸਾਫਰ ਆਦਿ। ਮੁਕਾਬਲਿਆਂ ਵਿਚ ਸੰਨ 1958, 1959, 1962 ਵਿਚ ਜੇਤੂ ਰਿਹਾ। ਬਹੁਤ ਸਾਰੀਆਂ ਸਾਹਿਤ ਸਭਾਵਾਂ ਨੇ ਸਨਮਾਨਤ ਵੀ ਕੀਤਾ। ਸੰਨ 1956 ਵਿਚ ਪੰਜਾਬੀ ਕਵੀ ਸਭਾ ਦਿੱਲੀ ਦਾ ਜਨਰਲ ਸਕੱਤਰ ਰਿਹਾ। ਸੰਨ 1958 ਵਿਚ ਹਿੰਦੀ ਮਾਸਿਕ ਰਸਾਲਾ 'ਗੰਗੋਤਰੀ' ਸ਼ੁਰੂ ਕੀਤਾ। ਸੰਨ 1998 ਵਿਚ ਦਿੱਲੀ ਤੋਂ ਤ੍ਰੈਮਾਸਿਕ ਰਸਾਲਾ ਮਮਨਦੀਪ ਸ਼ੁਰੂ ਕੀਤਾ।

ਸੰਨ 1978 ਵਿਚ ਅਮਰੀਕਾ ਪ੍ਰਵਾਜ਼ ਕੀਤਾ। ਲੇਖਣੀ ਦਾ ਸਫ਼ਰ ਜਾਰੀ ਰਿਹਾ। ਗੁਰੂਘਰਾਂ ਵਿਚ ਕੀਰਤਨ ਦੀ ਸੇਵਾ ਨਿਭਾਈ। ਸਾਹਿਤ, ਸਭਿਆਚਾਰਕ, ਧਾਰਮਿਕ ਸੰਸਥਾਵਾਂ ਵਿਚ ਸ਼ਿਰਕਤ ਕੀਤੀ। ਗਾਇਕ ਹਰਭਜਨ ਸਿੰਘ ਭਜਨ ਨਾਲ ਸ਼ਾਨ ਏ ਪੰਜਾਬ ਸੰਗੀਤ ਗਰੁੱਪ ਵਿਚ ਕਈ ਗਾਇਕਾਂ ਨੇ ਮੇਰੇ ਲਿਖੇ ਗੀਤ ਗਾ ਕੇ ਕੈਸਟਾਂ ਕੱਢੀਆਂ, ਜਿਵੇਂ ਸਤਪਾਲ ਸਿੰਘ ਦਿਓਲ, ਸੋਹਣ ਸਿੰਘ ਢੋਲਾ, ਹਰਭਜਨ ਸਿੰਘ ਭਜਨ ਆਦਿ। ਭਾਈਚਾਰਕ ਸੰਸਥਾਵਾਂ ਵਿਚ ਸ਼੍ਰੋਮਣੀ ਕਵੀ ਆਜ਼ਾਦ ਜਲੰਧਰੀ ਵਜੋਂ ਜਾਣ ਲੱਗਾ।

ਅੰਤਿਕਾ :

ਜ਼ਿੰਦਗੀ ਦੇ ਸਫ਼ਰ ਵਿਚ ਸਭ ਸਹਾਰੇ ਛੱਡ ਗਏ।
ਹਮਸਫ਼ਰ ਬਣ ਕੇ ਰਹੀ ਚਲਦੀ ਇਹ ਜੀਵਨ ਭਰ ਕਲਮ।
ਜਦ ਵੀ ਲਿਖਦੀ ਏ ਕਦੇ ਆਜ਼ਾਦ ਇਹ ਰੱਬੀ ਕਲਮ।
ਸ਼ਾਇਰਾਂ ਨੂੰ ਇਹ ਬਣਾ ਦਿੰਦੀ ਏ ਪੈਗੰਬਰ ਕਲਮ। - ਆਜ਼ਾਦ ਜਲੰਧਰੀ

## 5 ਸਤੰਬਰ ਨੂੰ ਗੁਰੂ ਨਾਨਕ ਸਾਹਿਬ ਦੇ ਵਿਆਹ ਪੁਰਬ 'ਤੇ ਵਿਸ਼ੇਸ਼

# ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ

**ਅੰਮ੍ਰਿਤਦੀਪ ਸਿੰਘ ਵੇਰਕਾ**
(ਨਿਸ਼ਾਨ-ਏ-ਸਿੱਖੀ, ਖਡੂਰ ਸਾਹਿਬ)




ਹਰਿ ਪ੍ਰਭਿ ਕਾਜ ਰਚਾਇਆ॥ ਗੁਰਮੁਖਿ ਵੀਆਹਣਿ ਆਇਆ॥

ਸਿੱਖ ਧਰਮ ਭਾਰਤ ਵਿੱਚ ਪੈਦਾ ਹੋਇਆ, ਇਕ ਵਿਗਿਆਨਿਕ ਧਰਮ ਹੈ, ਜਿਸ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਸਿੱਖ ਧਰਮ ਬਾਕੀ ਧਰਮਾਂ ਨਾਲੋਂ ਆਪਣੀ ਇਕ ਨਿਵੇਕਲੀ ਅਤੇ ਨਿਰਮਲ ਪਹਿਚਾਣ ਰੱਖਦਾ ਹੈ। ਜਿਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ, ਉਸ ਸਮੇਂ ਹਿੰਦੂ ਧਰਮ ਵਿੱਚ ਚਾਰ ਵਰਣ ( ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ) ਅਤੇ ਚਾਰ ਆਸ਼ਰਮ ( ਬ੍ਰਹਮਚਾਰਯ, ਗ੍ਰਹਿਸਤ, ਵਾਨਪ੍ਰਸਤ, ਸੰਨਿਆਸ) ਮੰਨੇ ਜਾਂਦੇ ਸਨ, ਜਿੰਨ੍ਹਾਂ ਅਨੁਸਾਰ ਮਨੁੱਖ ਦੀ ਉਮਰ ਸੌ ਸਾਲ ਮੰਨੀ ਜਾਂਦੀ ਸੀ ਅਤੇ ਉਪਦੇਸ਼ ਕੀਤਾ ਜਾਂਦਾ ਸੀ ਕਿ ਜੇਕਰ ਪ੍ਰਮਾਤਮਾ ਨੂੰ ਪਾਉਣਾ ਹੈ ਤਾਂ ਗ੍ਰਹਿਸਤ ਤਿਆਗ ਕੇ ਉਦਾਸੀ ਜੀਵਨ ਧਾਰਨ ਕਰੋ। ਇਸ ਲਈ ਉਸ ਸਮੇਂ ਦੇ ਜੋਗੀ ਘਰ ਪਰਿਵਾਰ ਨੂੰ ਛੱਡ ਕੇ ਜੰਗਲਾਂ ਪਰਬਤਾਂ ਵਿੱਚ ਜਾ ਕੇ ਕਰਾਮਾਤਾਂ ਕਰਦੇ ਅਤੇ ਗ੍ਰਹਿਸਤ ਜੀਵਨ ਨੂੰ ਨਿਕਾਰਦੇ। ਪਰ ਗੁਰੂ ਨਾਨਕ ਦੇਵ ਜੀ ਨੇ ਇਸ ਸਿਧਾਂਤ ਦੀ ਮਨਾਹੀ ਕੀਤੀ। ਗੁਰੂ ਜੀ ਨੇ ਸਿਧਾਂ ਨਾਲ ਹੋਈ ਗੋਸਟਿ ਬਾਣੀ ਸਿਧ ਗੋਸਟਿ ਵਿੱਚ ਸਿਧਾਂ ਨੂੰ ਸਮਝਾਇਆ ਕਿ ਮਨੁੱਖ ਗ੍ਰਹਿਸਤ ਵਿੱਚ ਰਹਿ ਕੇ ਵੀ ਉਦਾਸੀ ਧਾਰਨ ਕਰ ਸਕਦਾ ਹੈ ਭਾਵ ਗ੍ਰਹਿਸਤ ਜੀਵਨ ਬਤਾਉਂਦਾ ਹੋਇਆ ਵੀ ਪ੍ਰਮਾਤਮਾ ਨੂੰ ਪਾ ਸਕਦਾ ਹੈ। ਗੁਰੂ ਜੀ ਨੇ ਫੁਰਮਾਇਆ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਾਗਾਈ ਨੈ ਸਾਣੇ॥
ਸੁਰਤਿ ਸਬਦ ਭਵ ਸਾਗਰੁ ਤਰੀਐ ਨਾਨਕ ਨਾਮ ਵਖਾਣੇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-938)

ਭਾਵ ਕਿ ਜਿਸ ਪ੍ਰਕਾਰ ਪਾਣੀ ਵਿੱਚ ਉਗਿਆ ਹੋਇਆ ਕਮਲ ਦਾ ਫੁੱਲ ਪਾਣੀ ਤੋਂ ਅਭਿਜ ਰਹਿੰਦਾ ਹੈ ਅਤੇ ਨਦੀ ਵਿੱਚ ਤਰਦੀ ਮੁਰਗਾਈ ਦੇ ਖੰਭ ਪਾਣੀ ਨਾਲ ਨਹੀਂ ਭਿੱਜਦੇ, ਇਸੇ ਤਰ੍ਹਾ ਗੁਰੂ ਦੇ ਸਬਦ ਵਿੱਚ ਸੁਰਤਿ ਜੋੜ ਕੇ ਨਾਮ ਜਪਦਿਆਂ ਸੰਸਾਰ ਸਾਗਰ ਤਰ ਸਕੀਦਾ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਉਸ ਸਮੇਂ ਗ੍ਰਹਿਸਤ ਤਿਆਗਣ ਦੇ ਕੋਝੇ ਵਰਤਾਰੇ ਨੂੰ ਨਕਾਰਦਿਆਂ ਗ੍ਰਹਿਸਤ ਵਿੱਚ ਰਹਿੰਦੇ ਹੋਏ ਹੀ ਪ੍ਰਭੂ ਦਾ ਨਾਮ ਜਪ ਕੇ ਪ੍ਰਮਾਤਮਾ ਤੱਕ ਪਹੁੰਚਣ ਦਾ ਸੰਦੇਸ਼ ਦਿੱਤਾ ਅਤੇ ਗੁਰੂ ਨਾਨਕ ਦੇਵ ਜੀ ਦਾ ਆਪਣਾ ਵਿਆਹ ਬਟਾਲਾ ਨਿਵਾਸੀ ਮੂਲ ਚੰਦ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ 24 ਸਤੰਬਰ ਸੰਨ 1487 ਨੂੰ ਹੋਇਆ।

**ਗੁਰੂ ਜੀ ਦੀ ਕੁੜਮਾਈ :-** ਜਦੋਂ ਗੁਰੂ ਜੀ 16 ਸਾਲ ਦੇ ਸਨ ਤਾਂ ਉਸ ਸਮੇਂ ਗੁਰੂ ਜੀ ਸੁਲਤਾਨਪੁਰ ਵਿਖੇ ਆਪਣੀ ਭੈਣ ਬੇਬੇ ਨਾਨਕੀ ਅਤੇ ਬਹਿਨੋਈ ਜੈ ਰਾਮ ਦੇ ਘਰ ਰਹਿੰਦੇ ਅਤੇ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿੱਚ ਕੰਮ ਕਰਦੇ। ਜੈਰਾਮ ਜੀ ਨੂੰ ਆਪਣੇ ਮਹਿਕਮੇ ਦੇ ਕੰਮ ਲਈ ਬਟਾਲੇ ਗੁਰਦਾਸਪੁਰ ਆਦਿ ਇਲਾਕਿਆਂ ਵਿੱਚ ਜਾਣਾ ਪੈਂਦਾ ਸੀ, ਜਿੱਥੇ ਉਹਨਾਂ ਦੀ ਸਾਂਝ ਮੂਲ ਚੰਦ, ਵਾਸੀ ਪੱਖੋ ਕੇ ਰੰਧਾਵਾ ਨਾਲ ਪੈ ਗਈ। ( ਪੱਖੋ ਕੇ ਰੰਧਾਵਾ ਮੂਲ ਚੰਦ ਜੀ ਦਾ ਪੁਰਾਣਾ ਪਿੰਡ ਸੀ।)ਭਾਈ ਜੈ ਰਾਮ ਜੀ ਨੇ ਬਾਬੇ ਨਾਨਕ ਜੀ ਦੇ ਵਿਆਹ ਦੀ ਗੱਲ ਮੂਲ ਚੰਦ ਜੀ ਨਾਲ ਕੀਤੀ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਜ਼ਿਕਰ ਆਉਂਦਾ ਹੈ ਕਿ ਪੱਖੋ ਕੇ ਰੰਧਾਵੇ ਦੇ ਰਹਿਣ ਵਾਲੇ ਮੂਲੇ ਖੱਤਰੀ ਦੇ ਲਾਗੀ ਸੁਲਤਾਨਪੁਰ ਜੈਰਾਮ ਜੀ ਕੋਲ ਸਗਾਈ ਲੈ ਕੇ ਆਏ ਅਤੇ ਭਾਈ ਜੈਰਾਮ ਜੀ ਨੇ ਉਹਨਾਂ ਨੂੰ ਸਤਿਕਾਰ ਨਾਲ ਬਿਠਾਇਆ। ਸਗਾਈ ਦੀ ਖਬਰ ਸੁਣ ਕੇ ਬੇਬੇ ਨਾਨਕੀ ਜੀ ਨੂੰ ਬੜੀ ਖੁਸ਼ੀ ਹੋਈ।

ਪੱਖੋ ਕੇ ਰੰਧਾਵੇ ਗ੍ਰਾਮ ਬਸੈ ਤਹਿ ਮੂਲਾ ਨਾਮ,
ਨੇਗੀ ਲੈ ਸਗਾਈ ਆਏ ਪੁਰਿ ਸੁਲਤਾਨ ਹੈ॥
ਬੂਝਤਿ ਜੈਰਾਮ ਨਾਮ ਆਨਿ ਮਿਲੇ ਧਾਮ ਸੋਊ,
ਭਲੇ ਸਨਮਾਣ ਕੈ ਬੈਸਾਏ ਸੁਭ ਥਾਨ ਹੈਂ॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

**ਤਲਵੰਡੀ ਸੁਨੇਹਾ ਭੇਜਣਾ :-** ਭਾਈ ਜੈ ਰਾਮ ਜੀ ਨੇ ਛੇਤੀ ਹੀ ਇਹ ਖਬਰ ਤਲਵੰਡੀ ਗੁਰੂ ਜੀ ਦੇ ਮਾਤਾ ਪਿਤਾ ਪਾਸ ਪਹੁੰਚਾ ਦਿੱਤੀ ਅਤੇ ਛੇਤੀ ਹੀ ਉਹ ਗੁਰੂ ਜੀ ਦੇ ਨਾਨਾ ਰਾਮਾ ਜੀ, ਨਾਨੀ ਭੈਰਾਈ ਜੀ, ਮਾਮਾ ਕ੍ਰਿਸ਼ਨਾ ਜੀ, ਚਾਚਾ ਲਾਲੂ ਜੀ ਅਤੇ ਹੋਰ ਸੰਬੰਧੀਆਂ ਨੂੰ ਨਾਲ ਲੈ 12 ਮਰਦ ਇਸਤਰੀਆਂ ਸੁਲਤਾਨਪੁਰ ਚੱਲ ਪਏ। ਜਦੋਂ ਸੁਲਤਾਨਪੁਰ ਪਹੁੰਚੇ ਤਾਂ ਭਾਈ ਜੈਰਾਮ ਜੀ ਨੇ ਆਓ ਭਗਤ ਕੀਤੀ ਅਤੇ ਉਹ ਸਾਰੇ ਚੌਕੜ ਰਸਮ ਕਰਨ ਲਈ ਬਟਾਲੇ ਚੱਲ ਪਏ। ਰਸਮ ਕਰਨ ਪਿੱਛੋਂ ਮਹਿਤਾ ਕਾਲੂ ਜੀ ਦੇ ਕਹਿਣ ਤੇ ਭਾਈ ਜੈਰਾਮ ਜੀ ਦੇ ਪਿਤਾ ਪਰਮਾਨੰਦ ਜੀ ਨੇ ਮੂਲ ਚੰਦ ਨਾਲ ਗੱਲ ਕੀਤੀ ਕਿ, ਉ ਕੰਨਿਆ ਅਤੇ ਲਾੜੇ ਦੀ ਉਮਰ ਹੁਣ ਜਵਾਨ ਹੋ ਗਈ ਹੈ।ਰੀਤੀ ਅਨੁਸਾਰ ਠੀਕ ਸਮਝ ਕੇ ਸਾਹਾ ਲਿਖ ਦੇਹੁ।" ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਜ਼ਿਕਰ ਮਿਲਦਾ ਹੈ ਕਿ ਇਹ ਸੁਣ ਕੇ ਮੂਲ ਚੰਦ ਜੀ ਨੇ ਕਿਹਾ ਮੈਂ ਤੁਹਾਡੇ ਬਚਨਾਂ ਨਾਲ ਸਹਿਮਤ ਨਹੀਂ ਹਾਂ ਜਦ ਇਕ ਸਾਲ ਬੀਤ ਜਾਵੇਗਾ ਤਾਂ ਮੈਂ ਆਪ ਤੁਹਾਨੂੰ ਸਾਹਾ ਲਿਖ ਕੇ ਭੇਜ ਦੇਵਾਂਗਾ।

ਸੁਨਿ ਮੂਲੇ ਬਚਨ ਉਚਾਰੇ॥
ਨਹਿ ਮਾਨੋ ਮਨ ਬੈਨ ਤੁਮਾਰੇ॥
ਏਕ ਬਰਸ ਬੀਤੇ ਤਹਿ ਪਾਛੇ॥
ਲਿਖ ਭੇਜੋਂ ਸਾਹਾ ਮੈਂ ਆਛੇ॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਇਸ ਪਿੱਛੋ ਸੁਲਤਾਨ ਪੁਰ ਵਾਪਿਸ ਪਰਤ ਆਏ।

**ਗੁਰੂ ਜੀ ਦਾ ਵਿਆਹ :-** ਮੋਦੀਖਾਨੇ ਦਾ ਕਾਰ ਵਿਹਾਰ ਕਰਦਿਆਂ ਗੁਰੂ ਜੀ ਦੀ ਸਗਾਈ ਹੋਈ ਨੂੰ ਪੂਰਾ ਇਕ ਸਾਲ ਬੀਤ ਗਿਆ ਅਤੇ ਮੂਲ ਚੰਦ ਜੀ ਨੇ ਇਕ ਲਾਗੀ ਹੱਥ ਸਾਹਾ ਲਿਖ ਕੇ ਸੁਲਤਾਨਪੁਰ ਭੇਜ ਦਿੱਤਾ। ਇਹ ਖਬਰ ਸੁਣ ਬੇਬੇ ਨਾਨਕੀ ਅਤੇ ਪਰਿਵਾਰ ਵਿੱਚ ਖੁਸ਼ੀ ਦੀ ਲਹਿਰ ਦੌੜ ਪਈ। ਭਾਈ ਸੰਤੋਖ ਸਿੰਘ ਅਨੁਸਾਰ ਬਰਾਤ ਸੁਲਤਾਨਪੁਰ ਤੋਂ ਬਟਾਲੇ ਵੱਲ ਨੂੰ ਤੁਰੀ। ਬਰਾਤ ਲਈ ਰਾਇ-ਬੁਲਾਰ ਅਤੇ ਦੌਲਤ ਖਾਂ ਨੇ ਸਜਾਏ ਹੋਏ ਹਾਥੀ,ਘੋੜੇ,ਰੱਥ ਆਦਿ ਦਿਤੇ। ਬਰਾਤ ਬਿਆਸ ਨਦੀ ਪਾਰ ਕਰ ਕੇ ਖਡੂਰ, ਵੇਰਕਾ ਆਦਿ ਸਥਾਨਾਂ ਤੇ ਠਹਿਰਾਅ ਕਰਦੀ ਹੋਈ ਬਟਾਲੇ ਪਹੁੰਚੀ। ਬਟਾਲੇ ਵਿਖੇ ਜਿਸ ਸਥਾਨ ਤੇ ਬਰਾਤ ਨੇ ਠਹਿਰਾਅ ਕੀਤਾ, ਉਥੇ ਗੁਰਦੁਆਰਾ ਕੰਧ ਸਾਹਿਬ ਸੁਸ਼ੋਭਿਤ ਹੈ, ਇਹ ਗੁਰਦੁਆਰਾ ਉਸ ਕੰਧ ਦੇ ਨਾਮ ਪੁਰ ਹੈ ਜਿਸ ਕੱਚੀ ਕੰਧ ਹੇਠਾਂ ਗੁਰੂ ਜੀ ਬਿਰਾਜੇ ਸਨ ਅਤੇ ਮੂਲ ਚੰਦ ਦੇ ਸੰਬੰਧੀਆਂ ਵਿੱਚੋਂ ਕਿਸੇ ਇਸਤਰੀ ਨੇ ਗੁਰੂ ਜੀ ਨੂੰ ਕਿਹਾ ਕਿ ਉਇਹ ਕੰਧ ਡਿੱਗਣ ਵਾਲੀ ਹੈ,ਤੁਸੀਂ ਇੱਥੋਂ ਪਰ੍ਹੇ ਹੋ ਜਾਵੋ"।ਤਾਂ ਗੁਰੂ ਜੀ ਨੇ ਜਵਾਬ ਦਿੱਤਾ ਕਿ ਉਇਹ ਕੰਧ ਸਦੀਆਂ ਤੱਕ ਨਹੀਂ ਡਿਗਦੀ" ਅਤੇ ਉਹ ਕੰਧ ਅਜ ਵੀ ਉਸੇ ਪ੍ਰਕਾਰ ਸੀਸੇ ਵਿੱਚ ਸੰਭਾਲ ਕੇ ਰੱਖੀ ਹੋਈ ਹੈ। ਜਿਸ ਸਥਾਨ ਤੇ ਗੁਰੂ ਜੀ ਦੇ ਫੇਰੇ ਹੋਏ ਉਥੇ ਗੁਰਦੁਆਰਾ ਡੇਹਰਾ ਸਾਹਿਬ ਸਥਿਤ ਹੈ ਕਿਉਂ ਕਿ ਇਹ ਮੂਲ ਚੰਦ ਜੀ ਦਾ ਨਿਵਾਸ ਸਥਾਨ ਜਾਂ ਡੇਰਾ ਵੀ ਸੀ। ਕੁਝ ਦਿਨ ਬਟਾਲੇ ਵਿੱਚ ਵਿਆਹ ਦੀਆਂ ਰਸਮ ਰਿਵਾਜਾਂ ਕਰਨ ਪਿਛੋ ਸਾਰੀ ਬਰਾਤ ਵਾਪਿਸ ਸੁਲਤਾਨ ਪੁਰ ਪਰਤ ਆਈ।

ਗੁਰੂ ਜੀ ਦੇ ਵਿਆਹ ਦੀ ਉਮਰ ਸੰਬੰਧੀ ਭਿੰਨ ਭਿੰਨ ਵਿਚਾਰ ਮਿਲਦੇ ਹਨ, ਜਿਵੇਂ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿੱਚ 14 ਸਾਲ, ਮਿਹਰਵਾਨ ਵਾਲੀ ਜਨਮ ਸਾਖੀ ਵਿਚ 16 ਸਾਲ ਅਤੇ ਭਾਈ ਬਾਲੇ ਵਾਲੀ ਜਨਮ ਸਾਖੀ ਵਿੱਚ ਉਹਨਾਂ ਦੀ ਉਮਰ 18 ਸਾਲ ਦੱਸੀ ਹੈ। ਵਿਦਵਾਨਾਂ ਨੇ ਖੋਜ ਅਨੁਸਾਰ ਗੁਰੂ ਜੀ ਦੇ ਵਿਆਹ ਦੀ ਉਮਰ 18 ਸਾਲ ਨੂੰ ਵਧੇਰੇ ਪ੍ਰਮਾਣਿਕ ਮੰਨਿਆ ਹੈ। ਉਹਨਾਂ ਅਨੁਸਾਰ 16-17 ਸਾਲ ਦੀ ਉਮਰ ਵਿੱਚ ਉਹਨਾਂ ਦੀ ਕੁੜਮਾਈ ਹੋਈ ਅਤੇ 18 ਸਾਲ ਦੀ ਉਮਰ ਭਾਵ 24 ਸਤੰਬਰ 1487 ਈ: ਨੂੰ ਉਹਨਾਂ ਦਾ ਵਿਆਹ ਬੀਬੀ ਸੁਲੱਖਣੀ ਜੀ ਨਾਲ ਹੋਇਆ।ਵਿਆਹ ਤੋਂ ਕੁਝ ਸਮਾਂ ਪਿੱਛੋ ਉਹਨਾਂ ਦੇ ਘਰ ਦੋ ਪੁੱਤਰ ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ ਨੇ ਜਨਮ ਲਿਆ।ਇਸ ਪ੍ਰਕਾਰ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਵੀ ਗ੍ਰਹਿਸਤ ਦੇ ਫਰਜ ਨਿਭਾਹੁੰਦੇ ਹੋਏ ਪ੍ਰਮਾਤਮਾ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ।ਭਾਈ ਗੁਰਦਾਸ ਜੀ ਵੀ ਲਿਖਦੇ ਹਨ-

ਗਿਆਨਨ ਮੈ ਗਿਆਨੁ ਅਰੁ ਧਿਆਨਨ ਮੈ ਧਿਆਨ
ਗੁਰ ਸਕਲ ਧਰਮ ਮੈ ਗ੍ਰਿਹਸਤੁ ਪਰਧਾਨ ਹੈ॥

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਗੁਰੂ ਨਾਨਕ ਜੀ ਦੀਆਂ ਯਾਦਗਾਰਾਂ : ਧਰਮਸ਼ਾਲਾਵਾਂ ਬਨਾਮ ਗੁਰਦੁਆਰੇ

**ਸ਼ਮਸ਼ੇਰ ਸਿੰਘ ਅਸ਼ੋਕ**

ਸਿੱਖ ਗੁਰੂਆਂ ਦੀਆਂ ਯਾਦਗਾਰਾਂ ਧਰਮਸ਼ਾਲਾਵਾਂ ਅਥਵਾ ਗੁਰਦੁਆਰੇ ਹਨ। ਇਹ ਧਰਮਸ਼ਾਲਾਵਾਂ ਬਣਾਉਣ ਦੀ ਪ੍ਰਥਾ ਪਹਿਲੇ ਪਹਿਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਲਾਈ ਸੀ, ਜਿਵੇਂ ਕਿ ਭਾਈ ਗੁਰਦਾਸ ਜੀ ਨੇ ਵਾਰਾਂ ਗਯਾਨ ਰਤਨਾਵਲੀ ਵਿਚ ਲਿਖਿਆ ਹੈ:

ਜਿਥੇ ਬਾਬਾ ਪੈਰ ਧਰੇ, ਪੂਜਾ ਆਸਣ ਥਾਪਣ ਸੋਆ।।
ਸਿਧ ਆਸਣ ਸਭ ਜਗਤ ਦੇ, ਨਾਨਕ ਆਦਿ ਮਤੇ ਜੇ ਕੋਆ।।
ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ।।
(ਵਾਰ ਪਹਿਲੀ)

ਗੁਰੂ ਨਾਨਕ ਜੀ ਨੇ ਪਹਿਲੇ ਪਹਿਲ ਜਿਹੜੀ ਧਰਮਸ਼ਾਲਾ ਕਾਇਮ ਕੀਤੀ, ਉਹ ਸੀ ਸੱਜਣ ਠੱਗ ਦੇ ਰਿਹਾਇਸ਼ੀ ਸਥਾਨ ਪਰ ਤੁਲੰਬਾ/ਤੁਲੰਭਾ ਅਥਵਾ ਮਖਦੂਮਪੁਰ ਇਲਾਕਾ ਮੁਲਤਾਨ (ਪਾਕਿਸਤਾਨ) ਦੀ ਧਰਮਸ਼ਾਲਾ, ਜੋ ਉੱਥੇ ਅਜੇ ਤਕ ਉਸੇ ਤਰ੍ਹਾਂ ਕਾਇਮ ਹੈ। ਇਸ ਤੋਂ ਬਾਅਦ ਗੁਰੂ ਸਾਹਿਬ ਦੇਸ਼-ਵਿਦੇਸ਼ ਦੀ ਯਾਤਰਾ ਕਰਦੇ ਹੋਏ ਜਿੱਥੇ ਕਿਤੇ ਵੀ ਗਏ, ਉੱਥੇ ਉਨ੍ਹਾਂ ਦਾ ਸਭ ਤੋਂ ਪਹਿਲਾ ਕੰਮ ਹੁੰਦਾ ਸੀ, ਜਨਤਾ ਵਿਚ ਨਾਮ ਸਿਮਰਨ ਦੀ ਭਾਵਨਾ ਪੈਦਾ ਕਰ ਕੇ ਬਾਕਾਇਦਾ ਕਥਾ-ਕੀਰਤਨ ਲਈ ਧਰਮਸ਼ਾਲਾ ਕਾਇਮ ਕਰਨਾ। ਪਹਿਲਾਂ ਉਨ੍ਹਾਂ ਨੇ ਪੂਰਬੀ ਦੇਸ਼ਾਂ ਦੀ ਯਾਤਰਾ ਸਮੇਂ ਹਰਿਦੁਆਰ, ਬਨਾਰਸ, ਪਟਨੇ, ਗਯਾ, ਕਾਮਰੂਪ ਵਿਚ ਤੇ ਫੇਰ ਉੱਤਰ, ਪੱਛਮ ਤੇ ਦੱਖਣ ਦੇ ਇਲਾਕਿਆਂ ਵਿਚ, ਏਥੋਂ ਤਕ ਕਿ ਹਿੰਦੁਸਤਾਨ ਤੋਂ ਬਾਹਰ ਅਰਬ, ਇਰਾਕ, ਅਫ਼ਗਾਨਿਸਤਾਨ, ਲੰਕਾ, ਚੀਨ ਆਦਿ ਇਲਾਕਿਆਂ ਵਿਚ ਜਿੱਥੇ ਵੀ ਉਹ ਗਏ, ਇਸੇ ਤਰ੍ਹਾਂ ਨਵੇਂ ਤੋਂ ਨਵੇਂ ਸਤਿਸੰਗੀਆਂ ਦੀਆਂ ਜਥੇਬੰਦੀਆਂ ਤੇ ਧਰਮ ਦੇ ਕੇਂਦਰ, ਧਰਮਸ਼ਾਲਾਵਾਂ ਉਨ੍ਹਾਂ ਦੇ ਜੀਵਨ ਦਾ ਅੰਗ ਬਣੀਆਂ ਰਹੀਆਂ। ਬਿਸੀਅਰ ਅਥਵਾ ਬਿਸ਼ਹਿਰ ਦੇਸ ਦੇ ਵਸਨੀਕ ਭਾਈ ਝੰਡੇ ਬਾਢੀ ਨੂੰ ਮੰਜੀ ਦੀ ਬਖਸ਼ਿਸ਼ ਇਸ ਗੱਲ ਦਾ ਚੇਤਾ ਕਰਵਾਉਂਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ ਇਨ੍ਹਾਂ ਯਾਤਰਾਵਾਂ ਅਥਵਾ ਉਦਾਸੀਆਂ ਵਿਚ ਨਾਮ-ਬਾਣੀ ਦੇ ਪ੍ਰਚਾਰ ਲਈ ਥਾਉਂ ਥਾਈਂ ਕੇਂਦਰ ਬਣਾ ਕੇ ਉਨ੍ਹਾਂ ਦੇ ਨਾਲੋ ਨਾਲ ਭਾਈ ਝੰਡੇ ਬਾਢੀ ਜਿਹੇ ਪ੍ਰਚਾਰਕ ਵੀ ਥਾਪਦੇ ਜਾ ਰਹੇ ਸਨ। ਇਸ ਤਰ੍ਹਾਂ ਜੋ ਗੁਰਦੁਆਰੇ ਜਾਂ ਧਰਮਸ਼ਾਲਾਵਾਂ ਬਣਦੀਆਂ ਜਾਂਦੀਆਂ ਸਨ, ਉਨ੍ਹਾਂ ਵਿਚ ਗੁਰੂ ਬਾਬੇ ਦੀ ਹਦਾਇਤ ਦੇ ਮੁਤਾਬਿਕ ਕੀਰਤਨ ਦਾ ਪ੍ਰਵਾਹ ਵੀ ਚਲਦਾ ਜਾਂਦਾ ਸੀ। ਇਸੇ ਕਾਰਨ ਭਾਈ ਗੁਰਦਾਸ ਨੇ ਉਸ ਸਮੇਂ ਦਾ ਹਾਲ ਦਸਦਿਆਂ ਹੋਇਆਂ ਲਿਖਿਆ ਹੈ:

ਗੰਗ ਬਨਾਰਸ ਹਿੰਦੂਆਂ, ਮੁਸਲਮਾਣਾਂ ਮੱਕਾ ਕਾਬਾ।।
ਘਰਿ ਘਰਿ ਬਾਬਾ ਗਾਵੀਐ, ਵੱਜਣ ਤਾਲ ਮ੍ਰਿਦੰਗ ਰਬਾਬਾ।।੩
ਜਾਹਰ ਪੀਰ ਜਗਤ ਗੁਰੁ ਬਾਬਾ।੪।। (ਵਾਰ ੨੪)

ਸ੍ਰੀ ਗੁਰੂ ਨਾਨਕ ਦੇਵ ਜੀ ਨੇ 69 ਵਰ੍ਹਿਆਂ ਤੋਂ ਕੁਝ ਉੱਪਰ ਸਮੇਂ ਵਿਚ ਉੱਤਰ, ਪੂਰਬ, ਪੱਛਮ ਤੇ ਦੱਖਣ ਦੇ ਭਾਰਤੀ ਇਲਾਕਿਆਂ ਦੀ ਯਾਤਰਾ ਕੀਤੀ ਤੇ ਇਸ ਦੌਰਾਨ ਉਹ ਦੇਸ ਤੋਂ ਬਾਹਰ ਤਿੱਬਤ, ਚੀਨ, ਸੰਗਲਾਦੀਪ, ਅਰਬ, ਇਰਾਕ, ਬਲੋਚਿਸਤਾਨ, ਅਫ਼ਗਾਨਿਸਤਾਨ ਆਦਿ ਏਸ਼ੀਆਈ ਦੇਸ਼ਾਂ ਵਿਚ ਵੀ ਗਏ, ਜਿਸ ਦੇ ਪ੍ਰਮਾਣ ਵਜੋਂ ਇਨ੍ਹਾਂ ਦੇਸ਼ਾਂ ਵਿਚ ਉਨ੍ਹਾਂ ਦੇ ਪਵਿੱਤਰ ਸਥਾਨ ਬਣੇ ਹੋਏ ਕਿਸੇ ਨਾ ਕਿਸੇ ਰੂਪ ਵਿਚ ਮਿਲਦੇ ਹਨ ਤੇ ਅਫ਼ਗਾਨਿਸਤਾਨ ਦੀਆਂ ਹੱਦਾਂ ਲੰਘ ਕੇ ਕਈ ਥਾਵੇਂ ਸੋਵੀਅਤ ਰੂਸ ਦੇ ਇਲਾਕਿਆਂ ਵਿਚ ਵੀ ਉਨ੍ਹਾਂ ਦੇ ਯਾਦਗਾਰੀ ਸਥਾਨ ਹਨ। ਇਸ ਦੌਰਾਨ ਸਭ ਤੋਂ ਆਖ਼ਰੀ ਧਰਮਸ਼ਾਲਾ ਜੋ ਉਨ੍ਹਾਂ ਨੇ ਕਾਇਮ ਕੀਤੀ ਉਹ ਦਰਿਆ ਰਾਵੀ ਦੇ ਪਰਲੇ ਕੰਢੇ, ਦੇਹਰਾ ਬਾਬਾ ਨਾਨਕ ਦੇ ਸਾਹਮਣੇ, ਕਰਤਾਰਪੁਰ ਹੈ। ਇੱਥੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਸੰਮਤ 1569 ਬਿਕਰਮੀ ਵਿਚ ਜੋਤੀ ਜੋਤ ਸਮਾਏ ਸਨ।

ਧਰਮਸ਼ਾਲਾ ਜਾਂ ਗੁਰਦੁਆਰਾ ਸਮਾਨ ਅਰਥ ਰੱਖਣ ਵਾਲੇ ਦੋ ਵੱਖੋ ਵੱਖ ਸ਼ਬਦ ਹਨ, ਜਿਨ੍ਹਾਂ ਦਾ ਜੇ ਕੋਈ ਫ਼ਰਕ ਹੈ ਤਾਂ ਉਹ ਕੇਵਲ ਨਾਮ ਮਾਤਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਧਰਮਸ਼ਾਲਾਵਾਂ ਕਾਇਮ ਹੋਣੀਆਂ, ਰੋਜ਼ ਸਵੇਰੇ ਅਤੇ ਸ਼ਾਮ ਨੂੰ ਸਿੱਖਾਂ ਦਾ ਉੱਥੇ ਨਿੱਤ ਨੇਮ ਨਾਲ ਤੰਤੀ ਸਾਜ਼ ਲੈ ਕੇ ਸ਼ਬਦ ਕੀਰਤਨ ਕਰਨਾ, ਰਬਾਬ ਤੇ ਮ੍ਰਿਦੰਗ ਦੀ ਮਧੁਰ ਧੁਨਿ ਉੱਠਣੀ, ਸਤਿਸੰਗੀਆਂ ਦਾ ਇਸ਼ਨਾਨ ਕਰਕੇ ਬਾਣੀ ਦਾ ਪਾਠ ਕਰਦਿਆਂ ਉਸ ਪ੍ਰੇਮ-ਸੰਮੇਲਨ ਵਿਚ ਸ਼ਾਮਲ ਹੋਣਾ ਆਦਿ ਗੱਲਾਂ ਭਾਈ ਗੁਰਦਾਸ ਨੇ ਇਸ਼ਾਰੇ ਵਜੋਂ ਆਪਣੀ ਬਾਣੀ ਵਿਚ ਕਥਨ ਕੀਤੀਆਂ ਹਨ, ਜਿਵੇਂ ਉਹ ਲਿਖਦੇ ਹਨ:

ਕੁਰਬਾਣੀ ਤਿਨ ਗੁਰ ਸਿਖਾਂ, ਪਿਛਲ ਰਾਤੀ ਉਠ ਬਹੰਦੇ।
ਕੁਰਬਾਣੀ ਤਿਨ ਗੁਰ ਸਿਖਾਂ, ਅੰਮ੍ਰਿਤ ਵੇਲੇ ਸਰਿ ਨਾਵੰਦੇ।
ਕੁਰਬਾਣੀ ਤਿਨ ਗੁਰ ਸਿਖਾਂ, ਇਕ ਮਨ ਹੋ ਗੁਰ ਜਾਪ ਜਪੰਦੇ।
ਕੁਰਬਾਣੀ ਤਿਨ ਗੁਰ ਸਿਖਾਂ, ਸਾਧ ਸੰਗਤਿ ਚਲਿ ਜਾਇ ਜੁੜੰਦੇ।
ਕੁਰਬਾਣੀ ਤਿਨ ਗੁਰ ਸਿਖਾਂ, ਗੁਰਬਾਣੀ ਨਿਤ ਗਾਇ ਸੁਣੰਦੇ।
(ਵਾਰ ੧੨, ੨)



ਗੁਰੂ ਨਾਨਕ ਜੀ ਦੀਆਂ ਧਰਮਸ਼ਾਲਾਵਾਂ, ਜੋ ਉਨ੍ਹਾਂ ਨੇ ਆਪ ਕਾਇਮ ਕੀਤੀਆਂ ਜਾਂ ਉਨ੍ਹਾਂ ਤੋਂ ਪਿੱਛੋਂ ਪ੍ਰੇਮੀ ਸਿੱਖਾਂ ਨੇ ਉਨ੍ਹਾਂ ਦਾ ਜੀਵਨ ਪੜ੍ਹ-ਸੁਣ ਕੇ ਉਨ੍ਹਾਂ ਦੀ ਯਾਦ ਵਜੋਂ ਕਾਇਮ ਕੀਤੀਆਂ, ਜੋ ਕ੍ਰਮ ਅਨੁਸਾਰ ਇਉਂ ਹਨ :

(ੳ) ਪੱਛਮੀ ਪੰਜਾਬ (ਪਾਕਿਸਤਾਨ) ਦੀਆਂ ਧਰਮਸ਼ਾਲਾਵਾਂ-

ਜ਼ਿਲ੍ਹਾ ਸ਼ੇਖੂਪੁਰਾ : ਜਨਮ ਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਬਾਲ ਲੀਲਾ, ਪੱਟੀ ਸਾਹਿਬ, ਕਿਆਰਾ ਸਾਹਿਬ, ਮਾਲ ਜੀ ਸਾਹਿਬ, ਤੰਬੂ ਸਾਹਿਬ ਤੇ ਗੁਰਦੁਆਰਾ ਖਰਾ ਸੌਦਾ ਅਥਵਾ ਸੱਚਾ ਸੌਦਾ ਚੂਹੜਕਾਣਾ।

ਲਾਹੌਰ- ਧਰਮਸ਼ਾਲਾ ਗੁਰੂ ਨਾਨਕ; ਗੁਰਦੁਆਰਾ ਪਿੰਡ ਚਾਹਿਲ, ਪਿੰਡ ਖਾਲੜਾ, ਅਮੀ ਸ਼ਾਹ, ਜਾਹਮਣ, ਘਵਿੰਡੀ, ਗੁਰੂਆਣਾ ਪੱਟੀ, ਮਾਲ ਸਾਹਿਬ ਕੰਗਣਪੁਰ, ਮਾਂਗ, ਦਾਤਣ ਸਾਹਿਬ ਆਦਿ।

ਗੁੱਜਰਾਂਵਾਲਾ- ਰੋੜੀ ਸਾਹਿਬ, ਏਮਨਾਬਾਦ, ਚੱਕੀ ਸਾਹਿਬ ਤੇ ਖੂਹ ਭਾਈ

(ਅ) ਪੂਰਬੀ ਪੰਜਾਬ ਤੇ ਭਾਰਤ ਦੇ ਗੁਰਦੁਆਰੇ-

ਗੁਰਦਾਸਪੁਰ : ਗੁਰੂ ਨਾਨਕ ਦਾ ਵਿਆਹ ਸਥਾਨ ਬਟਾਲਾ, ਕੰਧ ਸਾਹਿਬ ਬਟਾਲਾ, ਅਚਲ ਵਟਾਲਾ, ਤੇ ਦੇਹਰਾ/ਡੇਰਾ ਬਾਬਾ ਨਾਨਕ। ਪਿੰਡ ਮਮੂਨ (ਸ੍ਰੀ ਚੰਦ), ਪਿੰਡ ਬਾਰਠ (ਸ੍ਰੀ ਚੰਦ), ਚੋਲਾ ਸਾਹਿਬ, ਦਰਬਾਰ ਕਰਤਾਰਪੁਰ, ਬਾਬੇ ਦੀ ਬੇਰ (ਮਲ੍ਹੇ ਪਿੰਡ ਦੇ ਨੇੜੇ), ਗਾਲੜੀ (ਸ੍ਰੀ ਚੰਦ)।

ਜਲੰਧਰ- ਟਾਹਲੀ ਸਾਹਿਬ, ਦੌਲਤਪੁਰ, ਨਾਨਕਿਆਣਾ ਕਰਤਾਰਪੁਰ।

ਕਪੂਰਥਲਾ- ਸੁਲਤਾਨਪੁਰ ਲੋਧੀ: ਗੁਰਦੁਆਰਾ ਬੇਰ ਸਾਹਿਬ, ਹੱਟ ਸਾਹਿਬ, ਗੁਰੂ ਕਾ ਬਾਗ, ਸੰਤ ਘਾਟ, ਬੀਬੀ ਨਾਨਕੀ ਜੀ ਦੀ ਧਰਮਸ਼ਾਲਾ ਤੇ ਕੋਠੜੀ ਸਾਹਿਬ।

ਲੁਧਿਆਣਾ : ਲੁਧਿਆਣੇ ਸ਼ਹਿਰ ਵਿਚ ਗਊ ਘਾਟ ਦੇ ਮਹੱਲੇ, ਠਕਰ ਵਾਲ।

ਅੰਮ੍ਰਿਤਸਰ : ਗੁਰਦੁਆਰਾ ਨਾਨਕਸਰ ਵੇਰਕਾ, ਖਡੂਰ ਸਾਹਿਬ, ਥੰਮ੍ਹ ਸਾਹਿਬ ਉਦੋਕੇ, ਬੇਰ ਬਾਬਾ ਨਾਨਕ ਵੈਰੋ ਕੇ।

ਸਰਸਾ : ਗੁਰਦੁਆਰਾ ਗੁਰੂ ਨਾਨਕ ਸਾਹਿਬ।

ਰੋਪੜ : ਚਰਣ ਕੰਵਲ (ਕੀਰਤਪੁਰ ਸਾਹਿਬ)।

ਕਰਨਾਲ : ਸਿੱਧ ਬਟੀ, ਥਨੇਸਰ, ਸਰਸਵਤੀ (ਪਹੋਆ), ਕਰ੍ਹਾ ਪਿੰਡ, ਚੀਕਾ (ਭਾਗਲ)।

ਕਾਂਗੜਾ : ਜੁਆਲਾਮੁਖੀ।

ਫਿਰੋਜ਼ਪੁਰ : ਨਾਂਗੇ ਦੀ ਸਰਾਇ (ਜਨਮ ਸਥਾਨ ਗੁਰੂ ਅੰਗਦ ਜੀ), ਬਟ ਤੀਰਥ, ਨਾਨਕਸਰ, ਤਖਤੂਪੁਰਾ, ਗੋਬਿੰਦਗੜ੍ਹ (ਦਾਊਧਰ), ਪੱਤੋ।

ਸੰਗਰੂਰ : ਨਾਨਕਿਆਣਾ।

ਸ੍ਰੀਨਗਰ : ਮੱਟਨ ਸਾਹਿਬ।

ਪਟਿਆਲਾ : ਪਿੰਡ ਮਨਸੂਰਪੁਰ ਚੁਬਾਰਾ ਸਾਹਿਬ (ਛੀਟਾਂ ਵਾਲਾ), ਗੁਰਦੁਆਰਾ ਸੁਨਾਮ, ਕਮਾਲਪੁਰ, ਪੰਜੌਰ, ਜੌਹੜ ਜੀ।

ਫ਼ਰੀਦਕੋਟ : ਅਕਾਲਗੜ੍ਹ, ਲੱਖੀ ਜੰਗਲ।

ਦਿੱਲੀ : ਟਿੱਲਾ ਮਜਨੂੰ, ਗੁਰਦੁਆਰਾ ਨਾਨਕ ਪਿਆਉ।

ਆਗਰਾ : ਮਾਈ ਥਾਨ, ਮਹੱਲੇ।

ਅਲਮੋੜਾ : ਰੀਠਾ ਸਾਹਿਬ, ਨਾਨਕਮਤਾ।

ਅਜਮੇਰ : ਪੁਸ਼ਕਰ ਤੀਰਥ।

ਇਨ੍ਹਾਂ ਤੋਂ ਬਿਨਾਂ ਹਿੰਦੁਸਤਾਨ ਦੇ ਲਗਭਗ ਹਰੇਕ ਇਲਾਕੇ ਵਿਚ ਅਤੇ ਹਿੰਦੁਸਤਾਨ ਬਾਹਰੋਂ ਗੁਆਂਢੀ ਦੇਸ਼ਾਂ ਵਿਚ ਵੀ, ਜਿਨ੍ਹਾਂ ਵਿਚੋਂ ਅਫ਼ਗਾਨਿਸਤਾਨ, ਬਲੋਚਿਸਤਾਨ, ਤੁਰਕਿਸਤਾਨ, ਸੋਵੀਅਤ ਦੇਸ, ਅਰਬ, ਇਰਾਕ, ਤਿੱਬਤ, ਚੀਨ, ਲੰਕਾ ਆਦਿ ਮਸ਼ਹੂਰ ਹਨ, ਜਿਥੇ ਗੁਰੂ ਨਾਨਕ ਜੀ ਦੇ ਅਨੇਕਾਂ ਸਿਮ੍ਰਤੀ ਚਿੰਨ੍ਹ, ਜੋ ਉਨ੍ਹਾਂ ਦੀ ਵਿਦੇਸ਼ ਯਾਤਰਾ ਦੀ ਗਵਾਹੀ ਦਿੰਦੇ ਹਨ, ਕਿੰਨੇ ਹੀ ਥਾਈਂ ਮਿਲਦੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਜੀ ਕਿੰਨੇ ਵੱਡੇ ਧਰਮ ਪ੍ਰਚਾਰਕ, ਵਿਸ਼ਵ-ਏਕਤਾ ਦੇ ਪ੍ਰਦਰਸ਼ਕ ਅਤੇ ਅਦੁੱਤੀ ਸਮਾਜ ਸੁਧਾਰਕ ਸਨ। ਉਨ੍ਹਾਂ ਦੇ ਪਵਿੱਤਰ ਉਪਦੇਸ਼ਾਂ ਨੂੰ ਨਾ ਕੇਵਲ ਹਿੰਦੁਸਤਾਨ ਹੀ ਅਪਣਾਉਂਦਾ ਸੀ ਸਗੋਂ ਹੋਰ ਦੇਸ਼ ਵੀ ਉਨ੍ਹਾਂ ਦੀ ਅੰਮ੍ਰਿਤ ਭਿੰਨੀ ਬਾਣੀ ਤੋਂ ਅਘਾਉਂਦੇ ਜਾਂ ਰੱਜਦੇ ਨਹੀਂ ਸਨ।

ਗੁਰੂ ਨਾਨਕ ਜੀ ਦੇ ਸਿਮ੍ਰਤੀ ਚਿੰਨ੍ਹ ਗੁਰਦੁਆਰੇ ਜਾਂ ਧਰਮਸ਼ਾਲਾਵਾਂ, ਜਿਨ੍ਹਾਂ ਦੀ ਸਥਾਪਨਾ ਉਨ੍ਹਾਂ ਨੇ ਆਪਣੇ ਸਮੇਂ ਵਿਚ ਕਰਵਾਈ ਜਾਂ ਉਸ ਤੋਂ ਪਿੱਛੋਂ ਹੋਈ, ਕਿਸ ਆਦਰਸ਼ ਦੇ ਪ੍ਰਤੀਕ ਸਨ ਤੇ ਉਨ੍ਹਾਂ ਦੇ ਥਾਪਣ ਦਾ ਅਸਲ ਉਦੇਸ਼ ਕੀ ਸੀ ? ਜੇ ਇਸ ਵਿਚਾਰ ਵੱਲ ਜਾਈਏ ਤਾਂ ਸਾਨੂੰ ਇਸ ਬਾਰੇ ਬਹੁਤ ਸਾਰੇ ਪ੍ਰਮਾਣ ਗੁਰਬਾਣੀ ਤੇ ਪੁਰਾਤਨ ਸਿੱਖ ਸਾਹਿਤ ਵਿਚੋਂ ਸਹਿਜੇ ਹੀ ਮਿਲ ਜਾਂਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਰਾਹੀਂ ਧਰਮਸ਼ਾਲਾ ਨੂੰ ਧਰਮ ਦਾ ਸਥਾਨ ਦੱਸ ਕੇ ਗੁਰਸਿੱਖਾਂ ਦਾ ਉੱਥੇ ਇਕੱਤਰ ਹੋਣਾ, ਇਕ ਦੂਜੇ ਦੇ ਚਰਣੀ ਹੱਥ ਲਾ ਕੇ ਧੂੜੀ ਮੱਥੇ ਉੱਪਰ ਲਾਉਣੀ, ਗੁਰਸਿੱਖਾਂ ਦੇ ਪੈਰ ਧੋਣੇ ਤੇ ਪੱਖਾ ਝੱਲਣ ਦੀ ਸੇਵਾ ਦਾ ਜ਼ਿਕਰ ਕੀਤਾ ਹੈ :

ਮੈ ਬਧੀ ਸਚੁ ਧਰਮਸਾਲ ਹੈ।।
ਗੁਰਸਿਖਾ ਲਹਦਾ ਭਾਲਿ ਕੈ।।
ਪੈਰ ਧੋਵਾ ਪਖਾ ਫੇਰਦਾ।।
ਤਿਸੁ ਨਿਵਿ ਨਿਵਿ ਲਗਾ ਪਾਇ ਜੀਉ।।੧੦।।
(ਸਿਰੀ ਰਾਗੁ ਮਹਲਾ ੫)

ਇਸੇ ਭਾਵ ਨੂੰ ਫੇਰ ਅੱਗੇ ਚੱਲ ਕੇ ਪ੍ਰੇਮ ਭਰੀ ਜੋਦੜੀ ਸਹਿਤ ਇਕ ਥਾਵੇਂ ਇਸ ਤਰ੍ਹਾਂ ਖੋਲ੍ਹ ਕੇ ਦੱਸਿਆ ਹੈ ਤੇ ਪ੍ਰਭੂ ਅੱਗੇ ਧਰਮਸ਼ਾਲਾ ਵਿਚ ਵਾਸਾ ਪਾਉਣ ਲਈ ਬੇਨਤੀ ਕੀਤੀ ਹੈ :

ਹਉ ਮਾਗਉ ਤੁਝੈ ਦਇਆਲੁ, ਕਰਿ ਦਾਸਾ ਗੋਲਿਆ।।
ਨਉ ਨਿਧਿ ਪਾਈ ਰਾਜੁ, ਜੀਵਾ ਬੋਲਿਆ।।
ਅੰਮ੍ਰਿਤੁ ਨਾਮੁ ਨਿਧਾਨੁ, ਦਾਸਾ ਘਰਿ ਘਣਾ।।
ਤਿਨ ਕੈ ਸੰਗਿ ਨਿਹਾਲੁ, ਸ੍ਰਵਣੀ ਜਸੁ ਸੁਣਾ।।
ਕਮਾਵਾ ਤਿਨ ਕੀ ਕਾਰ, ਸਰੀਰੁ ਪਵਿਤੁ ਹੋਇ।।
ਪਖਾ ਪਾਣੀ ਪੀਸਿ, ਬਿਗਸਾ ਪੈਰ ਧੋਇ।।
ਆਪਹੁ ਕਛੂ ਨ ਹੋਇ, ਪ੍ਰਭ ਨਦਰਿ ਨਿਹਾਲੀਐ।।
ਮੋਹਿ ਨਿਰਗੁਣ ਦਿਚੈ ਥਾਉ, ਸੰਤ ਧਰਮਸਾਲੀਐ।।
(ਵਾਰ ਗੂਜਰੀ ੨, ਮਹਲਾ ੫)

ਮੁਹੱਸਨ ਫਾਨੀ ਤੇ ਹੋਰ ਮੁਸਲਮਾਨ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਗੁਰਸਿੱਖੀ ਦਾ ਬਹੁਤਾ ਪ੍ਰਚਾਰ ਹੋਣ ਕਰਕੇ ਧਰਮਸ਼ਾਲਾਵਾਂ ਅਥਵਾ ਧਰਮ ਪ੍ਰਚਾਰ ਦੇ ਕੇਂਦਰ ਨਾ ਕੇਵਲ ਪੰਜਾਬ ਵਿਚ ਹੀ ਸਗੋਂ ਪੰਜਾਬ ਦੀਆਂ ਹੱਦਾਂ ਤੋਂ ਬਾਹਰ ਸਾਰੇ ਹਿੰਦੁਸਤਾਨ ਵਿਚ ਲਗਭਗ ਹਰੇਕ ਥਾਵੇਂ ਫੈਲ ਗਏ ਸਨ ਤੇ ਹਰ ਥਾਵੇਂ ਗੁਰਬਾਣੀ ਦੇ ਸ਼ਬਦ-ਕੀਰਤਨ ਦਾ ਅਖੰਡ ਪ੍ਰਵਾਹ ਚੱਲਣ ਲੱਗ ਪਿਆ ਸੀ। ਇਸੇ ਕਾਰਨ ਭਾਈ ਗੁਰਦਾਸ ਭੱਲੇ ਨੇ, ਜੋ ਉਨ੍ਹਾਂ ਦਾ ਦਰਬਾਰੀ ਲਿਖਾਰੀ ਸੀ, ਆਪਣੀ ਪੁਸਤਕ ਵਾਰਾਂ ਗਿਆਨ ਰਤਨਾਵਲੀ ਵਿਚ ਇਕ ਥਾਵੇਂ ਸਾਫ਼ ਤੇ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ:

ਗੁਰੁ ਸਿਖ ਲਖ ਅਸੰਖ ਜਗਿ,
ਧਰਮਸਾਲ ਥਾਇ ਥਾਇ ਸੁਹਾਯਾ। (ਵਾਰ ੨੩।੨)

ਤੇ ਇੱਥੇ ਹੀ ਬਸ ਨਹੀਂ ਕੀਤੀ ਸਗੋਂ ਭਾਈ ਗੁਰਦਾਸ ਨੇ ਸਿੱਖਾਂ ਦੇ ਉਹ ਸਾਰੇ ਕਰਮ, ਜੋ ਉਹ ਧਰਮਸ਼ਾਲਾ ਵਿਚ ਜਾ ਕੇ ਕਰਦੇ ਹਨ, ਸੰਕੇਤ ਮਾਤਰ ਵੇਰਵਾ ਦੇ ਕੇ ਲਿਖ ਦਿੱਤੇ ਹਨ :

ਧਰਮਸਾਲ ਹੈ ਮਾਨਸਰ ਹੰਸ ਗੁਰ ਸਿੱਖ ਵਾਹ।
ਰਤਨ ਪਦਾਰਥ ਗੁਰ ਸਬਦ ਕਰਿ ਕੀਰਤਨ ਪਾਹ।
(ਵਾਰ ੨੬)

ਅਰਥਾਤ- ਧਰਮਸ਼ਾਲਾ ਅਥਵਾ ਗੁਰਦੁਆਰੇ ਇਕ ਪ੍ਰਕਾਰ ਦੇ ਮਾਨ ਸਰੋਵਰ ਹਨ, ਜਿੱਥੇ ਸਤਿਗੁਰੂ ਦੇ ਹੰਸ ਰੂਪ ਸਿੱਖ ਗੁਰੂ ਸ਼ਬਦ ਰੂਪ ਰਤਨ-ਪਦਾਰਥ ਦਾ ਕੀਰਤਨ ਕਰਕੇ ਰਸ ਚਖਦੇ ਜਾਂ ਰਸ ਮਾਣਦੇ ਹਨ।

ਧਰਮਸਾਲਾ ਉਸ ਸਮੇਂ ਕਿਹੋ ਜਿਹੀਆਂ ਹੁੰਦੀਆਂ ਸਨ ਤੇ ਉਨ੍ਹਾਂ ਵਿਚ ਸਤਿਸੰਗੀ ਸਿੱਖ ਪ੍ਰੇਮ-ਭਾਵਨਾ ਸਹਿਤ ਕਿਵੇਂ ਆਉਂਦੇ ਤੇ ਯਥਾ ਸਥਾਨ ਨਿਮਰਤਾ ਸਹਿਤ ਮਿਲ ਬੈਠਦੇ ਸਨ, ਇਹੋ ਗੱਲਾਂ ਭਾਈ ਗੁਰਦਾਸ ਨੇ ਇਕ ਦੋ ਥਾਵੀਂ ਕਬਿੱਤ ਸਵੈਯਾਂ ਵਿਚ ਵੀ ਲਿਖੀਆਂ ਹਨ, ਜਿਵੇਂ ਕਿ ਉਨ੍ਹਾਂ ਦਾ ਕਥਨ ਹੈ:

ਜੈਸੇ ਤੌ ਪਰਾਲ ਮਿਲਿ ਬੈਠਤ ਹੈ ਮਾਨਸਰ,
ਮੁਕਤਾ ਅਮੋਲ ਖਾਇ ਖਾਇ ਬਿਗਸਾਤ ਹੈਂ।
ਜੈਸੇ ਤੌ ਸੁਜਾਨ ਮਿਲਿ ਬੈਠਤ ਹੈ ਪਾਕਸਾਲ,
ਅਨਿਕ ਪ੍ਰਕਾਰ ਵਯੰਜਨਾਦਿ ਰਸ ਖਾਤ ਹੈਂ।
ਜੈਸੇ ਦ੍ਰੁਮ ਛਾਯਾ ਮਿਲਿ ਬੈਠਤ ਅਨੇਕ ਪੰਖੀ,
ਖਾਯ ਫਲ ਮਧੁਰ ਬਚਨ ਕੈ ਸੁਹਾਤ ਹੈ।
ਤੈਸੇ ਗੁਰ ਸਿਖ ਮਿਲਿ ਬੈਠਿ ਧਰਮਸਾਲਾ,
ਸਹਜ ਸਬਦ ਰਸ ਅਮ੍ਰਿਤ ਅਘਾਘ ਹੈ।।
(ਕਬਿੱਤ ਸਵੈਯੇ)

ਸਿੱਖਾਂ ਦੇ ਪ੍ਰਸਿੱਧ ਇਤਿਹਾਸਕਾਰ ਕਵੀ ਭਾਈ ਸੰਤੋਖ ਸਿੰਘ ਜੀ ਨੇ ਗੁਰ ਪ੍ਰਤਾਪ ਸੂਰਜ ਵਿਚ ਇਹ ਦੱਸ ਕੇ ਕਿ ਧਰਮਸ਼ਾਲਾ ਜਿੱਥੇ ਗੁਰ-ਸਿਖ ਨਾਮ-ਬਾਣੀ ਦੇ ਅਭਿਆਸ ਤੇ ਕਥਾ-ਕੀਰਤਨ ਲਈ ਮਿਲ ਬੈਠਣ, ਅਤਿਅੰਤ ਸੁੰਦਰ ਤੇ ਸਾਫ ਸੁਥਰੀ ਹੋਣੀ ਅਤਿ ਜ਼ਰੂਰੀ ਹੈ ਤੇ ਉਸ ਦੀ ਸੇਵਾ-ਸੰਭਾਲ ਤੇ ਆਈਆਂ ਸੰਗਤਾਂ ਦੀ ਪ੍ਰਸਾਦ ਪਾਣੀ ਦੀ ਸੇਵਾ ਲਈ ਕਿਸੇ ਯੋਗ ਵਿਅਕਤੀ ਦਾ ਬਤੌਰ ਸੇਵਾਦਾਰ ਦੇ ਨਿਯੁਕਤ ਹੋਣਾ ਹੋਰ ਲੋੜੀਂਦੀ ਗੱਲ ਹੈ। ਆਪਣੀ ਰਾਇ ਇਸ ਤਰ੍ਹਾਂ ਪ੍ਰਗਟ ਕਰ ਦਿੱਤੀ ਹੈ:

ਜਿਸ ਮਹਿ ਯਥਾ ਸਕਤਿ ਹੈ ਆਵੈ।
ਧਰਮ ਸਾਲ ਸੁੰਦਰ ਬਣਵਾਵੈ।
ਤਿਸ ਮੈ ਰਾਖੇ ਸਿੱਖ ਟਿਕਾਇ।
ਪੰਥੀ ਕੌ ਭੋਜਨ ਮਿਲ ਜਾਇ।।
(ਗੁ. ਪ੍ਰ. ਸੂ. ਰਾਸਿ ੧, ਅਧਿ: ੬੪)

ਧਰਮਸ਼ਾਲਾ ਅਥਵਾ ਗੁਰਦੁਆਰੇ ਦਾ ਉਹ ਸੇਵਾਦਾਰ ਜਾਂ ਗ੍ਰੰਥੀ ਕਿਹੋ ਜਿਹਾ ਹੋਵੇ, ਇਸ ਬਾਰੇ ਰਹਿਤਨਾਮਾ ਭਾਈ ਚੌਪਾ ਸਿੰਘ ਦੇ ਇਹ ਵਾਕ ਖਾਸ ਤੌਰ 'ਤੇ ਵਿਚਾਰਨਯੋਗ ਹਨ, ਜੋ ਇਹ ਹਨ:

"ਧਰਮ ਸਾਲੀਆ ਪੀਰ ਔਰ ਮਸੰਦ ਨਾ ਬਣੇ।
ਗੁਰੂ ਕਾ ਸਿਖ ਜੋ ਧਰਮ ਸਾਲੀਆ ਹੋਵੈ ਸੋ ਕੈਸਾ ਹੋਵੈ ?
ਨਿਰਲੋਭੀ, ਜਤੀ ਸਤੀ, ਪਰਸੁਆਰਥੀ, ਧੀਰਜੀ, ਉਦਾਰ, ਦਯਾਵਾਨ, ਤਪੀਆ, ਆਨੰਦੀ, ਰਹਿਤਵਾਨ, ਮਤਸਰ ਬਿਨਾ, ਪੜਦੇ ਕੱਜੂ, ਸੁਚੇਤ, ਦੇਹ ਪਵਿਤ੍ਰ, ਟਹਿਲ ਕਰੇ, ਵੰਡ ਖਾਏ, ਪਰਦੇਸੀ ਸਿਖ ਦੀ ਚੀਜ਼ ਵਸਤੂ ਦੀ ਸੁਚੇਤੀ ਰਖੇ, ਦਰਦਵੰਦ ਹੋਵੇ, ਜਿਸ ਵਿਚ ਇਹ ਗੁਣ ਹੋਣ ਉਹ ਧਰਮਸਾਲੀਆ ਹੋਵੇ।"
(ਰਹਿਤ ਨਾਮਾ ਭਾਈ ਚੌਪਾ ਸਿੰਘ)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚੂੰਕਿ ਪਹਿਲੇ ਪਹਿਲ ਪਿੰਡ ਤੁਲੰਭਾ (ਮੁਲਤਾਨ) ਦੇ ਸਥਾਨ ਸੱਜਣ ਠੱਗ ਦੇ ਘਰ ਪਰ ਧਰਮਸ਼ਾਲਾ ਸਥਾਪਨ ਕੀਤੀ, ਜੋ ਪੁਰਾਤਨ ਜਨਮ ਸਾਖੀ ਦੇ ਕਥਨ ਅਨੁਸਾਰ ਪਹਿਲੀ ਧਰਮਸ਼ਾਲਾ ਸੀ ਤੇ ਫੇਰ ਦੂਜੀ ਤੀਜੀ ਧਰਮਸ਼ਾਲਾ ਝੰਡੇ ਬਾਢੀ ਨੂੰ ਮੰਜੀ ਦੇ ਕੇ ਬਿਸ਼ਹਿਰ ਅਤੇ ਰਾਵੀਓਂ ਪਾਰ ਕਰਤਾਰਪੁਰ ਕਾਇਮ ਕੀਤੀ, ਇਸ ਲਈ ਧਰਮਸ਼ਾਲਾ ਪ੍ਰਣਾਲੀ ਦੇ ਪ੍ਰਮੁੱਖ ਆਗੂ ਹੋਣ ਕਰਕੇ ਉਨ੍ਹਾਂ ਦੇ ਇਸ ਬਾਰੇ ਕੀ ਵਿਚਾਰ ਸਨ, ਉਹ ਜਨਮ ਸਾਖੀ ਗੁਰੂ ਨਾਨਕ (ਭਾਈ ਪੈੜਾ ਮੋਖਾ) ਦੇ ਕਥਨ ਅਨੁਸਾਰ ਇਸ ਪ੍ਰਕਾਰ ਹਨ:

"ਸ੍ਰੀ ਗੁਰੂ ਨਾਨਕ ਦੇਵ ਜੀ ਬਚਨ ਕਰਤੇ ਹੈਂ ਹਰ ਇਕ ਧਰਮਸਾਲਾ ਮੈ ਕੋਈ ਮਾਨੁਖ ਸੇਵਾ ਕਰੈਗਾ, ਜਲ ਭਰੈਗਾ; ਧਰਮਸਾਲਾ ਮੈ ਦੀਪਕ ਜਗਾਵੈਗਾ; ਝਾੜੂ ਕਰੈਗਾ, ਉਸ ਦਾ ਮਨ ਨਿਰਮਲ ਹੋਵੇਗਾ, ਪਾਪ ਦੂਰਿ ਹੋਵਨਿਗੇ, ਅੰਤ ਸਮੇਂ ਸਦਗਤਿ ਕਾ ਅਧਿਕਾਰੀ ਹੋਵੇਗਾ, ਸਤਿਨਾਮੁ ਸਿਮਰੈਗਾ, ਸੋ ਸਰਬ ਸੁਖਾਂ ਕਾ ਅਧਿਕਾਰੀ ਹੋਵੇਗਾ।"
(ਜਨਮ ਸਾਖੀ ਗੁਰੂ ਨਾਨਕ)

ਗੁਰੂ ਨਾਨਕ ਜੀ ਚੂੰਕਿ ਸ਼ੁਰੂ ਤੋਂ ਹੀ ਸਵਤੰਤਰ ਵਿਚਾਰਾਂ ਦੇ ਮਾਲਿਕ ਸਨ। ਅਜਿਹੇ ਸਵਤੰਤਰ ਵਿਚਾਰਾਂ ਵਾਲੇ ਕਿ ਦਿਮਾਗ਼ੀ ਗੁਲਾਮੀ ਦੇ ਖਿਆਲ ਉਨ੍ਹਾਂ ਨੂੰ ਛੁਹ ਤਕ ਨਹੀਂ ਗਏ ਸਨ, ਜਿਸ ਕਰਕੇ ਇਕ ਅਕਾਲ ਪੁਰਖ ਤੋਂ ਛੁੱਟ ਹੋਰ ਕਿਸੇ ਵੀ ਦੇਵੀ-ਦੇਵਤਾ ਦੀ ਪੂਜਾ ਕਰਨਾ, ਉਨ੍ਹਾਂ ਦੀਆਂ ਨਜ਼ਰਾਂ ਵਿਚ ਕੁਫਰ ਸੀ ਤੇ ਉਹ ਇਸੇ ਕਾਰਨ ਕਿਸੇ ਦੇਵੀ-ਦੇਵਤਾ ਜਾਂ ਬੰਦੇ ਦੇ ਗੁਲਾਮ ਬਣਨਾ ਅਥਵਾ ਆਪਣੇ ਸ਼ਰਧਾਲੂਆਂ ਨੂੰ ਅਜਿਹਾ ਗੁਲਾਮੀ ਦਾ ਉਪਦੇਸ਼ ਦੇਣਾ ਉੱਕਾ ਹੀ ਪਸੰਦ ਨਹੀਂ ਸਨ ਕਰਦੇ, ਜਿਸ ਕਰਕੇ ਉਹ ਕਦੇ ਕਿਸੇ ਦੇ ਗੁਲਾਮ ਨਾ ਬਣੇ ਤੇ ਹਮੇਸ਼ਾਂ ਸਵਤੰਤਰ ਰਹਿ ਕੇ ਵਿਚਰਦੇ ਰਹੇ। ਦੇਸ ਵਿਚ ਥਾਉਂ ਥਾਈਂ ਧਰਮਾਸ਼ਾਲਾਵਾਂ ਸਥਾਪਨ ਕਰਕੇ ਉਨ੍ਹਾਂ ਦਾ ਉਦੇਸ਼ ਇਹੋ ਸਵਤੰਤਰਤਾ ਦਾ ਸੰਦੇਸ਼ ਦੇਣਾ ਸੀ।

# ਚੋਰੀ ਦਾ ਗੋਸ਼ਤ

**ਪਰਮਜੀਤ ਸਿੰਘ ਕੁਠਾਲਾ**

ਲੋਕਾਂ ਦੇ ਘਰੀਂ ਚੁੱਲ੍ਹਿਆਂ ਉੱਤੇ ਚੜ੍ਹੇ ਪਤੀਲਿਆਂ ਦੇ ਢੱਕਣ ਚੁੱਕ ਚੁੱਕ ਅਤੇ ਫਰਿੱਜਾਂ ਵਿੱਚੋਂ ਬੀਫ ਲੱਭਦੇ ਟੋਲਿਆਂ ਦੀਆਂ ਟੈਲੀਵਿਯਨ ਉੱਪਰ ਚਲਦੀਆਂ ਤਸਵੀਰਾਂ ਵੇਖ ਕੇ ਮੇਰਾ ਅੰਦਰ ਕੰਬਣ ਲੱਗ ਜਾਂਦਾ। ਰਸਤੇ ਵਿੱਚ ਤੁਰੇ ਜਾਂਦੇ ਕਿਸੇ ਮੁਸਲਿਮ ਭਰਾ ਦੇ ਝੋਲੇ ਵਿੱਚੋਂ ਗੋਸ਼ਤ ਮਿਲਣ ਉੱਤੇ ਚਾਂਭਲੀ ਭੀੜ ਸ਼ਰੇਆਮ ਕੁੱਟ ਮਾਰ ਕਰਦੀ ਟੈਲੀਵੀਯਨ ਉੱਤੇ ਬਾਰ ਬਾਰ ਦਿਖਾਈ ਜਾਂਦੀ। ਮੇਰੀਆਂ ਅੱਖਾਂ ਸਾਹਮਣੇ ਦਹਾਕਿਆਂ ਪਹਿਲਾਂ ਆਪਣੇ ਗੁਆਂਢੀਆਂ ਵੱਲੋਂ ਮਿਲ ਕੇ ਬਣਾਏ ਅਤੇ ਪਕਾਏ ਜਾਂਦੇ ਗੋਸ਼ਤ ਦਾ ਬਿਰਤਾਂਤ ਘੁੰਮਣ ਲਗਦਾ। ਮੇਰੀ ਮਾਂ ਨੇ ਸਾਰੀ ਜ਼ਿੰਦਗੀ ਨਾ ਮੀਟ ਖਾਧਾ ਅਤੇ ਨਾ ਕਦੇ ਪਕਾਇਆ ਸੀ। ਇੱਥੋਂ ਤੱਕ ਕਿ ਉਹ ਮੀਟ ਵਾਲੇ ਭਾਂਡੇ ਨੂੰ ਮਾਂਜਣਾ ਤਾਂ ਦੂਰ, ਕਦੇ ਹੱਥ ਵੀ ਨਾ ਲਾਉਂਦੀ। ਪਰ ਵਿਹਲਾ ਬਾਪੂ ਮਹੀਨੇ ਵੀਹ ਦਿਨ ਪਿੱਛੋਂ ਤਿੱਤਰ ਜਾਂ ਖਰਗੋਸ਼ ਦਾ ਸ਼ਿਕਾਰ ਕਰ ਲਿਆਉਂਦਾ। ਮਿਰਚਾਂ ਰਗੜਨ ਅਤੇ ਲਸਣ ਪਿਆਜ ਛਿੱਲਣ ਤੋਂ ਲੈ ਕੇ ਮੀਟ ਪਕਾਉਣ ਤੱਕ ਦੀ ਸਾਰੀ ਕਾਰਵਾਈ ਉਸ ਨੂੰ ਖੁਦ ਹੀ ਕਰਨੀ ਪੈਂਦੀ। ਚੁੱਲ੍ਹੇ ਤੋਂ ਰਿੱਝੇ ਹੋਏ ਮੀਟ ਦੀ ਪਤੀਲੀ ਲਾਹ ਕੇ ਉਹ ਇੱਕ ਖੂੰਜੇ ਜਾ ਬਹਿੰਦਾ।

"ਐਥੋਂ ਲਿਆ ਬਈ ਦੋ ਕੌਲੀਆਂ ਚੱਕ ਕੇ ਅੱਜ ਥੋਨੂੰ ਸ਼ਿਕਾਰ ਦਾ ਭੋਜਨ ਕਰਾਵਾਂ" ਬਾਪੂ ਰਿੱਝੇ ਹੋਏ ਮੀਟ ਦੇ ਮਸਾਲਿਆਂ ਦੀ ਮਹਿਕ ਵਿੱਚ ਖੀਵਾ ਹੋਇਆ ਮੇਰੀ ਮਾਂ ਨੂੰ ਸੁਣਾ ਕੇ ਸਾਨੂੰ ਦੋਵਾਂ ਭਰਾਵਾਂ ਨੂੰ ਹਾਕ ਮਾਰਦਾ।

ਛਾਬੇ ਵਿੱਚੋਂ ਰੋਟੀਆਂ ਦਾ ਥੱਬਾ ਪਿੱਤਲ ਦੇ ਥਾਲ ਵਿੱਚ ਰੱਖ ਕੇ ਮੈਂ ਤੇ ਮੇਰਾ ਛੋਟਾ ਭਰਾ ਬਾਪੂ ਕੋਲ ਚੌਂਕੜਾ ਮਾਰ ਕੇ ਜਾ ਬਹਿੰਦੇ। ਮਾਂ ਮੂੰਹ ਉੱਤੇ ਚੁੰਨੀ ਲਪੇਟੀ ਬੁੜਬੁੜ ਕਰਦੀ ਆਪਣੇ ਕੰਮ ਧੰਦੇ ਲੱਗੀ ਰਹਿੰਦੀ।

"ਆਪਣੇ ਅਰਗਾ ਮੀਟ ਨੀ ਬਣਾ ਸਕਦਾ ਕੋਈ, ਉਂਗਲੀਆਂ ਚੱਟਣ ਲਾ ਦਈਦੈ।" ਬਾਪੂ ਆਪਣੀ ਤੜਕਾ ਲਾਉਣ ਦੀ ਮੁਹਾਰਤ ਦੀਆਂ ਆਪ ਹੀ ਸਿਫਤਾਂ ਕਰੀ ਜਾਂਦਾ।

"ਲੈ ਆਹ ਖਾਓ, ਇਹਦੇ ਵਿੱਚ ਬਹੁਤ ਤਾਕਤ ਹੁੰਦੀ ਆ।" ਉਹ ਸਾਡੀ ਕੌਲੀ ਵਿੱਚ ਖਰਗੋਸ਼ ਦੀ ਕਲੇਜੀ ਪਾ ਕੇ ਮੀਟ ਦੇ ਫਾਇਦੇ ਗਿਣਨ ਲਗਦਾ। ਗੁਆਂਢੀ ਘਰਾਂ ਅੰਦਰ ਅਕਸਰ ਮੀਟ ਪੱਕਦਾ ਸੀ। ਪਰ ਬਾਪੂ ਉਸ ਮੀਟ ਨੂੰ ਮੁਰਦਾ ਗੋਸ਼ਤ ਦੱਸਦਾ ਕਦੇ ਮੂੰਹ ਨਾ ਲਾਉਂਦਾ। ਅਖੇ ਇਹ ਸਾਰੇ ਘਰ ਮਰੇ ਹੋਏ ਪਸ਼ੂਆਂ ਦਾ ਗੋਸ਼ਤ ਕੱਢ ਕੇ ਮੁਰਦਾਰ ਖਾਂਦੇ ਆ।

ਗਲੀ ਮੁਹੱਲੇ ਦੇ ਬਹੁਤੇ ਘਰ ਪਿੰਡ ਵਿੱਚੋਂ ਮੁਰਦਾ ਪਸ਼ੂ ਚੁੱਕਣ ਦਾ ਪਿਤਾ ਪੁਰਖੀ ਧੰਦਾ ਕਰਦੇ ਸਨ। ਪੀੜ੍ਹੀਆਂ ਤੋਂ ਚੱਲ ਰਹੀ ਰਵਾਇਤ ਮੁਤਾਬਿਕ ਜੀਹਦੇ ਵੀ ਘਰ ਦਾ ਕੋਈ ਪਸ਼ੂ ਮਰ ਜਾਂਦਾ, ਉਹ ਆਪਣੇ ਲਾਗੀ ਦੇ ਘਰ ਸੁਨੇਹਾ ਭੇਜ ਦਿੰਦਾ। ਸੁਨੇਹਾ ਮਿਲਦੇ ਹੀ ਲੋੜ ਮੁਤਾਬਿਕ ਵਿਹੜੇ ਦੇ ਅੱਠ ਦਸ ਬੰਦੇ ਪਿੰਡੋਂ ਦੂਰ ਹੱਡਾਰੋੜੀ ਵਿੱਚ ਖੜ੍ਹੀ ਲੱਕੜ ਦੇ ਪਹੀਆਂ ਵਾਲੀ ਰੇਹੜੀ ਆਪੇ ਖਿੱਚ ਕੇ ਜਿਮੀਂਦਾਰ ਦੇ ਘਰ ਅੱਗੇ ਜਾ ਲਾਉਂਦੇ। ਮਰਨ ਵਾਲੇ ਪਸ਼ੂਆਂ ਵਿੱਚ ਕਈ ਬਾਰ ਬੱਕਰੇ, ਬੱਕਰੀਆਂ, ਭੇਡਾਂ ਤੇ ਭੇਡੂ ਵੀ ਹੁੰਦੇ। ਇਨ੍ਹਾਂ ਪਸ਼ੂਆਂ ਨੂੰ ਵੀ ਸਬੰਧਤ ਲਾਗੀ ਪਰਿਵਾਰ ਇਕੱਠੇ ਹੋ ਕੇ ਹੀ ਨਿਬੇੜਦੇ। ਮਰੇ ਹੋਏ ਬੱਕਰੇ ਜਾਂ ਭੇਡ ਨੂੰ ਇੱਕ ਘਰ ਅੰਦਰ ਲੱਤਾਂ ਬੰਨ੍ਹ ਕੇ ਛਤੀਰ ਨਾਲ ਲਟਕਾ ਲੈਂਦੇ ਤੇ ਸਾਰੇ ਬੰਦੇ ਰਲ ਕੇ ਉਸ ਦੀ ਚਮੜੀ ਉਤਾਰ ਕੇ ਗੋਸ਼ਤ ਪਰਿਵਾਰਾਂ ਵਿੱਚ ਬਰਾਬਰ ਵੰਡ ਲੈਂਦੇ।

ਸਾਡੇ ਗੁਆਂਢੀਆਂ ਦੇ ਹਾਰੇ ਵਿੱਚ ਧੁਖਦੀਆਂ ਪਾਥੀਆਂ ਉੱਤੇ ਤੌੜੀ ਵਿੱਚ ਰਿੱਝਦੇ ਮੀਟ ਦੀ ਬੇਚੈਨ ਕਰਦੀ ਮਹਿਕ ਪਿੰਡ ਵਿੱਚ ਕਿਸੇ ਦੀ ਬੱਕਰੀ ਜਾਂ ਭੇਡ ਮਰਨ ਦੀ ਸੂਚਨਾ ਵੀ ਹੁੰਦੀ। 'ਖਾਇਆ ਪੀਆ ਵੀ ਕਰ, 'ਕੱਲੀਆਂ ਕਿਤਾਬਾਂ ਨੇ ਨੀ ਕੁੱਛ ਦੇਣਾ, ਸਰੀਰ ਵਿੱਚ ਜਾਨ ਵੀ ਚਾਹੀਦੀ ਆ।' ਸਕੂਲ ਵਿੱਚ ਦੌੜ ਵਿੱਚੋਂ ਪਿੱਛੇ ਰਹਿਣ ਉੱਤੇ ਪੀ.ਟੀ. ਮਾਸਟਰ ਹੋਕਰਾ ਮਾਰਦਾ। ਪਰ ਮੁਰਦਾਰ ਗੋਸ਼ਤ ਬਾਰੇ ਬਾਪੂ ਦਾ ਦਿੱਤਾ ਗਿਆਨ ਕਈ ਵਰ੍ਹੇ ਮੈਨੂੰ ਗੁਆਂਢੀਆਂ ਦੇ ਹਾਰੇ ਦੀ ਤੌੜੀ ਦਾ ਚੱਪਣ ਚੁੱਕਣ ਤੋਂ ਵਰਜਦਾ ਰਿਹਾ। ਪੀ.ਟੀ. ਮਾਸਟਰ ਦੀਆਂ ਨਿੱਤ ਪਰੋਟੀਨ ਲੈਣ ਦੀਆਂ ਮੱਤਾਂ ਤੋਂ ਅੱਕ ਕੇ ਬਾਪੂ ਦੇ ਮਰਨ ਪਿੱਛੋਂ ਇੱਕ ਦਿਨ ਮੈਂ ਬਾਪੂ ਦਾ ਦਿੱਤਾ ਗਿਆਨ ਵੀ ਵਿਸਾਰ ਦਿੱਤਾ। ਜਦੋਂ ਵੀ ਗੁਆਂਢੀਆਂ ਦੇ ਹਾਰੇ ਕੋਲੋਂ ਰਿੱਝਦੇ ਗੋਸ਼ਤ ਦੀ ਮਹਿਕ ਆਉਂਦੀ, ਮੈਨੂੰ ਚਾਅ ਚੜ੍ਹ ਜਾਂਦਾ। ਗੁਆਂਢਣ ਤਾਈ ਸਵੇਰੇ ਕੱਖਾਂ ਨੂੰ ਜਾਣ ਤੋਂ ਪਹਿਲਾਂ ਮਿੱਟੀ ਦੀ ਤੌੜੀ ਵਿੱਚ ਮੀਟ ਰਿੱਝਣਾ ਧਰ ਕੇ ਹਾਰੇ ਮੂਹਰੇ ਲਾਈ ਲੋਹੇ ਦੀਆਂ ਪੱਤੀਆਂ ਵਾਲੀ ਖਿੜਕੀ ਨੂੰ ਕੁੰਡੀ ਲਾਕੇ ਵਿੱਚ ਖੁਰਚਣਾ ਫਸਾ ਜਾਂਦੀ. ਤਾਂ ਜੋ ਪਿੱਛੋਂ ਕੋਈ ਕੁੱਤਾ ਬਿੱਲਾ ਤੌੜੀ ਵਿੱਚ ਮੂੰਹ ਨਾ ਮਾਰ ਜਾਵੇ। ਸਕੂਲੋਂ ਅੱਧੀ ਛੁੱਟੀ ਵੇਲੇ ਤੱਕ ਗੁਆਂਢੀਆਂ ਦੇ ਹਾਰੇ ਵਿੱਚ ਰਿੱਝਦਾ ਗੋਸ਼ਤ ਰਿੱਝ ਰਿੱਝ ਕਮਲਾ ਹੋ ਜਾਂਦਾ ਅਤੇ ਮੈਂ ਹਾਰੇ ਦੀ ਕੁੰਢੀ ਖੋਲ੍ਹ ਕੇ ਤੌੜੀ ਵਿੱਚੋਂ ਇੱਕ ਵੱਡਾ ਸਾਰਾ ਕੌਲਾ ਭਰ ਲਿਆਉਂਦਾ। ਕਈ ਬਾਰ ਗੋਸ਼ਤ ਦੀਆਂ ਅੱਧ ਰਿੱਝੀਆਂ ਬੋਟੀਆਂ ਦਾ ਬਕਬਕਾ ਸਵਾਦ ਬਾਪੂ ਦੀਆਂ ਕਹੀਆਂ ਗੱਲਾਂ ਯਾਦ ਕਰਵਾ ਦਿੰਦਾ।

'ਇਹ ਤਾਂ ਕਈ ਬਾਰ ਨਰਮ ਜਿਹੇ ਮੁਰਦਾ ਕੱਟਰੂ ਵੀ ਬਣਾ ਲੈਂਦੇ ਆ, ਸਭ ਨੇ ਕੱਟਰੂਆਂ ਦਾ ਗੋਸ਼ਤ ਤਲ ਕੇ ਅਚਾਰ ਪਾ ਰੱਖਿਆ, ਸਾਰਾ ਸਿਆਲ ਮੌਜ ਨਾਲ ਖਾਂਦੇ ਆ।' ਪਰ ਲਗਾਤਾਰ ਚੋਰੀਓਂ ਮੀਟ ਖਾਣ ਦਾ ਮੇਰਾ ਸਿਲਸਿਲਾ ਲੰਬਾ ਸਮਾਂ ਚਲਦਾ ਰਿਹਾ। ਇੱਕ ਦਿਨ ਤਾਈ ਨੇ ਮੈਨੂੰ ਤੌੜੀ ਵਿੱਚੋਂ ਮੀਟ ਕੱਢਦੇ ਨੂੰ ਰੰਗੇ ਹੱਥੀਂ ਫੜ ਲਿਆ। 'ਤਾਈ ਹਾੜ੍ਹੇ ਹਾੜ੍ਹੇ ਮੇਰੀ ਬੇਬੇ ਨੂੰ ਨਾ ਦੱਸੀਂ, ਤੂੰ ਜਿੰਨੇ ਮਰਜ਼ੀ ਛਿੱਤਰ ਮਾਰ ਲੈ।' ਮੈਂ ਹੱਥ ਬੰਨ੍ਹ ਕੇ ਤਾਈ ਦੀਆਂ ਮਿੰਨਤਾਂ ਕਰਨ ਲੱਗ ਪਿਆ।

'ਰੁੜ੍ਹ ਜਾਣਿਆਂ, ਕੱਚਾ ਈ ਖਾਈ ਜਾਨੈ, ਇਹਨੂੰ ਰਿੱਝ ਤਾਂ ਲੈਣ ਦਿਆ ਕਰ।' ਤਾਈ ਨੇ ਹੱਸਦਿਆਂ ਮੀਟ ਵਾਲਾ ਕੌਲਾ ਵਾਪਸ ਤੌੜੀ ਵਿੱਚ ਉਲੱਦ ਦਿੱਤਾ।

'ਆ ਤੈਨੂੰ ਅਚਾਰ ਦੇਵਾਂ।' ਉਸ ਨੇ ਅੰਦਰ ਸੰਦੂਕ ਹੇਠਾਂ ਕੱਪੜੇ ਨਾਲ ਬੰਨ੍ਹੇ ਘੜੇ ਦਾ ਮੂੰਹ ਖੋਲ੍ਹ ਕੇ ਮੇਰਾ ਕੌਲਾ ਮੀਟ ਦੇ ਅਚਾਰ ਦੀਆਂ ਬੋਟੀਆਂ ਨਾਲ ਭਰ ਦਿੱਤਾ। ਮਸਾਲੇ ਲਾ ਕੇ ਤੇਲ ਵਿੱਚ ਤਲੇ ਮੀਟ ਦਾ ਜ਼ਾਇਕਾ ਅੱਜ ਤੱਕ ਨਹੀਂ ਭੁੱਲਿਆ। ਬੀਫ ਮਾਸ ਦੇ ਨਾਂ ਉੱਤੇ ਹੋ ਰਹੀ ਗੁੰਡਾਗਰਦੀ ਵੇਖ ਕੇ ਦੁਖੀ ਮਨ ਨੂੰ ਸਕੂਨ ਹੈ ਕਿ ਵਿਹੜੇ ਦੇ ਤਕਰੀਬਨ ਹਰ ਘਰ ਵਿੱਚ ਗੋਸ਼ਤ ਰਿੱਝਣ ਦੀ ਕਹਾਣੀ ਅੱਜ ਨਹੀਂ, ਦਹਾਕਿਆਂ ਪਹਿਲਾਂ ਦੀ ਹਕੀਕਤ ਹੈ।

# ਪੁਲਿਸ ਮਹਿਕਮੇ 'ਚ ਬਹੁਤ ਜ਼ਿਆਦਾ ਕੰਮ ਦਾ ਘੜੰਮ ਅਤੇ ਟੈਨਸ਼ਨ

**ਬਲਰਾਜ ਸਿੰਘ ਸਿੱਧੂ**
(ਸਾਬਕਾ ਪੁਲੀਸ ਅਧਿਕਾਰੀ)

ਪੁਲਿਸ ਮਹਿਕਮੇ ਵਿੱਚ ਬਹੁਤ ਜ਼ਿਆਦਾ ਕੰਮ ਦਾ ਘੜੰਮ ਅਤੇ ਟੈਨਸ਼ਨ ਹੈ। ਹਰ ਵੇਲੇ ਦਿਮਾਗ ਉੱਤੇ ਕਿਸੇ ਨਾ ਕਿਸੇ ਗੱਲ ਦਾ ਬੋਝ ਪਿਆ ਰਹਿੰਦਾ ਹੈ। ਪੁਲਿਸ ਦੀ ਪਰੇਸ਼ਾਨੀ ਨੂੰ ਹੋਰ ਵਧਾਉਣ ਲਈ ਪੰਜਾਬ ਵਿੱਚ ਕੋਈ ਨਾ ਕੋਈ ਗੈਰ ਕਾਨੂੰਨੀ ਹਿੰਸਕ ਲਹਿਰ ਚੱਲਦੀ ਹੀ ਰਹਿੰਦੀ ਹੈ। ਪੈਪਸੂ (ਸੰਨ 1948 ਤੋਂ 1956) ਵੇਲੇ ਮਾਲਵੇ ਵਿੱਚ ਖੂੰਖਾਰ ਡਾਕੂਆਂ ਦੇ ਕਈ ਗੈਂਗ ਹੁੰਦੇ ਸਨ। ਉਹ ਬੱਸਾਂ ਵਿੱਚ ਸਫਰ ਕਰ ਰਹੇ ਪੁਲਿਸ ਵਾਲਿਆਂ ਨੂੰ ਪਹਿਚਾਣ ਕੇ ਕਤਲ ਕਰ ਦਿੰਦੇ ਸਨ। ਉਹਨਾਂ ਦਾ ਪਹਿਚਾਨਣ ਦਾ ਸਭ ਤੋਂ ਅਸਾਨ ਢੰਗ ਸਵਾਰੀਆਂ ਦੀਆਂ ਲੱਤਾਂ ਚੈੱਕ ਕਰਨਾ ਹੁੰਦਾ ਸੀ। ਉਹਨਾਂ ਦਿਨਾਂ ਵਿੱਚ ਪੰਜਾਬ ਪੁਲਿਸ ਨਿੱਕਰਾਂ ਪਹਿਨਦੀ ਸੀ ਤੇ ਖੁੱਚਾਂ ਤੱਕ ਘੋੜਸਵਾਰੀ ਵਾਲੀਆਂ ਗਰਮ ਪੱਟੀਆਂ ਬੰਨ੍ਹੀਆਂ ਜਾਂਦੀਆਂ ਸਨ। ਇਸ ਨਾਲ ਲੱਤਾਂ ਦੋ ਰੰਗੀਆਂ ਹੋ ਜਾਂਦੀਆਂ ਸਨ, ਖੁੱਚਾਂ ਤੱਕ ਚਿੱਟੀਆਂ ਤੇ ਬਾਕੀ ਕਾਲੀਆਂ। ਇਸ ਤੋਂ ਬਾਅਦ ਨਕਸਲਬਾੜੀ (ਸੰਨ 1967 ਤੋਂ 1970-71) ਆਏ। ਉਹਨਾਂ ਨੇ ਕਈ ਸਾਲ ਪੁਲਿਸ ਨੂੰ ਗਧੀ-ਗੇੜ ਵਿੱਚ ਪਾਈ ਰੱਖਿਆ। ਉਹ ਵੱਡੇ ਜਗੀਰਦਾਰਾਂ ਅਤੇ ਸਰਮਾਏਦਾਰਾਂ ਦਾ ਕਤਲ ਕਰਦੇ ਸਨ। ਫਿਰ ਪੰਜਾਬ ਵਿੱਚ ਸਭ ਤੋਂ ਖੂਨੀ ਦੌਰ ਸੰਤਾਪ ਦਾ ਸ਼ੁਰੂ ਹੋਇਆ। ਹਜ਼ਾਰਾਂ ਬੇਗੁਨਾਹ ਪੰਜਾਬੀ ਇਸ ਕਾਲੇ ਸਮੇਂ ਦੀ ਭੇਟ ਚੜ੍ਹ ਗਏ। ਸੰਨ 1993 ਤੋਂ ਬਾਅਦ ਪੰਜਾਬ ਵਿੱਚ ਅਮਨ ਸ਼ਾਂਤੀ ਪਰਤੀ ਤਾਂ ਹੁਣ ਨਸ਼ੇ ਦੇ ਸਮਗਲਰਾਂ ਅਤੇ ਗੁੰਡਾ ਗੈਂਗਾਂ (ਗੈਂਗਸਟਰ) ਦੀ ਨਵੀਂ ਬਿਮਾਰੀ ਪੰਜਾਬ ਨੂੰ ਚੰਬੜ ਗਈ ਹੈ। ਖੈਰ, ਹੌਲੀ ਹੌਲੀ ਬਹੁਤੇ ਗੈਂਗਸਟਰ ਜਾਂ ਤਾਂ ਮਾਰੇ ਜਾ ਚੁੱਕੇ ਹਨ ਜਾਂ ਗ੍ਰਿਫਤਾਰ ਕਰ ਲਏ ਗਏ ਹਨ। ਰੱਬ ਅੱਗੇ ਇਹ ਅਰਦਾਸ ਕਰਨੀ ਚਾਹੀਦੀ ਹੈ ਕਿ ਪੰਜਾਬ ਵਿੱਚ ਅਮਨ ਸ਼ਾਂਤੀ ਰਹੇ, ਕੋਈ ਹੋਰ ਮੁਸੀਬਤ ਨਾ ਗਲ ਪੈ ਜਾਵੇ।

ਖੈਰ, ਹਰ ਵੇਲੇ ਟੈਨਸ਼ਨ ਵਿੱਚ ਰਹਿਣ ਵਾਲੀ ਪੁਲਿਸ ਨਾਲ ਵੀ ਕਈ ਵਾਰ ਮਜ਼ਾਕੀਆ ਹਾਦਸੇ ਹੋ ਜਾਂਦੇ ਹਨ। ਹੁਣ ਤਾਂ ਪੜ੍ਹੇ ਲਿਖੇ ਅਫਸਰ-ਮੁਲਾਜ਼ਮ ਭਰਤੀ ਹੋਣ ਕਾਰਨ ਬਹੁਤ ਫਰਕ ਪੈ ਗਿਆ ਹੈ, ਪਰ ਪੁਰਾਣੇ ਸਮੇਂ ਵਿੱਚ ਪੁਲਿਸ ਵਾਲੇ ਮੁਫਤ ਦੀ ਸ਼ਰਾਬ ਪੀਣ ਅਤੇ ਮੁਰਗੇ ਪਾੜਨ ਲਈ ਮਸ਼ਹੂਰ ਹੁੰਦੇ ਸਨ। ਕਹਿੰਦੇ ਹਨ ਇੱਕ ਵਾਰ ਕਿਸੇ ਇਲਾਕੇ ਵਿੱਚ ਚੋਰੀ-ਡਾਕੇ ਦੀਆਂ ਵਾਰਦਾਤਾਂ ਬੇਹੱਦ ਵਧ ਜਾਣ ਕਾਰਨ ਐੱਸ.ਐੱਸ.ਪੀ. ਨੇ ਉਸ ਇਲਾਕੇ ਦਾ ਦੌਰਾ ਰੱਖ ਲਿਆ। ਇੱਕ ਪਿੰਡ ਵਿੱਚ ਉਸ ਨੇ ਲੋਕਾਂ ਨਾਲ ਗੱਲਬਾਤ ਦੌਰਾਨ ਪੁਲਿਸ ਦੀ ਕਾਰਕਰਦਗੀ ਬਾਰੇ ਪੁੱਛਗਿੱਛ ਕੀਤੀ। ਲੋਕਾਂ ਨੇ ਡਰ ਦੇ ਮਾਰੇ ਤੋਤੇ ਵਾਂਗ ਇਲਾਕੇ ਦੇ ਐੱਸ.ਐੱਚ.ਓ. ਦੀਆਂ ਰੱਜ ਕੇ ਝੂਠੀਆਂ ਤਰੀਫਾਂ ਕੀਤੀਆਂ ਕਿ ਇਹੋ ਜਿਹਾ ਨਫੀਸ ਥਾਣੇਦਾਰ ਤਾਂ ਅੱਜ ਤੱਕ ਇਸ ਥਾਣੇ ਵਿੱਚ ਆਇਆ ਹੀ ਨਹੀਂ, ਨਿਰਾ ਦੇਵਤਾ ਹੈ ਦੇਵਤਾ। ਐੱਸ.ਐੱਸ.ਪੀ ਹੈਰਾਨ ਹੋ ਗਿਆ ਕਿ ਇੰਨਾ ਵਧੀਆ ਥਾਣੇਦਾਰ ? ਉਸ ਦੇ ਦੁਬਾਰਾ ਪੁੱਛਣ 'ਤੇ ਕਿ ਥਾਣੇਦਾਰ ਦੇਵਤਾ ਕਿਵੇਂ ਹੋਇਆ ? ਐੱਸ.ਐੱਚ.ਓ. ਦੀਆਂ ਕਰਤੂਤਾਂ ਤੋਂ ਵਾਕਿਫ ਇੱਕ ਮੂੰਹ ਫੱਟ ਪਿੰਡ ਵਾਲਾ ਕਹਿਣ ਲੱਗਾ, "ਸਰ, ਜੋ ਕੁਝ ਵੀ ਭੇਟਾ ਚੜ੍ਹਾਈਏ, ਇਹ ਦੇਵਤੇ ਵਾਂਗ ਮਨਜ਼ੂਰ ਕਰ ਲੈਂਦਾ ਹੈ। ਬਿਲਕੁਲ ਵੀ ਹੀਲ ਹੁੱਜਤ ਨਹੀਂ ਕਰਦਾ।" ਐੱਸ.ਐੱਸ.ਪੀ. ਝੱਟ ਸਮਝ ਗਿਆ ਕਿ ਥਾਣੇਦਾਰ ਮਹਾਂ ਕੁਰੱਪਟ ਹੈ। ਉਸ ਨੇ ਐੱਸ.ਐੱਚ.ਓ. ਨੂੰ ਦਬਕਾ ਮਾਰਿਆ ਕਿ "ਤੂੰ ਇਲਾਕੇ ਵਿੱਚ ਬਿਲਕੁਲ ਵੀ ਗਸ਼ਤ ਨਹੀਂ ਕਰਦਾ, ਇਸੇ ਲਈ ਇੰਨੀਆਂ ਵਾਰਦਾਤਾਂ ਹੋ ਰਹੀਆਂ ਹਨ। ਜੇ ਤੂੰ ਗਸ਼ਤ ਕਰਦਾ ਹੁੰਦਾ ਤਾਂ ਪਿੰਡ ਵਿੱਚ ਇੰਨੇ ਮੁਰਗੇ ਨਾ ਬਾਂਗਾਂ ਦਿੰਦੇ ਫਿਰਦੇ। ਜਿਸ ਇਲਾਕੇ ਵਿੱਚ ਪੁਲਿਸ ਗਸ਼ਤ ਕਰੇ, ਉੱਥੇ ਮੁਰਗੇ ਬਚ ਹੀ ਨਹੀਂ ਸਕਦੇ।"

ਇਸੇ ਤਰ੍ਹਾਂ ਜਲੰਧਰ ਦੇ ਕਿਸੇ ਥਾਣੇ ਵਿੱਚ ਇੱਕ ਅਫਰੀਕਨ ਸਮੱਗਲਰ ਕੋਕੀਨ ਸਮੇਤ ਪਕੜਿਆ ਗਿਆ। ਉਹ ਕਈ ਸਾਲਾਂ ਤੋਂ ਦਿੱਲੀ ਰਹਿ ਰਿਹਾ ਸੀ, ਪਰ ਉਸ ਨੇ ਪਾਖੰਡ ਕਰਨਾ ਸ਼ੁਰੂ ਕਰ ਦਿੱਤਾ ਕਿ ਉਸ ਨੂੰ ਹਿੰਦੀ-ਅੰਗਰੇਜ਼ੀ ਨਹੀਂ ਆਉਂਦੀ। ਸਾਰੇ ਅਫਸਰ ਮੱਥਾ ਮਾਰ ਕੇ ਹਾਰ ਗਏ ਤੇ ਉਹ ਅੱਗੋਂ ਹੋਰ ਹੀ ਪਸ਼ਤੋ ਬੋਲੀ ਜਾਵੇ। ਜਦੋਂ ਸਭ ਦੇ ਹੱਥ ਖੜ੍ਹੇ ਹੋ ਗਏ ਤਾਂ ਥਾਣੇ ਦਾ ਸੰਤਰੀ, ਜੋ ਖੁਦ ਸਿਰੇ ਦਾ ਸ਼ਰਾਬੀ ਸੀ, ਕਹਿਣ ਲੱਗਾ, "ਸਰ, ਸਿਰਫ ਦਸ ਕੁ ਮਿੰਟ ਵਾਸਤੇ ਇਹ ਬੰਦਾ ਮੇਰੇ ਹਵਾਲੇ ਕਰ ਦਿਓ। ਹਿੰਦੀ-ਅੰਗਰੇਜ਼ੀ ਛੱਡੋ, ਜੇ ਇਹ ਸੰਸਾਰ ਦੀਆਂ ਸਾਰੀਆਂ ਬੋਲੀਆਂ ਨਾ ਬੋਲਣ ਲੱਗ ਪਵੇ ਤਾਂ ਨਾਮ ਬਦਲ ਦਿਉ।"

ਖਾੜਕੂਵਾਦ ਦੌਰਾਨ ਕਿਸੇ ਪਿੰਡ ਪੁਲਿਸ ਪਾਰਟੀ ਖਾੜਕੂਆਂ ਦੀ ਖੋਜ ਵਿੱਚ ਤਲਾਸ਼ੀ ਲੈਣ ਲਈ ਗਈ।



ਉਹਨਾਂ ਦਿਨਾਂ ਵਿੱਚ ਅਜਿਹੀਆਂ ਤਲਾਸ਼ੀਆਂ ਆਮ ਹੀ ਚੱਲਦੀਆਂ ਰਹਿੰਦੀਆਂ ਸਨ। ਜਦੋਂ ਪੁਲਿਸ ਬਾਹਰ ਡਿਊਟੀ 'ਤੇ ਜਾਂਦੀ ਹੈ ਤਾਂ ਰੋਟੀ ਦਾ ਪ੍ਰਬੰਧ ਖੁਦ ਹੀ ਕਰਨਾ ਪੈਂਦਾ ਹੈ। ਉਸ ਟੋਲੀ ਦੇ ਇੱਕ ਹਵਾਲਦਾਰ ਅਤੇ ਸਿਪਾਹੀ ਨੇ ਕਿਸੇ ਘਰ ਵਾਲੇ ਦਾ ਰੋਟੀ ਖਵਾਉਣ ਲਈ ਤਰਲਾ ਮਾਰਿਆ। ਪੰਜਾਬੀਆਂ ਦੀ ਇਹ ਮਹਾਨਤਾ ਹੈ ਕਿ ਦਰ ਉੱਤੇ ਆਏ ਕਿਸੇ ਲੋੜਵੰਦ ਨੂੰ ਰੋਟੀ ਪਾਣੀ ਤੋਂ ਘੱਟ ਹੀ ਮੋੜਦੇ ਹਨ। ਘਰ ਵਾਲਿਆਂ ਨੇ ਫਟਾਫਟ ਪੰਜ ਸੱਤ ਪਰੌਂਠੇ, ਦਹੀਂ, ਮੱਖਣ ਅਤੇ ਅਚਾਰ ਨਾਲ ਪਰੋਸ ਦਿੱਤੇ। ਹਵਾਲਦਾਰ ਕੁਝ ਜ਼ਿਆਦਾ ਹੀ ਭੁੱਖੜ ਸੀ, ਉਸ ਨੇ ਝੱਟ ਦੇਣੀ ਮੱਖਣ ਆਪਣੇ ਵੱਲ ਕਰ ਲਿਆ ਤੇ ਦਹੀਂ ਸਿਪਾਹੀ ਵੱਲ ਸਰਕਾ ਦਿੱਤਾ। ਮੱਖਣ ਹੱਥੋਂ ਨਿਕਲਦਾ ਵੇਖ ਕੇ ਸਿਪਾਹੀ ਹਵਾਲਦਾਰ ਦੇ ਗੱਲ ਪੈਣ ਵਾਲਾ ਹੋ ਗਿਆ ਤੇ ਅੱਧ ਦੀ ਮੰਗ ਕੀਤੀ। ਮੱਖਣ ਨੂੰ ਫਟਾਫਟ ਪਰੌਂਠਿਆਂ ਨਾਲ ਲਪੇਟਦਾ ਹੋਇਆ ਹਵਾਲਦਾਰ ਹੱਕ ਨਾਲ ਕਹਿਣ ਲੱਗਾ, "ਗੱਲ ਸੁਣ ਮੇਰੀ ਧਿਆਨ ਨਾਲ। ਮੈਂ ਸੀਨੀਅਰ ਹਾਂ ਤੇ ਤੂੰ ਜੂਨੀਅਰ। ਰੈਂਕ ਮੁਤਾਬਕ ਤਾਂ ਤੇਰਾ ਦਹੀਂ ਵੀ ਨਹੀਂ ਬਣਦਾ, ਸਿਰਫ ਅਚਾਰ ਬਣਦਾ ਹੈ। ਇਹ ਵੀ ਮੈਂ ਰਹਿਮ ਕਰ ਕੇ ਤੈਨੂੰ ਰਿਆਇਤ ਦੇ ਰਿਹਾ ਹਾਂ, ਚੁੱਪ ਕਰ ਕੇ ਖਾ ਲੈ।"

ਫੌਜ, ਸੀ.ਆਰ.ਪੀ. ਅਤੇ ਬੀ.ਐੱਸ.ਐੱਫ ਆਦਿ ਵਿੱਚ ਰੈਂਕ ਮੁਤਾਬਕ ਸਲਾਮ ਵੱਜਦੀ ਹੈ ਤੇ ਪੁਲਿਸ ਵਿੱਚ ਪੋਸਟਿੰਗ ਅਨੁਸਾਰ। ਜੇ ਕੋਈ ਕਿਸੇ ਥਾਣੇ ਦਾ ਐੱਸ.ਐੱਚ.ਓ., ਸਬ ਡਵੀਜ਼ਨ ਦਾ ਡੀ.ਐੱਸ.ਪੀ. ਜਾਂ ਜ਼ਿਲ੍ਹੇ ਦਾ ਐੱਸ.ਐੱਸ.ਪੀ. ਲੱਗਾ ਹੋਇਆ ਹੈ ਤਾਂ ਠਾਹ ਠਾਹ ਸਲਿਊਟ ਵੱਜਣਗੇ। ਪਰ ਜੇ ਕੋਈ ਕਿਸੇ ਦਫਤਰ ਜਾਂ ਗੁੱਠੇ ਲਾਈਨ ਲੱਗਾ ਹੋਇਆ ਹੈ ਤਾਂ ਜੂਨੀਅਰ ਤੋਂ ਜੂਨੀਅਰ ਮੁਲਾਜ਼ਮ ਵੀ ਮੂੰਹ ਫੇਰ ਕੇ ਲੰਘ ਜਾਵੇਗਾ। ਅਫਸਰ ਦੀ ਚੰਗੀ ਤੋਂ ਮਾੜੀ ਥਾਂ ਬਦਲੀ ਹੋਣ 'ਤੇ ਅਧੀਨ ਮੁਲਾਜ਼ਮਾਂ ਦਾ ਵਿਹਾਰ ਝੱਟ ਬਦਲ ਜਾਂਦਾ ਹੈ। ਕਿਸੇ ਥਾਣੇ ਦਾ ਐੱਸ.ਐੱਚ.ਓ. ਡਾਕ ਕੱਢ ਰਿਹਾ ਸੀ। ਮੁਨਸ਼ੀ, ਜੋ ਐੱਸ.ਐੱਚ.ਓ. ਦਾ ਨੰਬਰ ਵੰਨ ਚਮਚਾ ਸੀ, ਹਰ ਕਾਗਜ਼ ਨਾਲ ਬਦਾਮ ਦੀ ਇੱਕ ਗਿਰੀ ਐੱਸ.ਐੱਚ.ਓ. ਦੇ ਮੂੰਹ ਵਿੱਚ ਪਾ ਰਿਹਾ ਸੀ। ਡਾਕ ਕੱਢਦਿਆਂ ਇੱਕ ਖਾਕੀ ਜਿਹਾ ਕਾਗਜ਼ ਆਇਆ ਤਾਂ ਮੁਨਸ਼ੀ ਨੇ ਬਦਾਮ ਆਪਣੇ ਮੂੰਹ ਵਿੱਚ ਸੁੱਟ ਲਿਆ। ਐੱਸ.ਐੱਚ.ਓ. ਨੇ ਗੁੱਸੇ ਨਾਲ ਮੁਨਸ਼ੀ ਵੱਲ ਡੇਲੇ ਕੱਢੇ ਤਾਂ ਉਹ ਅੱਗੋਂ ਹੀਂ ਹੀਂ ਕਰ ਕੇ ਬੋਲਿਆ ਕਿ ਜਨਾਬ ਇਹ ਤੁਹਾਡੀ ਬਦਲੀ ਦੇ ਆਰਡਰ ਹਨ।

ਕਿਤੇ ਕੋਈ ਥਾਣੇਦਾਰ ਵਰਦੀ ਪਾ ਕੇ ਕੱਸੀ ਪਾਰ ਕਰਨ ਲਈ ਖੜ੍ਹਾ ਸੀ। ਪੁਲ ਨਾ ਹੋਣ ਕਾਰਨ ਇੱਕ ਜੱਟ ਨੇ ਕਿਹਾ ਕਿ ਕੋਈ ਗੱਲ ਨਹੀਂ ਹਜ਼ੂਰ, ਮੈਂ ਤੁਹਾਨੂੰ ਮੋਢਿਆਂ 'ਤੇ ਚੁੱਕ ਕੇ ਕੱਸੀ ਪਾਰ ਕਰਵਾ ਦਿੰਦਾ ਹਾਂ। ਅੱਧ ਵਿੱਚ ਜਾ ਕੇ ਜੱਟ ਪੁੱਛਦਾ ਕਿ ਜਨਾਬ ਤੁਸੀਂ ਕਿਸ ਥਾਣੇ ਵਿੱਚ ਲੱਗੇ ਓ ? ਥਾਣੇਦਾਰ ਨੇ ਜਵਾਬ ਦਿੱਤਾ ਕਿ ਮੈਂ ਥਾਣੇ ਵਿੱਚ ਨਹੀਂ, ਚੰਡੀਗੜ੍ਹ ਮੁੱਖ ਦਫਤਰ ਲੱਗਾ ਹੋਇਆ ਹਾਂ। ਜੱਟ ਨੇ ਭਵਾਂ ਕੇ ਥਾਣੇਦਾਰ ਨੂੰ ਪਾਣੀ ਵਿੱਚ ਮਾਰਿਆ, "ਮੈਂ ਸਮਝਿਆ ਕਿਸੇ ਥਾਣੇ ਦਾ ਐੱਸ.ਐੱਚ.ਓ. ਹੈ। ਕਿਤੇ ਸ਼ਰਾਬ ਪਕੜੀ ਗਈ ਤਾਂ ਸਿਫਾਰਸ਼ ਈ ਪਾਵਾਂਗੇ।"

ਸਰਹਾਲੀ ਥਾਣੇ ਵਿੱਚ ਸੁਰਿੰਦਰ ਸਿੰਘ ਨਾਮ ਦਾ ਐੱਸ.ਐੱਚ.ਓ. ਲੱਗਾ ਹੋਇਆ ਸੀ। ਅਨਪੜ੍ਹ ਹੋਣ ਕਾਰਨ ਗੱਡੀਆਂ ਆਦਿ ਬਾਰੇ ਉਸ ਦੀ ਜਾਣਕਾਰੀ ਬਿਲਕੁਲ ਜ਼ੀਰੋ ਸੀ। ਉਸ ਦੀ ਇਸੇ ਕਮਜ਼ੋਰੀ ਦਾ ਲਾਭ ਉਠਾ ਕੇ ਸਰਕਾਰੀ ਜਿਪਸੀ ਦਾ ਡਰਾਈਵਾਰ ਉਸ ਨੂੰ ਰੱਜ ਕੇ ਲੁੱਟਦਾ ਸੀ। ਕਦੀ ਕਹਿਣਾ ਆਹ ਪੁਰਜ਼ਾ ਖਰਾਬ ਹੋ ਗਿਆ, ਕਦੇ ਕਹਿਣਾ ਔਹ ਪੁਰਜ਼ਾ ਖਰਾਬ ਹੋ ਗਿਆ। ਖਾੜਕੂਵਾਦ ਵਿੱਚ ਐੱਸ.ਐੱਚ.ਓ. ਦਾ ਬੁਲੈਟ ਪਰੂਫ ਗੱਡੀ ਤੋਂ ਬਗੈਰ ਸਰਦਾ ਨਹੀਂ ਸੀ, ਇਸ ਲਈ ਪੈਰ 'ਤੇ ਖਰਚਾ ਕਰਨਾ ਪੈਂਦਾ ਸੀ। ਇੱਕ ਦਿਨ ਉਹ ਸਰਹਾਲੀ ਤੋਂ ਪੱਟੀ ਵੱਲ ਜਿਪਸੀ ਭਜਾਈ ਜਾ ਰਹੇ ਸਨ, ਤਾਂ ਗੱਡੀ ਅੱਗੇ ਮੱਝਾਂ ਆ ਗਈਆਂ। ਡਰਾਈਵਰ ਨੇ ਇੱਕ ਦਮ ਬਰੇਕ ਮਾਰੀ ਤੇ ਨਾਲ ਹੀ ਬੁੜਬੁੜਾਇਆ, "ਬਿਮਾਰੀ ਪੈਣੀਆਂ ਨੇ ਮੋਸ਼ਨ ਈ (ਸਪੀਡ) ਤੋੜ ਦਿੱਤਾ।" ਐੱਸ.ਐੱਚ.ਓ. ਦੇ ਕੰਨ ਖੜ੍ਹੇ ਹੋ ਗਏ। ਅੰਗਰੇਜ਼ੀ ਵੱਲੋਂ ਹੱਥ ਤੰਗ ਹੋਣ ਕਾਰਨ ਉਸ ਨੇ ਸਮਝਿਆ ਕਿ ਮੋਸ਼ਨ ਵੀ ਕੋਈ ਪੁਰਜ਼ਾ ਹੈ। ਉਹ ਡਰਾਈਵਰ ਦੀਆਂ ਕਰਤੂਤਾਂ ਤੋਂ ਪਹਿਲਾਂ ਹੀ ਸੜਿਆ ਫੂਕਿਆ ਪਿਆ ਸੀ, ਖਿਝ ਕੇ ਬੋਲਿਆ, "ਉਏ ਭੂਤਨੀ ਦਿਆ, ਹੁਣ ਇਹ ਮੋਸ਼ਨ ਕਿੰਨੇ ਦਾ ਪਵੇਗਾ ?" ਡਰਾਈਵਰ ਫੱਟ ਮੌਕਾ ਸਾਂਭ ਗਿਆ ਤੇ ਐੱਸ.ਐੱਚ.ਓ. ਉੱਤੇ ਅਹਿਸਾਨ ਕਰਦਾ ਹੋਇਆ ਬੋਲਿਆ, "ਜਨਾਬ ਕੋਈ ਪੈਸਾ ਨਹੀਂ ਲੱਗਦਾ, ਮੇਰੇ ਕੋਲ ਕਵਾਟਰ ਵਿੱਚ ਪਹਿਲਾਂ ਹੀ ਇੱਕ ਮੋਸ਼ਨ ਸਪੇਅਰ ਪਿਆ ਹੈ।" ਉਹ ਮੁਫਤ ਵਿੱਚ ਹੀ ਐੱਸ.ਐੱਚ.ਓ. ਤੋਂ ਸ਼ਾਬਾਸ਼ ਲੈ ਗਿਆ।

# ਪੰਜਾਬ ਸਕੂਲ ਸਿੱਖਿਆ ਬੋਰਡ ਦਾ 'ਅੱਜ ਦਾ ਸ਼ਬਦ'

**ਕੇਵਲ ਸਿੰਘ ਧਰਮਪੁਰਾ**
9878801561

ਪੰਚਾਬ ਦੇ ਸਕੂਲਾਂ ਵਿਚ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਹਰ ਰੋਜ਼ ਸਵੇਰ ਦੀ ਸਭਾ ਵਿਚ ਇਕ ਸ਼ਬਦ ਪੰਜਾਬੀ ਦਾ ਅਤੇ ਇੱਕ ਸ਼ਬਦ ਅੰਗਰੇਜ਼ੀ ਦਾ ਵਟਸਐਪ ਦੇ ਜਰੀਏ ਭੇਜਿਆ ਜਾ ਰਿਹਾ ਹੈ। ਅਧਿਆਪਕ ਵਿਦਿਆਰਥੀਆਂ ਨੂੰ ਇਸ ਸ਼ਬਦ ਦਾ ਅਰਥ ਦੱਸਦੇ ਹਨ ਅਤੇ ਉਨ੍ਹਾਂ ਨੂੰ ਇਸ ਸ਼ਬਦ ਦਾ ਇਤਿਹਾਸ ਵੀ ਦੱਸਦੇ ਹਨ। ਇਸ ਸ਼ਬਦ ਦੇ ਨਾਲ ਸਬੰਧਤ ਹੋਰ ਬਹੁਤ ਸਾਰੇ ਸ਼ਬਦ ਵੀ ਚੇਤੇ ਕਰਵਾਏ ਜਾਂਦੇ ਹਨ। ਇਹ ਇੱਕ ਚੰਗਾ ਕਦਮ ਹੈ । ਇਸ ਨਾਲ ਬੱਚੇ ਆਪਣੇ ਸੱਭਿਆਚਾਰ ਨੂੰ ਵੀ ਸਮਝਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਸ਼ਬਦ ਸੰਗ੍ਰਹਿ ਨੂੰ ਦਰੁਸਤ ਕਰਨ ਦਾ ਅਤੇ ਨਵੇਂ ਸ਼ਬਦ ਸਿੱਖਣ ਦਾ ਉਤਸ਼ਾਹ ਮਿਲਦਾ ਹੈ ਜੋ ਕਿ ਅਜੋਕੇ ਵਕਤ ਦੀ ਲੋੜ ਹੈ। ਇਸ ਪ੍ਰਕਿਰਿਆ ਵਿਚ ਇੱਕਲੇ ਵਿਦਿਆਰਥੀ ਹੀ ਸ਼ਾਮਲ ਨਹੀਂ ਸਗੋਂ ਅਧਿਆਪਕ ਵੀ ਕਿਰਿਆਸ਼ੀਲ ਸਮੂਲੀਅਤ ਕਰਦੇ ਹਨ । ਇਥੋਂ ਤੱਕ ਕਿ ਸਿੱਖਿਆ ਵਿਭਾਗ ਦੇ ਵੱਡੇ ਅਫਸਰ ਵੀ ਇਸ ਵਿੱਚ ਸ਼ਾਮਿਲ ਹੋ ਕੇ ਇਸ ਪ੍ਰਕਿਰਿਆ ਨੂੰ ਚਾਰ ਚੰਨ ਲਾਉਂਦੇ ਹਨ। ਮੁਹਿੰਮ ਸਾਨੂੰ ਕੁੱਝ ਨਾ ਕੁੱਝ ਜਰੂਰ ਸਿਖਾਉਂਦੀ ਹੈ। ਜੇ ਅੱਜ ਦੇ ਸ਼ਬਦ ਦੀ ਗੱਲ ਕਰੀਏ ਤਾਂ ਬਹੁਤ ਸਾਰੇ ਸ਼ਬਦ ਅਜਿਹੇ ਵੀ ਹਨ ਜਿਨ੍ਹਾਂ ਤੋਂ ਅਧਿਆਪਕ ਵੀ ਅਣਜਾਣ ਸਨ; ਜਿਵੇਂ ਅਉਧੂ, ਉਨਾਬ, ਆਰਸੀ, ਮਣਾਂ, ਛਮਾਸ, ਖਾਰੀ ਆਦਿ ਸ਼ਬਦ ਸਾਡੇ ਲਈ ਨਵੇਂ ਸਾਬਤ ਹੋਏ। ਕਈ ਅਲਫਾਜ਼ ਸਾਨੂੰ ਆਪਣੇ ਅਤੀਤ ਨਾਲ ਵੀ ਜੋੜਦੇ ਹਨ ਜਿਵੇਂਕਿ ਕਸੀਦਾ, ਪਰਾਗਾ, ਉਖਲੀ, ਹਲ, ਪੰਜਾਲੀ, ਝਲਾਨੀ, ਟਿੰਡ, ਖੂਹ, ਵਿੱਘਾ, ਪੱਤਲ, ਗੋਪੀਆ, ਵਹਿੰਗੀ ਆਦਿ। ਏਸੇ ਤਰ੍ਹਾਂ ਅੰਗਰੇਜ਼ੀ ਦੇ ਸ਼ਬਦ ਵੀ ਸਾਡੇ ਲਈ ਲਾਭਦਾਇਕ ਸਾਬਿਤ ਹੋਏ ਹਨ। ਇੰਗਲਿਸ਼ ਵਿੱਚ ਆਇਆ ਫਰੈਂਚ ਭਾਸ਼ਾ ਦਾ ਸ਼ਬਦ 'ਪਾਓਪੁਅਰੀ' ਕਦੇ ਸੁਣਿਆ ਹੀ ਨਹੀਂ ਸੀ । ਕਈ 'ਫਰਲੋ' ਸ਼ਬਦ ਨੂੰ ਪੰਜਾਬੀ ਦਾ ਹੀ ਸਮਝਦੇ ਸੀ। ਇਹ ਡੱਚ ਭਾਸ਼ਾ 'ਚੋਂ ਨਿਕਲਿਆ ਅੰਗਰੇਜ਼ੀ ਦਾ ਅਲਫਾਜ਼ ਹੈ। ਅੰਗਰੇਜ਼ੀ ਦਾ ਕਿਹੜਾ ਸ਼ਬਦ ਕਿਹੜੇ ਰੂਟ ਸ਼ਬਦ ਤੋਂ ਬਣਿਆ ਹੈ , ਇਹ ਵੀ ਬਹੁਤ ਦਿਲਚਸਪ ਤਰੀਕਿਆਂ ਨਾਲ ਦੱਸਿਆ ਜਾਂਦਾ ਹੈ । ਮੇਰੇ ਨਿੱਜੀ ਤਜਰਬੇ ਮੁਤਾਬਕ ਇਸ ਨਾਲ ਬੱਚਿਆਂ ਅੰਦਰ ਨਵੀਂ ਉਮੀਦ ਪੈਦਾ ਹੁੰਦੀ ਹੈ । ਉਹਨਾਂ ਅੰਦਰ ਇੱਕ ਨਵਾਂ ਚਾਅ ਉਮੜਦਾ ਹੈ। ਕੁਇਜ ਦੌਰਾਨ ਉਨ੍ਹਾਂ ਦਾ ਪੂਰਾ ਧਿਆਨ ਕੇਂਦਰਿਤ ਹੋ ਕੇ ਸਿੱਖਣ ਪ੍ਰਕਿਰਿਆ ਵੱਲ ਲੱਗਦਾ ਹੈ। ਬਿਨਾ ਸ਼ੱਕ ਇਹ ਇੱਕ ਬੜੀ ਵੱਡਮੁੱਲੀ ਕਿਰਿਆ ਹੈ ਜੋ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਚੱਲ ਰਹੀ ਹੈ ਪਰ ਜੇਕਰ ਅਸੀਂ ਚਾਹੁੰਦੇ ਹਾਂ ਕਿ ਇਸ ਦੇ ਸਾਰਥਕ ਨਤੀਜੇ ਸਾਡੇ ਸਾਹਮਣੇ ਆਉਣ ਤਾਂ ਸਾਨੂੰ ਇਸ ਵਿੱਚ ਆਪਣੀ ਬਣਦੀ ਭੂਮਿਕਾ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ। ਚਾਹੇ ਸਾਡਾ ਅਹੁਦਾ ਕੋਈ ਵੀ ਹੈ, ਸਾਨੂੰ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਦੂਜੀ ਗੱਲ ਇਹ ਪ੍ਰਕਿਰਿਆ ਪਾਠਕ੍ਰਮ ਦੇ ਨਾਲ ਨਾਲ ਚੱਲ ਰਹੀ ਹੈ, ਇਸ ਲਈ ਇਸ ਨੂੰ ਓਨਾ ਕੁ ਸਮਾਂ ਦੇਣਾ ਚਾਹੀਦਾ ਹੈ ਜਿੰਨੀ ਕੁ ਲੋੜ ਹੈ। ਅਗਰ ਅਸੀਂ ਬਹੁਤ ਸਾਰਾ ਸਮਾਂ ਇਸ ਕਿਰਿਆ ਵਿਚ ਹੀ ਲਗਾ ਦਿੱਤਾ ਫੇਰ ਪਾਠਕ੍ਰਮ ਪਿੱਛੇ ਰਹਿ ਜਾਵੇਗਾ ਜੋ ਕਿ ਮੁੱਖ ਕਿਰਿਆ ਹੈ। ਸੋ ਉਮੀਦ ਹੈ ਕਿ ਭੱਵਿਖ ਵਿੱਚ ਇਹ ਕਿਰਿਆ ਵਿਭਾਗ ਵੱਲੋਂ ਚਲਦੀ ਰਹੇਗੀ, ਅਸੀਂ ਸਾਰੇ ਆਪਣਾ ਯੋਗਦਾਨ ਪਾਉਂਦੇ ਰਹਾਂਗੇ ਤੇ ਇਸ ਦੇ ਸਾਰਥਕ ਨਤੀਜੇ ਸਾਡੇ ਸਾਹਮਣੇ ਆਉਣਗੇ।

# ਬਾਬਾ ਸੋਹਨ ਸਿੰਘ ਭਕਨਾ ਦਾ ਕਾਲੇ ਪਾਣੀ ਤੋਂ ਆਪਣੀ ਪਤਨੀ ਦੇ ਨਾਂ ਖ਼ਤ

**ਡਾ. ਗੁਰਦੇਵ ਸਿੰਘ ਸਿੱਧੂ**

ਬਾਬਾ ਸੋਹਨ ਸਿੰਘ ਭਕਨਾ ਦਾ ਜਨਮ ਸੰਨ 1873 ਨੂੰ ਪਿੰਡ ਭਕਨਾ ਦੇ ਸਾਹਿਬੇ ਜਾਇਦਾਦ ਕਿਸਾਨ ਕਰਮ ਸਿੰਘ ਦੇ ਘਰ ਹੋਇਆ। ਬਾਲ ਸੋਹਨ ਸਿੰਘ ਨੇ ਅਜੇ ਉਮਰ ਦਾ ਪਹਿਲਾ ਵਰ੍ਹਾ ਵੀ ਪੂਰਾ ਨਹੀਂ ਸੀ ਕੀਤਾ ਕਿ ਉਸ ਦੇ ਸਿਰ ਉੱਪਰੋਂ ਪਿਤਾ ਦਾ ਸਾਇਆ ਉੱਠ ਗਿਆ। ਉਨ੍ਹੀਂ ਦਿਨੀਂ ਬਾਲ ਵਿਆਹ ਦਾ ਰਿਵਾਜ ਆਮ ਸੀ, ਇਸ ਲਈ ਰੱਜੇ ਪੁੱਜੇ ਕਿਸਾਨ ਪਰਿਵਾਰ ਦੇ ਇਸ ਬਾਲ ਦਾ ਛੋਟੀ ਉਮਰ ਵਿੱਚ ਹੀ ਵਿਆਹ ਕਰ ਦਿੱਤਾ ਗਿਆ। ਕੁਸੰਗਤ ਵਿੱਚ ਪੈਣ ਕਾਰਨ ਉਸ ਨੇ ਘਰ ਗ੍ਰਹਿਸਥੀ ਵੱਲ ਬਹੁਤਾ ਧਿਆਨ ਨਾ ਦਿੱਤਾ।

ਸੰਨ 1899 ਵਿੱਚ ਜਦੋਂ ਬਾਬਾ ਕੇਸਰ ਸਿੰਘ ਦੀ ਸੰਗਤ ਕਾਰਨ ਗੱਭਰੂ ਸੋਹਨ ਸਿੰਘ ਸਹੀ ਰਾਹ ਉੱਤੇ ਆਇਆ ਤਾਂ ਉਦੋਂ ਪਰਿਵਾਰ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਿਹਾ ਸੀ। ਘਰੇਲੂ ਆਰਥਿਕਤਾ ਨੂੰ ਠੁੰਮਣਾ ਦੇਣ ਲਈ ਅੱਠ-ਨੌਂ ਸਾਲ ਕੀਤਾ ਸੰਘਰਸ਼ ਵੀ ਚੰਗਾ ਨਤੀਜਾ ਨਾ ਦੇ ਸਕਿਆ ਤਾਂ 35 ਕੁ ਸਾਲ ਦੀ ਉਮਰ ਵਿੱਚ ਉਹ ਅਮਰੀਕਾ ਜਾਣ ਵਾਸਤੇ ਘਰੋਂ ਨਿਕਲਿਆ। ਹਿੰਦੁਸਤਾਨ ਵਿੱਚੋਂ ਅੰਗਰੇਜ਼ ਸਾਮਰਾਜੀਆਂ ਨੂੰ ਹਥਿਆਰਬੰਦ ਸੰਘਰਸ਼ ਦੁਆਰਾ ਬਾਹਰ ਕੱਢਣ ਦੀ ਯੋਜਨਾ ਬਣਾ ਕੇ ਅਮਰੀਕਾ ਤੋਂ ਦੇਸ਼ ਪਰਤੇ ਗ਼ਦਰੀਆਂ ਵਾਂਗ ਉਸ ਨੂੰ ਵੀ ਲਾਹੌਰ ਸਾਜ਼ਿਸ਼ ਕੇਸ ਵਿੱਚ ਕਾਲੇ ਪਾਣੀ ਦੀ ਸਜ਼ਾ ਸੁਣਾ ਕੇ ਲਾਹੌਰ ਤੋਂ 25 ਨਵੰਬਰ ਸੰਨ 1915 ਨੂੰ ਰੇਲਗੱਡੀ ਰਾਹੀਂ ਕਲਕੱਤੇ ਵਾਸਤੇ ਰਵਾਨਾ ਕੀਤਾ ਗਿਆ। ਅੰਡੇਮਾਨ ਜਾਣ ਲਈ ਉਨ੍ਹਾਂ ਨੇ 7 ਦਸੰਬਰ 1915 ਨੂੰ 'ਮਹਾਰਾਜਾ' ਜਹਾਜ਼ ਵਿੱਚ ਸਫ਼ਰ ਸ਼ੁਰੂ ਕੀਤਾ। ਅੰਡੇਮਾਨ ਜੇਲ੍ਹ ਵਿੱਚ ਦੇਸ਼ਭਗਤਾਂ ਉੱਤੇ ਜੇਲ੍ਹ ਪ੍ਰਸ਼ਾਸਨ ਵੱਲੋਂ ਲਾਈਆਂ ਗਈਆਂ ਬੰਦਸ਼ਾਂ ਵਿੱਚ ਕੈਦੀਆਂ ਵੱਲੋਂ ਆਪਣੇ ਸਕਿਆਂ ਨੂੰ ਖ਼ਤ ਲਿਖੇ ਜਾਣ ਦੀ ਮਨਾਹੀ ਵੀ ਸ਼ਾਮਲ ਸੀ। ਇਸ ਦੇ ਬਾਵਜੂਦ ਬਾਬਾ ਸੋਹਨ ਸਿੰਘ ਭਕਨਾ ਆਪਣੀ ਪਤਨੀ ਬਿਸ਼ਨ ਕੌਰ ਦੇ ਨਾਂ ਲਿਖੇ ਖ਼ਤ ਨੂੰ ਪੰਜਾਬ ਭੇਜਣ ਵਿੱਚ ਸਫ਼ਲ ਰਹੇ। 'ਅਕਾਲੀ' ਅਖ਼ਬਾਰ ਦੇ ਅੰਕ ਮਿਤੀ 15 ਨਵੰਬਰ 1921 ਨੂੰ ਇਹ ਖ਼ਤ ਪ੍ਰਕਾਸ਼ਿਤ ਕੀਤਾ ਗਿਆ ਸੀ, ਜੋ ਇਸ ਤਰ੍ਹਾਂ ਸੀ :

ਕਾਲੇ ਪਾਣੀ ਦੀ ਚਿੱਠੀ (ਸ. ਸੋਹਣ ਸਿੰਘ ਜੀ ਕੈਦੀ ਕਾਲੇ ਪਾਣੀ ਭਕਨਾ ਜ਼ਿਲ੍ਹਾ ਅੰਮ੍ਰਿਤਸਰ ਵਾਸੀ ਦਾ ਅਪਨੀ ਸੁਪਤਨੀ ਵੱਲ)

ਮੇਰੀ ਪ੍ਰਿਯ ਜੀ, ਸਤਿ ਸ੍ਰੀ ਅਕਾਲ।

ਅਸੀਂ ਹੁਣ ਜਲਦੀ ਆਪਣੇ ਮੁਲਕ ਦੀ ਕਿਸੇ ਜੇਲ੍ਹ ਵਿੱਚ ਕਾਲੇ ਪਾਣੀਓਂ ਆ ਜਾਵਾਂਗੇ। ਤੂੰ ਮੇਰੀ ਰਿਹਾਈ ਬਾਬਤ ਸਰਕਾਰ ਵੱਲ ਕੋਈ ਵੀ ਅਰਜ਼ੀ ਨਾ ਭੇਜੀਂ। ਮੇਰੇ ਖਿਆਲ ਵਿੱਚ ਤੂੰ ਇੱਕ ਜਾਂ ਦੋ ਸਾਲ ਵਿੱਚ ਪੰਜਾਬੀ ਪੜ੍ਹਨੀ ਲਿਖਣੀ ਸਿੱਖ ਕੇ ਆਪਣੀਆਂ ਪੜ੍ਹੀਆਂ ਲਿਖੀਆਂ ਭੈਣਾਂ ਨਾਲ ਮਿਲ ਕੇ ਇਸਤਰੀ ਜਾਤੀ ਦੀ ਸੇਵਾ ਕਰਨ ਲਈ ਆਪਣੇ ਦਿਲ ਵਿੱਚ ਪੱਕਾ ਨਿਸ਼ਚਾ ਕਰ ਲੈ। ਇਸ ਵੇਲੇ ਇਸਤਰੀ ਜਾਤੀ ਦੀ ਬੜੀ ਦੁਰਦਸ਼ਾ ਹੋ ਰਹੀ ਹੈ ਅਤੇ ਹਮੇਸ਼ਾ ਇਸਤਰੀਆਂ, ਮਰਦਾਂ ਦੀਆਂ ਜੁੱਤੀਆਂ ਹੀ ਖਾਂਦੀਆਂ ਰਹਿੰਦੀਆਂ ਹਨ ਅਤੇ ਆਪਣੀ ਲਿਆਕਤ ਅਤੇ ਸ਼ੁੱਭ ਗੁਣਾਂ ਨਾਲ ਆਦਮੀਆਂ 'ਤੇ ਕਾਬੂ ਨਹੀਂ ਪਾ ਸਕਦੀਆਂ। ਜੇ ਤੂੰ ਮੈਦਾਨ ਵਿੱਚ ਆ ਜਾਵੇਂ ਤਾਂ ਮੈਂ



ਇਸਤਰੀ ਸੁਧਾਰ ਵਿੱਚ ਤੇਰੀ ਚੰਗੀ ਤਰ੍ਹਾਂ ਮਦਦ ਕਰਾਂਗਾ। ਤੁਹਾਡੇ ਨਾਲ ਹੋ ਕੇ ਤੁਹਾਡੇ ਹੱਕਾਂ ਲਈ ਆਪਣੀ ਜਾਤੀ (ਪੁਰਸ਼ਾਂ) ਨਾਲ ਮੈਂ ਜ਼ਰੂਰ ਲੜਾਂਗਾ ਕਿਉਂਕਿ ਮੈਨੂੰ ਇਨਸਾਫ਼ ਨਾਲ ਪਿਆਰ ਹੈ। ਤੂੰ ਲੋਕ ਲਾਜ ਨੂੰ ਪਰ੍ਹੇ ਸੁੱਟ ਕੇ ਮੈਦਾਨ ਵਿੱਚ ਆ ਜਾ। ਲੋਕ ਲਾਜ ਬੁਰੇ ਕੰਮਾਂ ਲਈ ਹੋਣੀ ਚਾਹੀਦੀ ਹੈ ਨਾ ਕਿ ਭਲੇ ਕੰਮਾਂ ਲਈ। ਇਸਤਰੀ ਅਤੇ ਪਤੀ ਵਿਚਕਾਰ ਪ੍ਰੇਮ ਅਤੇ ਧਰਮ ਦਾ ਹੀ ਨਾਤਾ ਹੁੰਦਾ ਹੈ। ਇਸ ਲਈ ਮੇਰਾ ਹੱਕ ਹੈ ਕਿ ਮੈਂ ਧਰਮ ਦੇ ਕੰਮਾਂ ਲਈ ਤੈਨੂੰ ਪ੍ਰੇਰਿਤ ਕਰਾਂ। ਨਾਲ ਹੀ ਮੈਂ ਇਹ ਵੀ ਕਹਿ ਦੇਣਾ ਚਾਹੁੰਦਾ ਹਾਂ ਕਿ ਤੇਰਾ ਵੀ ਹੱਕ ਹੈ ਕਿ ਤੂੰ ਮੈਨੂੰ ਸ਼ੁੱਭ ਕੰਮਾਂ ਲਈ ਹੁਕਮ ਕਰੇਂ, ਮੈਂ ਹਰ ਵੇਲੇ ਧਰਮ ਪ੍ਰਤੀ ਤੇਰੇ ਹੁਕਮਾਂ ਨੂੰ ਮੰਨਣ ਲਈ ਤਿਆਰ ਹਾਂ। ਮੈਂ ਹੁਣ ਤੈਨੂੰ ਆਪਣੀਆਂ ਭੈਣਾਂ ਦੀ ਸੇਵਾ ਕਰਨ ਦੀ ਜਾਚ ਦੱਸਦਾ ਹਾਂ ਕਿ ਤੂੰ ਕਿਸੇ ਪਾਠਸ਼ਾਲਾ ਵਿੱਚ ਜਾ ਕੇ ਬੇਨਤੀ ਕਰ ਕਿ ਮੇਰਾ ਪਤੀ ਦੇਸ਼ ਦੀ ਸੇਵਾ ਦੇ ਜੁਰਮ ਵਿੱਚ ਉਮਰ ਕੈਦ ਹੈ, ਹੁਣ ਮੈਂ ਵੀ ਆਪਣੇ ਪਤੀ ਵਾਂਗ ਬਾਕੀ ਉਮਰ ਕੌਮ ਦੀ ਸੇਵਾ ਵਿੱਚ ਬਤੀਤ ਕਰਨੀ ਚਾਹੁੰਦੀ ਹਾਂ। ਮੈਨੂੰ ਝਾੜੂ ਅਤੇ ਲੰਗਰ ਦੀ ਸੇਵਾ ਬਖ਼ਸ਼ ਦੇਵੋ ਅਤੇ ਨਾਲ ਹੀ ਵਿੱਦਿਆ ਦਾ ਦਾਨ ਵੀ ਦੇਵੋ। ਨਹੀਂ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਵਿੱਚ ਇਸ ਸਬੰਧੀ ਬੇਨਤੀ ਕਰ ਦੇਣੀ, ਮੈਨੂੰ ਉਮੀਦ ਹੈ ਕਿ ਉਹ ਕੋਈ ਨਾ ਕੋਈ ਪ੍ਰਬੰਧ ਕਰ ਦੇਵੇਗੀ।

**ਸੋਹਣ ਸਿੰਘ ਕੈਦੀ ਕਾਲਾ ਪਾਣੀ 38367,**
**ਮਿਤੀ 14 ਜੁਲਾਈ 1921**

ਅਖ਼ਬਾਰ ਦੇ ਸੰਪਾਦਕ ਨੇ ਪੱਤਰ ਦੇ ਅੰਤ ਵਿੱਚ ਆਪਣੇ ਵੱਲੋਂ ਇਹ ਟਿੱਪਣੀ ਦਰਜ ਕੀਤੀ- "ਜਿਸ ਦਿਨ ਭਾਈ ਸਾਹਿਬ ਜੀ ਵਰਗੇ ਖਿਆਲ ਸਾਡੇ ਦੇਸ਼ ਵਿੱਚ ਪੈਦਾ ਹੋ ਗਏ ਅਤੇ ਆਦਮੀਆਂ ਨੇ ਪੂਰਨ ਹਮਦਰਦੀ ਨਾਲ ਇਸਤਰੀ ਜਾਤੀ ਨਾਲ ਮਿਲ ਕੇ ਉਨ੍ਹਾਂ ਦਾ ਸੁਧਾਰ ਕਰਨਾ ਸ਼ੁਰੂ ਕਰ ਦਿੱਤਾ, ਉਦੋਂ ਹੀ ਬੇੜਾ ਪਾਰ ਹੋਵੇਗਾ। ਧੰਨ ਹਨ ਭਾਈ ਸਾਹਿਬ, ਜਿਹੜੇ ਕਾਲੇ ਪਾਣੀ ਵਿੱਚ ਵੀ ਕੌਮ ਦੀ ਸੇਵਾ ਕਰ ਰਹੇ ਹਨ ; ਸ਼ਾਬਾਸ਼।" (ਸੰਪਾਦਕ)।

ਬਾਬਾ ਸੋਹਨ ਸਿੰਘ ਭਕਨਾ ਦਾ ਛੋਟੀ ਉਮਰ ਵਿੱਚ ਵਿਆਹ ਹੋ ਜਾਣ, ਐਬਾਂ ਵਿੱਚ ਪੈ ਜਾਣ ਕਾਰਨ ਅਤੇ ਪਿੱਛੋਂ ਪਰਦੇਸ ਚਲੇ ਜਾਣ ਕਾਰਨ ਆਪਣੀ ਪਤਨੀ ਵੱਲ ਧਿਆਨ ਨਾ ਦੇ ਸਕੇ ਤੇ ਉਨ੍ਹਾਂ ਨੂੰ ਇਸ ਰਾਹ ਨਾ ਪਾ ਸਕੇ ਪਰ ਅੰਡੇਮਾਨ ਜਾ ਕੇ ਜਿਉਂ ਹੀ ਉਨ੍ਹਾਂ ਨੂੰ ਲਾਹੌਰ ਸਾਜ਼ਿਸ਼ ਕੇਸ ਦੇ ਝਮੇਲਿਆਂ ਤੋਂ ਫੁਰਸਤ ਮਿਲੀ ਤਾਂ ਉਨ੍ਹਾਂ ਨੇ ਆਪਣੀ ਜੀਵਨ ਸਾਥਣ ਦੇ ਮਾਰਗ ਦਰਸ਼ਨ ਵਾਸਤੇ ਇਹ ਖ਼ਤ ਲਿਖ ਭੇਜਿਆ। ਉਨ੍ਹੀਂ ਦਿਨੀਂ ਮਾਤਾ ਜੀ ਆਪਣੇ ਜੀਵਨ ਦੀਆਂ ਔਖੀਆਂ ਘੜੀਆਂ ਆਪਣੇ ਪੇਕੇ ਪਿੰਡ ਜੰਡਿਆਲਾ ਜ਼ਿਲ੍ਹਾ ਲਾਹੌਰ ਵਿੱਚ ਬਤੀਤ ਕਰ ਰਹੇ ਸਨ। ਉਦੋਂ ਤਾਂ ਉਹ ਭਾਵੇਂ ਹਾਲਾਤ ਵੱਸ ਬਾਬਾ ਜੀ ਦੇ ਦੱਸੇ ਮਾਰਗ ਉੱਤੇ ਚੱਲਣ ਵਿੱਚ ਕੋਈ ਕਦਮ ਅੱਗੇ ਨਾ ਪੁੱਟ ਸਕੇ ਪਰ ਜਦੋਂ ਬੰਦੀ ਜੀਵਨ ਤੋਂ ਮੁਕਤੀ ਪਿੱਛੋਂ ਬਾਬਾ ਸੋਹਨ ਸਿੰਘ ਭਕਨਾ ਨੇ ਆਪਣੀ ਜ਼ਮੀਨ ਉੱਤੇ ਦੇਸ਼ਭਗਤ ਪਰਿਵਾਰਾਂ ਦੇ ਬੱਚਿਆਂ ਵਾਸਤੇ 'ਕਿਰਤੀ ਕਿਸਾਨ ਆਸ਼ਰਮ' ਖੋਲ੍ਹਿਆ ਤਾਂ ਮਾਤਾ ਜੀ ਨੇ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਆਸ਼ਰਮ ਦੀ ਜ਼ਿੰਮੇਵਾਰੀ ਨਿਭਾਈ ਅਤੇ ਬਾਬਾ ਜੀ ਦੀ ਸਿੱਖਿਆ ਉੱਤੇ ਤਨਦੇਹੀ ਨਾਲ ਅਮਲ ਕੀਤਾ।

# ਮਹਾਰਾਜਾ ਸ਼ੇਰ ਸਿੰਘ ਦੇ ਅੰਤ ਦੀ ਦਾਸਤਾਨ

**ਸੁਰਿੰਦਰ ਕੋਛੜ**

ਮਹਾਰਾਜਾ ਸ਼ੇਰ ਸਿੰਘ ਦਾ ਜਨਮ ਮਹਾਰਾਣੀ ਮਹਿਤਾਬ ਕੌਰ ਦੀ ਕੁੱਖੋਂ ਚਾਰ ਦਸੰਬਰ-1807 ਨੂੰ ਹੋਇਆ। ਉਹ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਸ਼ਹਿਜ਼ਾਦਾ ਖੜਕ ਸਿੰਘ ਤੋਂ ਬਾਅਦ ਦੂਜਾ ਸ਼ਹਿਜ਼ਾਦਾ ਸੀ। ਉਸ ਨੂੰ ਯੁੱਧ ਵਿਦਿਆ ਦੇ ਨਾਲ-ਨਾਲ ਅੰਗਰੇਜ਼ੀ ਅਤੇ ਫ਼ਰੈਂਚ ਦੀ ਚੰਗੀ ਮੁਹਾਰਤ ਸੀ। ਸ਼ਹਿਜ਼ਾਦਾ ਸ਼ੇਰ ਸਿੰਘ ਦਾ ਪਹਿਲਾ ਵਿਆਹ ਨਕਈ ਮਿਸਲ ਦੇ ਰਈਸ ਦੀ ਧੀ ਬੀਬੀ ਦੇਸਾਂ ਨਾਲ ਹੋਇਆ, ਜਿਸ ਦਾ ਥੋੜ੍ਹੇ ਸਮੇਂ ਬਾਅਦ ਹੀ ਦੇਹਾਂਤ ਹੋ ਗਿਆ। ਉਸ ਦੇ ਚਲਾਣੇ ਮਗਰੋਂ ਸ਼ਹਿਜ਼ਾਦੇ ਦਾ ਦੂਜਾ ਵਿਆਹ ਹਰੀ ਸਿੰਘ ਵੜੈਚ (ਲਾਧੋਵਾਲੀਏ) ਦੀ ਧੀ ਬੀਬੀ ਪ੍ਰੇਮ ਕੌਰ ਨਾਲ ਹੋਇਆ, ਜਿਸ ਨੇ 14 ਦਸੰਬਰ 1831 ਨੂੰ ਸ਼ਹਿਜ਼ਾਦਾ ਪ੍ਰਤਾਪ ਸਿੰਘ ਨੂੰ ਜਨਮ ਦਿੱਤਾ। ਇਨ੍ਹਾਂ ਤੋਂ ਇਲਾਵਾ ਸ਼ੇਰ ਸਿੰਘ ਨੇ ਕ੍ਰਮਵਾਰ ਰਾਣੀ ਪ੍ਰਤਾਪ ਕੌਰ (ਪੁੱਤਰੀ ਜਗਤ ਸਿੰਘ ਬਰਾੜ), ਰਾਣੀ ਦਖ਼ਣੂ, ਰਾਣੀ ਧਰਮ ਕੌਰ ਰੰਧਾਵਾ ਉਰਫ਼ ਰਾਣੀ ਰੰਧਾਵੀ (ਪੁੱਤਰੀ ਜੋਧ ਸਿੰਘ ਰੰਧਾਵਾ), ਰਾਣੀ ਨੰਦ ਕੌਰ ( ਪੁੱਤਰੀ ਚੰਡਾ ਸਿੰਘ ਭਿਟੀਵਿੰਡ) ਅਤੇ ਰਾਣੀ ਜੇਬੋ ਨਾਲ ਵੀ ਵਿਆਹ ਕੀਤਾ।

ਜੂਨ 1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਜਲਦੀ ਬਾਅਦ ਜਦੋਂ ਉਨ੍ਹਾਂ ਦੇ ਵੱਡੇ ਸ਼ਹਿਜ਼ਾਦੇ ਮਹਾਰਾਜਾ ਖੜਕ ਸਿੰਘ ਅਤੇ ਪੋਤਰੇ ਕੰਵਰ ਨੌਨਿਹਾਲ ਸਿੰਘ ਦਾ ਇੱਕੋ ਦਿਨ ਕਤਲ ਹੋ ਗਿਆ ਤਾਂ ਰਾਜ ਦਰਬਾਰ ਸਾਹਮਣੇ ਇਹ ਸਮੱਸਿਆ ਖੜ੍ਹੀ ਹੋ ਗਈ ਕਿ ਖ਼ਾਲਸਾ ਰਾਜ ਦੀ ਅਗਵਾਈ ਕੌਣ ਕਰੇਗਾ? ਕੰਵਰ ਸ਼ੇਰ ਸਿੰਘ ਨੂੰ ਤਖ਼ਤ 'ਤੇ ਬਿਠਾਉਣ ਦੀ ਗੱਲ ਚੱਲੀ ਤਾਂ ਗੁਲਾਬ ਸਿੰਘ ਡੋਗਰੇ ਨੇ ਚਾਲ ਚੱਲ ਕੇ ਮਹਾਰਾਜਾ ਖੜਕ ਸਿੰਘ ਦੀ ਪਤਨੀ ਮਹਾਰਾਣੀ ਚੰਦ ਕੌਰ ਨੂੰ ਤਖ਼ਤ 'ਤੇ ਬਿਠਾ ਦਿੱਤਾ। ਉਸ ਦੀ ਸ਼ਖ਼ਾਵਤ ਵਿੱਚ ਆ ਕੇ ਚੰਦ ਕੌਰ ਨੇ ਵੀ ਇਹ ਬਹਾਨਾ ਬਣਾ ਦਿੱਤਾ ਕਿ ਕੰਵਰ ਨੌਨਿਹਾਲ ਸਿੰਘ ਦੀ ਰਾਣੀ ਸਾਹਿਬ ਕੌਰ ਗਿਲਵਾਲਣ ਗਰਭਵਤੀ ਹੈ। ਜੇ ਉਸ ਦੇ ਘਰ ਲੜਕਾ ਹੋਇਆ ਤਾਂ ਮਹਾਰਾਜਾ ਉਹ ਬਣੇਗਾ ਅਤੇ ਜੇ ਲੜਕੀ ਹੋਈ ਤਾਂ ਸ਼ੇਰ ਸਿੰਘ ਮਹਾਰਾਜਾ ਬਣੇਗਾ। ਇਸ 'ਤੇ ਸ਼ੇਰ ਸਿੰਘ ਬਟਾਲਾ ਵਾਪਸ ਆ ਗਿਆ। ਕੁਝ ਸਮੇਂ ਬਾਅਦ ਇਸ ਗੱਲ ਦਾ ਪਰਦਾ-ਫਾਸ਼ ਹੋ ਗਿਆ ਕਿ ਕੰਵਰ ਨੌਨਿਹਾਲ ਸਿੰਘ ਦੀ ਕੋਈ ਵੀ ਰਾਣੀ ਗਰਭਵਤੀ ਨਹੀਂ ਸੀ। ਡੋਗਰਾ ਸਰਦਾਰਾਂ ਨੇ ਦੋ ਗਰਭਵਤੀ ਕਸ਼ਮੀਰੀ ਔਰਤਾਂ ਨੂੰ ਧਨ ਦਾ ਲਾਲਚ ਦੇ ਕੇ ਇਹ ਕਹਿ ਰੱਖਿਆ ਸੀ ਕਿ ਜਿਸ ਦੇ ਲੜਕਾ ਪੈਦਾ ਹੋਵੇਗਾ ਉਹ ਰਾਣੀ ਸਾਹਿਬ ਕੌਰ ਦੀ ਝੋਲੀ ਵਿੱਚ ਪਾ ਦੇਵੇ ਪਰ ਦੋਵਾਂ ਪਹਾੜਨਾਂ ਦੇ ਘਰ ਲੜਕੀਆਂ ਪੈਦਾ ਹੋਈਆਂ।

ਡੋਗਰਾ ਦਰਬਾਰੀਆਂ ਦੀਆਂ ਅਜਿਹੀਆਂ ਚਾਲਾਂ ਅਤੇ ਲਗਾਤਾਰ ਹੋ ਰਹੀਆਂ ਲੁੱਟ-ਖਸੁੱਟ ਅਤੇ ਅੱਤਿਆਚਾਰ ਦੀਆਂ ਕਾਰਵਾਈਆਂ ਨਾਲ ਪੂਰੇ ਲਾਹੌਰ ਵਿੱਚ ਬਦਅਮਨੀ ਫੈਲ ਗਈ ਅਤੇ ਰਾਜਗੱਦੀ ਦੀ ਪ੍ਰਾਪਤੀ ਲਈ ਸਾਜ਼ਿਸ਼ਾਂ ਰਚੀਆ ਜਾਣ ਲੱਗੀਆਂ। ਰਾਜ ਦੀ ਇਸ ਵਿਗੜੀ ਹਾਲਤ ਨੂੰ ਸੁਧਾਰਨ ਲਈ ਰਾਜ ਦੇ ਪੰਚਾਂ ਅਤੇ ਮੁਲਕੀ ਦਰਬਾਰੀਆਂ ਨੇ ਮੀਆਂ ਮੀਰ ਛਾਉਣੀ ਵਿੱਚ ਇਕੱਠ ਕਰਕੇ ਪੰਜਾਬ ਦਾ ਰਾਜ ਸ਼ਹਿਜ਼ਾਦਾ ਸ਼ੇਰ ਸਿੰਘ ਨੂੰ ਸੌਂਪਣ ਲਈ ਲਾਹੌਰ ਬੁਲਾਉਣ ਦਾ ਫ਼ੈਸਲਾ ਲਿਆ। 14 ਜਨਵਰੀ 1841 ਨੂੰ ਰਾਤ 8 ਵਜੇ ਸ਼ਹਿਜ਼ਾਦਾ ਸ਼ੇਰ ਸਿੰਘ ਨੇ ਲਾਹੌਰ 'ਤੇ ਚੜ੍ਹਾਈ ਕਰ ਦਿੱਤੀ ਅਤੇ ਕਿਲ੍ਹਾ 'ਤੇ ਕਬਜ਼ਾ ਕਰ ਲਿਆ। 27 ਜਨਵਰੀ 1841 ਨੂੰ ਉਨ੍ਹਾਂ ਨੂੰ



ਮਹਾਰਾਜਾ ਥਾਪਿਆ ਗਿਆ।

ਡੋਗਰਾ ਸਰਦਾਰਾਂ ਨੇ ਆਪਣੇ ਆਪ ਮਹਾਰਾਣੀ ਵੱਲੋਂ ਸ਼ਹਿਰ ਵਿੱਚ ਇਹ ਐਲਾਨ ਕਰ ਦਿੱਤਾ ਕਿ ਖ਼ਾਲਸਾ ਰਾਜ ਦੇ ਕੁਝ ਦੁਸ਼ਮਨ ਸ਼ੇਰ ਸਿੰਘ ਨੂੰ ਬਟਾਲਾ ਤੋਂ ਲਾਹੌਰ 'ਤੇ ਚੜ੍ਹਾਈ ਕਰਨ ਲਈ ਲੈ ਕੇ ਆਏ ਹਨ ਅਤੇ ਸ਼ੇਰ ਸਿੰਘ ਲਾਹੌਰ 'ਤੇ ਕਬਜ਼ਾ ਕਰਕੇ ਰਾਣੀ ਨੂੰ ਬਾਹਰ ਕੱਢ ਦੇਵੇਗਾ। ਇਸ ਲਈ ਸਭ ਡੱਟ ਕੇ ਸ਼ੇਰ ਸਿੰਘ ਦਾ ਮੁਕਾਬਲਾ ਕਰਨ ਅਤੇ ਉਸ ਨੂੰ ਸ਼ਹਿਰ 'ਤੇ ਕਬਜ਼ਾ ਨਾ ਕਰਨ ਦੇਣ। ਇਸ ਸਭ ਦੇ ਬਾਵਜੂਦ ਸ਼ੇਰ ਸਿੰਘ ਨੇ ਕਿਲ੍ਹਾ ਲਾਹੌਰ 'ਤੇ ਕਬਜ਼ਾ ਕਰ ਲਿਆ। 27 ਜਨਵਰੀ 1841 ਨੂੰ ਉਸ ਨੂੰ ਮਹਾਰਾਜ ਥਾਪਿਆ ਗਿਆ।

ਡੋਗਰਾ ਸਰਦਾਰ ਗੁਲਾਬ ਸਿੰਘ ਅਤੇ ਧਿਆਨ ਸਿੰਘ ਨੇ ਇੱਕ ਯੋਜਨਾ ਤਹਿਤ 11 ਜੂਨ 1842 ਨੂੰ ਰਾਣੀ ਚੰਦ ਕੌਰ ਦਾ ਉਸੇ ਦੀਆਂ ਪਹਾੜਨ ਦਾਸੀਆਂ ਹੱਥੋਂ ਕਤਲ ਕਰਵਾਉਣ ਤੋਂ ਬਾਅਦ ਸੰਧਾਵਾਲੀਆ ਸਰਦਾਰਾਂ ਨਾਲ ਮਿਲ ਕੇ ਮਹਾਰਾਜਾ ਸ਼ੇਰ ਸਿੰਘ ਨੂੰ ਖ਼ਤਮ ਕਰਨ ਦੀ ਯੋਜਨਾ ਬਣਾਈ। ਇਸ ਦੇ ਚਲਦਿਆਂ 15 ਸਤੰਬਰ 1843 ਨੂੰ ਖੇਡਾਂ ਦੇ ਸ਼ੌਕੀਨ ਮਹਾਰਾਜਾ ਸ਼ੇਰ ਸਿੰਘ ਦੇ ਸਾਹਮਣੇ ਇੱਕ ਖੇਡ ਮੇਲਾ ਕਰਵਾਇਆ ਗਿਆ। ਮਹਾਰਾਜਾ, ਸ਼ਾਹ ਬਹਿਲੋਲ (ਨਵਾਂ ਨਾਂ ਕੋਟ ਖ਼ਵਾਜਾ ਸੱਯਦ) ਵਿਖੇ ਕੁਰਸੀ 'ਤੇ ਬੈਠਾ ਹੋਇਆ ਸੀ (ਉਸ ਦਿਨ ਧਿਆਨ ਸਿੰਘ ਡੋਗਰਾ ਬੀਮਾਰੀ ਦਾ ਬਹਾਨਾ ਬਣਾ ਕੇ ਕਿਲ੍ਹੇ ਵਿੱਚ ਹੀ ਰਹਿ ਗਿਆ)। ਅਜੀਤ ਸਿੰਘ ਸੰਧਾਵਾਲੀਆ 400 ਘੋੜ ਸਵਾਰਾਂ ਦੇ ਅੱਗੇ ਚਲਦਾ ਹੋਇਆ ਮਹਾਰਾਜਾ ਦੇ ਸਾਹਮਣੇ ਪੇਸ਼ ਹੋਇਆ ਅਤੇ ਹਥਿਆਰ ਰੱਖਣ ਅਤੇ ਖ਼ਰੀਦਣ ਦੇ ਸ਼ੌਕੀਨ ਮਹਾਰਾਜਾ ਸ਼ੇਰ ਸਿੰਘ ਦੇ ਹਜ਼ੂਰ ਵਿੱਚ ਇੱਕ ਦੋਨਾਲੀ ਮੌਲੀਦਾਰ ਰਾਈਫਲ ਪੇਸ਼ ਕੀਤੀ। ਜਿਉਂ ਹੀ ਸ਼ੇਰ ਸਿੰਘ ਉਸ ਨੂੰ ਫੜਨ ਲਈ ਉੱਠਿਆ ਅਜੀਤ ਸਿੰਘ ਨੇ ਉਸ 'ਤੇ ਗੋਲੀ ਚਲਾ ਦਿੱਤੀ ਅਤੇ ਉਹ ਤੜਫ ਕੇ ਉੱਥੇ ਹੀ ਕੁਰਸੀ ਉੱਤੇ ਡਿੱਗ ਗਿਆ। ਉਸ ਦੇ ਮੂੰਹੋਂ ਸਿਰਫ਼ ਇੰਨਾ ਹੀ ਨਿਕਲਿਆ, "ਯਹ ਤੋ ਦਗਾ ਹੈ।" ਹਾਲੇ ਉਹ ਆਖ਼ਰੀ ਸਾਹ ਲੈ ਹੀ ਰਿਹਾ ਸੀ ਕਿ ਅਜੀਤ ਸਿੰਘ ਨੇ ਤਲਵਾਰ ਨਾਲ ਉਸ ਦਾ ਸਿਰ ਕੱਟ ਕੇ ਨੇਜ਼ੇ ਉੱਪਰ ਚੜ੍ਹਾ ਦਿੱਤਾ। ਉਧਰ, ਦੂਜੇ ਪਾਸੇ ਗੋਲੀ ਦੀ ਆਵਾਜ਼ ਸੁਣਦਿਆਂ ਹੀ ਲਹਿਣਾ ਸਿੰਘ ਸੰਧਾਵਾਲੀਆ (ਅਜੀਤ ਸਿੰਘ ਲਹਿਣਾ ਸਿੰਘ ਦੇ ਭਰਾ ਵਸਾਵਾ ਸਿੰਘ ਦਾ ਪੁੱਤਰ ਸੀ ਅਤੇ ਲਹਿਣਾ ਸਿੰਘ ਰਿਸ਼ਤੇ ਵਿੱਚ ਸ਼ੇਰ ਸਿੰਘ ਦਾ ਚਾਚਾ ਲੱਗਦਾ ਸੀ) ਨੇ ਤਲਵਾਰ ਫੜੀ ਅਤੇ ਮਹਾਰਾਜਾ ਸ਼ੇਰ ਸਿੰਘ ਦੇ ਪੁੱਤਰ ਸ਼ਹਿਜ਼ਾਦਾ ਪ੍ਰਤਾਪ ਸਿੰਘ ਵੱਲ ਚੱਲ ਪਿਆ। ਪ੍ਰਤਾਪ ਸਿੰਘ ਅਜੇ ਆਪਣੇ ਦਾਦਾ ਦੇ ਸਤਿਕਾਰ ਲਈ ਝੁਕਿਆ ਹੀ ਸੀ ਕਿ ਖ਼ੂੰਖਾਰ ਦਾਦੇ ਨੇ ਆਪਣੇ ਪੋਤਰੇ ਦੀ ਗਰਦਨ ਕੱਟ ਕੇ ਨੇਜ਼ੇ ਉੱਪਰ ਟੰਗ ਲਈ।

ਬਾਅਦ ਵਿੱਚ ਮਹਾਰਾਜਾ ਸ਼ੇਰ ਸਿੰਘ ਅਤੇ ਉਨ੍ਹਾਂ ਦੇ ਸ਼ਹਿਜ਼ਾਦੇ ਦੇ ਕੱਟੇ ਸੀਸ ਲਾਹੌਰ ਸ਼ਾਹੀ ਕਿਲ੍ਹੇ ਵਿੱਚੋਂ ਮਿਲ ਜਾਣ 'ਤੇ ਸ਼ਾਹ ਬਹਿਲੋਲ ਦੀ ਵਲਗਣ ਵਿੱਚ ਦੋਵਾਂ ਦੀਆਂ ਲਾਸ਼ਾਂ ਦਾ ਇੱਕੋ ਅੰਗੀਠੇ ਵਿੱਚ ਸਸਕਾਰ ਕੀਤਾ ਗਿਆ। ਇਹ ਸਮਾਧ ਦੀ ਗੁੰਬਦਦਾਰ ਇਮਾਰਤ ਸ਼ੇਰ ਸਿੰਘ ਦੀ ਪਤਨੀ ਰਾਣੀ ਧਰਮ ਕੌਰ ਰੰਧਾਵੀ ਨੇ ਚਬੂਤਰੇ ਉੱਪਰ ਬਣਾਈ। ਇਸ ਸਮਾਧ ਅੰਦਰ ਜਾਣ ਲਈ ਦੋ ਦਰਵਾਜ਼ੇ ਹੁੰਦੇ ਸਨ, ਇੱਕ ਉੱਤਰ ਵੱਲ ਤੇ ਦੂਜਾ ਦੱਖਣ ਵੱਲ। ਫ਼ਰਸ਼ ਦੇ ਉੱਪਰ ਛੋਟੀਆਂ ਗੋਲ ਸਮਾਧਾਂ ਬਣੀਆਂ ਹੋਈਆਂ ਸਨ, ਜਿਨ੍ਹਾਂ ਵਿੱਚੋਂ ਪੂਰਬ ਵੱਲ ਦੀ ਸਮਾਧ ਮਹਾਰਾਜਾ ਸ਼ੇਰ ਸਿੰਘ ਦੀ ਅਤੇ ਪੱਛਮ ਵੱਲ ਦੀ ਟਿੱਕਾ ਪ੍ਰਤਾਪ ਸਿੰਘ ਦੀ ਅਤੇ ਉਸ ਦੇ ਨਾਲ ਹੀ ਰਾਣੀ ਪ੍ਰਤਾਪ ਕੌਰ ਦੀ ਸਮਾਧ ਹੁੰਦੀ ਸੀ, ਜਿਸ ਨੇ ਮਹਾਰਾਜਾ ਦੀ ਬਲ ਰਹੀ ਚਿਖਾ ਵਿੱਚ ਛਲਾਂਗ ਮਾਰ ਕੇ ਆਪਣੇ ਆਪ ਨੂੰ ਭਸਮ ਕਰ ਲਿਆ ਸੀ। ਇਸ ਦੇ ਨਾਲ ਹੀ ਰਾਣੀ ਧਰਮ ਕੌਰ ਰੰਧਾਵੀ ਦੀ ਸਮਾਧ ਸੀ। ਇਨ੍ਹਾਂ ਸਮਾਧਾਂ ਦੀਆਂ ਅੰਦਰਲੀਆਂ ਕੰਧਾਂ ਉੱਪਰ ਦਸ ਗੁਰੂਆਂ ਦੀਆਂ ਮੂਰਤਾਂ ਚਿਤਰੀਆਂ ਹੋਈਆਂ ਸਨ।

## ਪੰਜਾਬ ਸਰਕਾਰ ਦੀ ਆਲੋਚਨਾ ਬਨਾਮ ਮੁੱਖ ਮੰਤਰੀ ਦੇ ਫੇਸਬੁੱਕ ਖਾਤੇ ਦੇ ਸਲ੍ਹਾਬੀ ਸੋਚ ਵਾਲੇ ਕੁਮੈਂਟ

**ਮਨਦੀਪ ਖੁਰਮੀ ਹਿੰਮਤਪੁਰਾ**

ਸਰਕਾਰ ਦਾ ਕੋਈ ਵਜੂਦ ਨਹੀਂ, ਜੇ ਲੋਕ ਨਾ ਹੋਣ। ਲੋਕ ਹੀ ਸਰਕਾਰ ਦਾ ਰੂਪ ਸਿਰਜਦੇ ਹਨ। ਸਿਰਫ ਇਸੇ ਉਮੀਦ 'ਚ ਕਿ ਉਹਨਾਂ ਦੀ ਜੂਨ ਸੁਖਾਲੀ ਹੋਵੇਗੀ। ਬਦਕਿਸਮਤੀ ਇਸ ਗੱਲ ਦੀ ਹੈ ਕਿ ਵੋਟ ਪਾਉਣ ਗਏ ਆਪਣੇ ਹੱਥ, ਆਪਣੇ ਹੱਕ ਉਮੀਦਵਾਰਾਂ ਦੀ ਝੋਲੀ ਪਾ ਆਉਂਦੇ ਹਨ ਤੇ ਬਾਅਦ 'ਚ ਮਿਲਦੇ ਹਨ ਲਾਰਿਆਂ ਦੇ ਗੱਫੇ। ਪੰਜਾਬ ਵਿੱਚ ਹੜ੍ਹ ਆਏ ਹਨ ਜਾਂ ਲਿਆਂਦੇ ਗਏ ਹਨ, ਇਹ ਵੱਖਰਾ ਵਿਸ਼ਾ ਹੈ ਪਰ ਆਫ਼ਤ ਮੌਕੇ ਸਰਕਾਰ, ਪ੍ਰਸ਼ਾਸ਼ਨ ਨੇ ਆਪਣੀ ਜ਼ਿੰਮੇਵਾਰੀ ਕਿਸ ਹੱਦ ਤੱਕ ਆਪਣੇ ਮੋਢਿਆਂ 'ਤੇ ਉਠਾਈ ਹੈ? ਇਹ ਮਸਲਾ ਵਧੇਰੇ ਧਿਆਨ ਮੰਗਦਾ ਹੈ। ਹਰ ਪੰਜ ਸਾਲ ਬਾਅਦ ਸੱਤਾ ਦੀ ਕੁਰਸੀ 'ਤੇ ਬੈਠਣ ਵਾਲੇ ਚਿਹਰੇ ਬਦਲ ਜਾਂਦੇ ਹਨ, ਪਰ ਲੋਕਾਂ ਦੇ ਦੁੱਖਾਂ ਤਕਲੀਫਾਂ 'ਚ ਵਾਧਾ ਪਹਿਲਾਂ ਨਾਲੋਂ ਵੀ ਵਧੇਰੇ ਹੋ ਜਾਂਦਾ ਹੈ। ਹਰ ਸਰਕਾਰ ਲੋਕਾਂ ਦੀ ਜੂਨ ਸੁਖਾਲੀ ਕਰਨ ਦੇ ਵਾਅਦਿਆਂ ਲਾਰਿਆਂ ਦੀ ਆੜ ਹੇਠ ਲੋਕਾਂ ਦੀਆਂ ਜੇਬਾਂ 'ਚੋਂ ਵਸੂਲੇ ਟੈਕਸ ਵਾਲੇ ਪੈਸੇ ਦਾ ਕੀ ਕਰਦੀ ਹੈ? ਇਹ ਦੱਸਣ ਦੀ ਲੋੜ ਨਹੀਂ ਹੈ। ਹੜ੍ਹਾਂ ਦੀ ਕਰੋਪੀ ਝੱਲ ਰਹੇ ਇਲਾਕਿਆਂ ਵਿੱਚ ਜੇਕਰ ਸਮਾਜਸੇਵੀ ਸੰਸਥਾਵਾਂ, ਆਮ ਲੋਕਾਂ ਨੇ ਹੀ ਟੁੱਟੇ ਬੰਨ੍ਹਾਂ ਨੂੰ ਪੂਰਨਾ ਹੈ, ਫਸੇ ਹੋਏ ਲੋਕਾਂ ਤੱਕ ਰਾਹਤ ਸਮੱਗਰੀ ਇਕੱਠੀ ਕਰਨੀ, ਭੇਜਣੀ ਹੈ ਤਾਂ ਫਿਰ ਆਪਣੇ ਹੱਥੀਂ ਚੁਣੇ ਹੋਏ ਨੁਮਾਇੰਦਿਆਂ ਨੂੰ ਸੱਤਾ ਨਾਲ ਨਿਵਾਜ ਕੇ ਕੀ ਖੱਟਿਆ ਹੈ?? ਇਹ ਸਵਾਲ ਆਮ ਲੋਕਾਂ ਦੀ ਜ਼ੁਬਾਨ 'ਤੇ ਘੁੰਮ ਰਹੇ ਹਨ। ਪਿਛਲੀ ਅਕਾਲੀ ਸਰਕਾਰ ਵੇਲੇ ਇੱਕ ਘੜੁੱਕੇ ਰੂਪੀ ਯੰਤਰ ਨੂੰ "ਜਲ ਬੱਸ" ਦਾ ਨਾਂ ਦੇ ਕੇ ਸੁਖਬੀਰ



ਸਿੰਘ ਬਾਦਲ ਦੀ ਸਰਪ੍ਰਸਤੀ ਹੇਠ ਕਰੋੜਾਂ ਰੁਪਏ ਦੀ ਬਲੀ ਦੇ ਦਿੱਤੀ ਗਈ। ਉਹਨਾਂ ਦਿਨਾਂ ਵਿੱਚ ਤਣਾਅਗ੍ਰਸਤ ਲੋਕ ਬਿਆਨਾਂ ਦੀ ਸ਼ਬਦਾਵਲੀ ਪੜ੍ਹ ਸੁਣ ਕੇ ਘੜੀ ਪਲ ਹੱਸ ਸਕੇ ਆਪਣਾ ਚਿੱਤ ਪ੍ਰਚਾਵਾ ਕਰ ਲੈਂਦੇ ਸਨ ਪਰ ਅੱਜਕੱਲ੍ਹ ਓਹੀ ਚਿੱਤ ਪ੍ਰਚਾਵਾ ਮੌਜੂਦਾ ਮੁੱਖ ਮੰਤਰੀ ਸਾਹਿਬ ਦੇ ਫੇਸਬੁੱਕ ਖਾਤੇ ਰਾਹੀਂ ਪੈਂਦੀਆਂ ਪੋਸਟਾਂ ਕਰ ਰਹੀਆਂ ਹਨ।

ਇੱਕ ਪਾਸੇ ਪੰਜਾਬ ਦੇ ਲੋਕ ਹੜ੍ਹਾਂ ਵਿੱਚ ਫਸੇ ਲੋਕਾਂ ਪ੍ਰਤੀ ਚਿੰਤਤ ਹਨ, ਦੂਜੇ ਪਾਸੇ ਸਰਕਾਰੀ ਟਿੱਚਰਾਂ ਦਾ ਬਾਜ਼ਾਰ ਗਰਮ ਹੈ। ਪ੍ਰਸ਼ਾਸ਼ਨਿਕ ਅਣਗਹਿਲੀਆਂ ਪ੍ਰਤੀ ਲੋਕਾਂ ਦਾ ਗੁੱਸਾ ਫੁੱਟਣਾ ਸੁਭਾਵਿਕ ਹੈ। ਗੁੱਸਾ ਫੁੱਟੇ ਵੀ ਕਿਉਂ ਨਾ? ਜਦੋਂ ਆਮ ਦਿਹਾੜੀਦਾਰ ਲੋਕਾਂ ਨੂੰ ਦਿਹਾੜੀ 'ਤੇ ਕੰਮ ਕਰਵਾਉਣ ਲਈ ਫੌਜ਼ੀ ਕੱਪੜੇ ਪਹਿਨਾ ਕੇ ਇਹ ਦਰਸਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਗਈ ਹੋਵੇ ਕਿ ਲੋਕਾਂ ਦੀ ਸੇਵਾ 'ਚ ਫੌਜ਼ ਵੀ ਹਾਜ਼ਰ ਹੈ। ਵਿਧਾਇਕ ਸਿਮਰਜੀਤ ਸਿੰਘ ਬੈਂਸ ਵੱਲੋਂ ਉਕਤ ਨਕਲੀ ਫੌਜੀਆਂ ਨਾਲ ਵਾਇਰਲ ਹੋਈ ਵੀਡੀਓ ਇਹ ਦੱਸਣ ਲਈ ਕਾਫੀ ਹੈ ਕਿ ਪੰਜਾਬ ਸਰਕਾਰ ਲੋਕਾਂ ਪ੍ਰਤੀ ਕਿੰਨੀ ਕੁ ਚਿੰਤਤ ਹੈ। ਇੱਕ ਮੁੱਦੇ ਨੂੰ ਦੱਬਣ ਲਈ ਨਵਾਂ ਤੇ ਭਿਆਨਕ ਮੁੱਦਾ ਤਿਆਰ ਕਰਨਾ ਹੀ ਸਿਆਸਤ ਹੈ। ਲੋਕਾਂ ਨੂੰ ਸਿਰਫ ਪੇਟ ਦੀ ਭੁੱਖ ਬੁਝਾਉਣ ਤੱਕ ਹੀ ਸੀਮਤ ਰੱਖਣਾ ਵੀ ਸਿਆਸਤ ਦਾ ਇੱਕ ਪੈਂਤੜਾ ਹੈ। ਲੋਕ ਭਾਖੜਾ ਡੈਮ ਪ੍ਰਬੰਧਕ ਨੂੰ ਦੋਸ਼ ਦੇ ਰਹੇ ਹਨ, ਪਰ ਸੋਚਣਾ ਇਹ ਵੀ ਬਣਦੈ ਕਿ ਸੂਬੇ ਦੀਆਂ ਨਹਿਰਾਂ, ਦਰਿਆ ਕਿਉਂ ਪਾਣੀ ਦਾ ਜ਼ੋਰ ਝੱਲਣੋਂ ਜੁਆਬ ਦੇ ਗਏ? ਤਾਂ ਸਹਿਜੇ ਹੀ ਪਾਠਕਾਂ ਦੇ ਮੂੰਹ 'ਤੇ ਨਾਜਾਇਜ ਰੇਤਾਖੋਰੀ ਦਾ ਜਵਾਬ ਆ ਜਾਵੇਗਾ। ਖ਼ਬਰ ਹੈ ਕਿ ਭੋਗਪੁਰ ਇਲਾਕੇ ਵਿੱਚ ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ ਦੀ ਜੱਦੀ ਜ਼ਮੀਨ 'ਤੇ ਨਾਜਾਇਜ ਰੇਤਾਖੋਰੀ ਕਰ ਰਹੇ ਕੁਝ ਸੱਜਣਾਂ 'ਤੇ ਮਹਿਜ ਕੁਝ ਕੁ ਦਿਨਾਂ 'ਚ ਹੀ ਕਾਰਵਾਈ ਕਰਕੇ ਉਹਨਾਂ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਗਿਆ ਹੈ ਪਰ ਜਿਹੜੀਆਂ ਜ਼ਮੀਨਾਂ 'ਤੇ ਕਿਸੇ ਉੱਚ ਪਹੁੰਚ ਦਾ ਡੰਡਾ ਨਹੀਂ ਚੱਲ ਸਕਦਾ, ਉਹਨਾਂ ਥਾਂਵਾਂ 'ਤੇ ਹੁੰਦੀ ਨਾਜਾਇਜ ਰੇਤਾਖੋਰੀ ਨੂੰ ਰੋਕਣ ਲਈ ਕਿਸ ਗ੍ਰਹਿ ਤੋਂ ਅਧਿਕਾਰੀ ਆਉਣਗੇ? ਹਾਲਾਤ ਇੱਥੋਂ ਤੱਕ ਬਣ ਗਏ ਹਨ ਕਿ ਪਾੜ ਨੂੰ ਪੂਰਨ ਲਈ ਆਸੇ ਪਾਸੇ ਦੇ ਇਲਾਕੇ 'ਚੋਂ ਮਿੱਟੀ ਨਹੀਂ ਮਿਲ ਰਹੀ ਤੇ ਲੋਕਾਂ ਵੱਲੋਂ ਦਿਨ ਰਾਤ ਇੱਕ ਕਰਕੇ ਦੁਬਾਰਾ ਲਗਾਏ ਬੰਨ੍ਹ ਦਾ ਸਿਹਰਾ ਆਪਣੇ ਸਿਰ ਸਜਾਉਣ ਦੀ ਕੋਸ਼ਿਸ਼ ਮੁੱਖ ਮੰਤਰੀ ਪੰਜਾਬ ਦੇ ਫੇਸਬੁੱਕ ਖਾਤੇ ਰਾਹੀਂ ਹੋਈ ਤਾਂ ਲੋਕਾਂ ਨੇ ਸਰਕਾਰ ਨੂੰ ਅਸਲ ਚਿਹਰਾ ਦਿਖਾਉਣ ਦੀ ਹਰ ਸੰਭਵ 'ਕੋਸ਼ਿਸ਼' ਕੀਤੀ। ਹੈਰਾਨੀ ਇਸ ਗੱਲ ਦੀ ਹੋਈ ਕਿ ਜਾਂ ਤਾਂ ਮੁੱਖ ਮੰਤਰੀ ਸਾਹਿਬ ਦਾ ਉਕਤ ਖਾਤਾ ਕਿਸੇ ਅਨਾੜੀ ਸੱਜਣ ਦੇ ਕਬਜ਼ੇ ਹੇਠ ਹੈ ਜਾਂ ਫਿਰ ਮੁੱਖ ਮੰਤਰੀ ਸਾਹਿਬ ਹੀ ਜਿਆਦਾ ਤੱਤੇ ਚੱਲ ਰਹੇ ਹਨ। ਮੁੱਖ ਮੰਤਰੀ ਦੇ ਨਾਂਅ ਹੇਠ ਕੀਤੇ ਜਾਂਦੇ ਕੁਮੈਂਟ ਇਹ ਰਾਇ ਪੱਕੀ ਹੋਣ ਵਿੱਚ ਬੇਹੱਦ ਸਹਾਈ ਹੋ ਰਹੇ ਹਨ ਕਿ ਲੋਕ "ਕੈਪਟਨ ਸਰਕਾਰ ਨਾਲੋਂ ਤਾਂ ਬਾਦਲ ਸਰਕਾਰ ਹੀ ਚੰਗੀ ਸੀ" ਕਹਿਣਾ ਸ਼ੁਰੂ ਕਰ ਰਹੇ ਹਨ। ਸਿਆਸੀ ਪਾਰਟੀਆਂ ਵੱਲੋਂ ਆਪੋ ਆਪਣੇ ਸ਼ੋਸ਼ਲ ਖਾਤਿਆਂ ਦੀ ਹਿਫਾਜ਼ਤ ਲਈ ਵੀ ਪਹਿਰੇਦਾਰ ਬਿਠਾਏ ਹੋਏ ਹਨ। ਕਿਸੇ ਦੀ ਆਲੋਚਨਾ ਕਰੋ ਤਾਂ ਝੱਟ ਓਹੀ ਪਹਿਰੇਦਾਰਾਂ ਗਾਲ੍ਹਾਂ ਦੀ ਹਨੇਰੀ ਲਿਆ ਦਿੰਦੇ ਹਨ।

**ਬਾਕੀ ਸਫ਼ਾ 32 'ਤੇ**

## ਪਾਕਿਸਤਾਨ ਵਿਚ ਸਿੱਖਾਂ ਨੂੰ ਮਿਲੇਗਾ 'ਮਲਟੀਪਲ ਆਨ ਅਰਾਈਵਲ ਵੀਜ਼ਾ'

ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਰਤਾਰ ਪੁਰ ਸਾਹਿਬ ਸਿੱਖਾਂ ਦਾ ਮਦੀਨਾ ਤੇ ਨਨਕਾਣਾ ਸਾਹਿਬ ਸਿੱਖਾਂ ਦਾ ਮੱਕਾ ਹੈ, ਉਹ ਜਦ ਚਾਹੁਣ ਇਸ ਧਰਤੀ ਦੇ ਦਰਸ਼ਨ ਕਰਨ ਆ ਸਕਦੇ ਹਨ। ਵੀਜ਼ਾ ਸ਼ਰਤਾਂ ਸੌਖੀਆਂ ਕਰ ਦਿੱਤੀਆ ਗਈਆ ਹਨ, ਰਹਿਣ ਦੇ ਪ੍ਰਬੰਧ ਕਰ ਦਿੱਤੇ ਗਏ ਹਨ। ਸਿੱਖਾਂ ਨੂੰ ਕਿਸੇ ਕਿਸਮ ਦੀ ਤਕਲੀਫ ਨਹੀਂ ਆਉਣ ਦਿੱਤੀ ਜਾਵੇਗੀ। ਕਨਵੈਨਸ਼ਨ ਵਿਚ ਅਮਰੀਕਾ ਦੇ ਸਿੱਖ ਜੱਥੇ ਵਲੋਂ ਵੀ ਸ਼ਿਕਰਤ ਕੀਤੀ ਗਈ। ਇਹ ਕਨਵੈਨਸ਼ਨ ਲਾਹੌਰ ਵਿਖੇ ਗਵਰਨਰ ਹਾਉਸ ਵਿਚ 31 ਅਗਸਤ ਨੂੰ ਸ਼ੁਰੂ ਹੋਈ ਤੇ 2 ਸਤੰਬਰ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੇ ਸ਼ਾਨਦਾਰ ਭਾਸ਼ਣ ਨਾਲ ਸੰਪੂਰਨ ਹੋਈ। ਕਨਵੈਨਸ਼ਨ ਦੇ ਪਹਿਲੇ ਦਿਨ ਸੂਬਾ ਪੰਜਾਬ ਦੇ ਗਵਰਨਰ ਜਨਾਬ ਚੌਧਰੀ ਮੁਹੰਮਦ ਸਰਵਰ ਨੇ ਆਪਣੇ ਵੀਚਾਰ ਸਭ ਨਾਲ ਸਾਂਝੇ ਕੀਤੇ। ਦੂਜੇ ਦਿਨ ਪੰਜਾਬ ਦੇ ਮੁੱਖ ਮੰਤਰੀ ਜਨਾਬ ਸਰਦਾਰ ਉਸਮਾਨ ਬੁਜ਼ਦਾਰ ਤੇ ਕੇਂਦਰੀ ਰੇਲਵੇ ਮੰਤਰੀ ਜਨਾਬ ਸ਼ੇਖ ਰਸ਼ੀਦ ਨੇ ਹਿੱਸਾ ਲਿਆ। ਉਨਾਂ ਕਿਹਾ ਕਿ ਪੂਰਾ ਪੰਜਾਬ ਸਿੱਖਾਂ ਦਾ ਦੂਜਾ ਘਰ ਹੈ, ਉਹ ਜਦ ਚਾਹੁਣ ਆ ਸਕਦੇ ਹਨ ਤੇ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਦੀਦਾਰੇ ਕਰ ਸਕਦੇ ਹਨ। ਸਮੁੱਚੀ ਦੁਨੀਆ ਵਿਚੋਂ ਆਉਣ ਵਾਲੇ ਸਿੱਖਾਂ ਨੂੰ ਕੋਈ ਤਕਲੀਫ ਨਹੀਂ ਆਉਣ ਦਿੱਤੀ ਜਾਵੇਗੀ।

ਕਨਵੈਨਸ਼ਨ ਦੇ ਤੀਜੇ ਤੇ ਆਖਰੀ ਦਿਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜਨਾਬ ਇਮਰਾਨ ਖਾਨ ਸ਼ਾਮਲ ਹੋਏ। ਉਨਾਂ ਨਾਲ ਪਾਕਿਸਤਾਨ ਦੀਆਂ ਫੌਜਾਂ ਦੇ ਆਲਾ ਅਫਸਰ, ਪਾਕਿਸਤਾਨ ਵਕਫ ਬੋਰਡ, ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਜ਼, ਹਾਈ ਕੋਰਟ ਤੇ ਸੁਪਰੀਮ ਕੋਰਟ ਦੇ ਜੱਜ ਵੀ ਹਾਜ਼ਰ ਸਨ।

## ਅਮਰੀਕਾ 'ਚ ਸਿਆਸੀ ਸ਼ਰਨ ਲੈਣੀ ਹੋਈ ਔਖੀ

ਦੱਸਦੇ ਹਨ ਕਿ ਉਸ ਕੋਲ ਪੁਲਿਸ ਟਕਰਾਅ ਦੀਆਂ ਤਸਵੀਰਾਂ ਤੇ ਵੀਡੀਓ ਸਨ ਤੇ ਉਸ 'ਤੇ 2015 ਦੇ ਬੇਅਦਬੀ ਸੰਘਰਸ਼ ਸਮੇਂ ਕੇਸ ਵੀ ਦਰਜ ਸਨ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕੀਤੀ ਸਖ਼ਤੀ ਤੋਂ ਬਾਅਦ ਅਮਰੀਕੀ ਪ੍ਰਸ਼ਾਸਨ ਨੇ ਸਿਆਸੀ ਸ਼ਰਨ ਦੇਣ ਦੇ ਮਾਮਲੇ ਵਿਚ ਹੱਥ ਹੀ ਘੁੱਟ ਲਿਆ ਹੈ। ਕਿਸੇ ਟਾਵੇਂ-ਵਿਰਲੇ ਮਾਮਲੇ ਵਿਚ ਹੀ ਸ਼ਰਨ ਦਿੱਤੀ ਜਾ ਰਹੀ ਹੈ। ਵਾਪਸ ਪਰਤੇ ਵਿਅਕਤੀਆਂ ਤੇ ਅਮਰੀਕਾ ਵਿਚ ਸਿਆਸੀ ਸ਼ਰਨ ਦੇ ਕੇਸ ਲੜਨ ਵਾਲੇ ਵਕੀਲਾਂ ਨੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੇ ਧੜਾਧੜ ਕੇਸ ਰੱਦ ਕੀਤੇ ਜਾ ਰਹੇ ਹਨ। ਇਥੋਂ ਤੱਕ ਕਿ ਦੋ ਸਾਲ ਤੋਂ ਰਾਹਤ ਦੀ ਉਡੀਕ ਕਰ ਰਹੇ ਕੁਝ ਲੋਕਾਂ ਨੂੰ ਵੀ ਵਾਪਸ ਭੇਜਿਆ ਜਾ ਰਿਹਾ ਹੈ। ਗ਼ੈਰ-ਕਾਨੂੰਨੀ ਤਰੀਕੇ ਅਮਰੀਕਾ ਜਾ ਕੇ ਜੇਲ੍ਹਾਂ ਵਿਚ ਫਸੇ ਪੰਜਾਬੀਆਂ ਵਿਚ ਪੰਜਾਬ ਹੀ ਨਹੀਂ, ਸਗੋਂ ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਤਰਾਈ ਖ਼ੇਤਰ ਵਿਚ ਜਾ ਵਸੇ ਪੰਜਾਬੀ ਵੀ ਕਾਫ਼ੀ ਗਿਣਤੀ ਵਿਚ ਹਨ। ਤਰਾਈ ਖੇਤਰ ਦਾ ਇਕ ਨੌਜਵਾਨ ਦੋ ਸਾਲ ਤੋਂ ਜੇਲ੍ਹ ਵਿਚ ਬੰਦ ਸੀ ਤੇ ਉਹ 6 ਵਾਰ ਅਪੀਲ ਪਾ ਚੁੱਕਿਆ ਸੀ। ਇਕ ਅਪੀਲ 'ਤੇ ਘੱਟੋ-ਘੱਟ ਢਾਈ ਲੱਖ ਰੁਪਏ ਖਰਚ ਹੁੰਦੇ ਹਨ। ਦੱਸਦੇ ਹਨ ਕਿ ਉਹ 40 ਹਜ਼ਾਰ ਅਮਰੀਕੀ ਡਾਲਰ (25 ਲੱਖ ਰੁਪਏ) ਦੇ ਕਰੀਬ ਤਾਂ ਅਪੀਲ ਵਿਚ ਹੀ ਲਾ ਬੈਠਾ ਹੈ।

## ਗ਼ੈਰ ਕਾਨੂੰਨੀ ਦਾਖਲ ਹੋਏ ਪੰਜਾਬੀ ਧੜਾਧੜ ਹੋ ਰਹੇ ਹਨ ਡਿਪੋਰਟ -

ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖ਼ਲ ਹੋਏ ਪੰਜਾਬੀਆਂ ਨੂੰ ਅਮਰੀਕਾ ਪ੍ਰਸ਼ਾਸਨ ਨੇ ਧੜਾਧੜ ਡਿਪੋਰਟ ਕਰਨਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਇਕ ਹਫ਼ਤੇ ਵਿਚ ਹੀ ਘੱਟੋ-ਘੱਟ ਇਕ ਸੌ ਦੇ ਕਰੀਬ ਡਿਪੋਰਟ ਕੀਤੇ ਪੰਜਾਬੀਆਂ ਦੇ ਸ਼ਿਕਾਗੋ ਤੋਂ ਹਵਾਈ ਉਡਾਣ ਰਾਹੀਂ ਦਿੱਲੀ ਪੁੱਜਣ ਦਾ ਪਤਾ ਲੱਗਾ ਹੈ। ਦੱਸਿਆ ਜਾਂਦਾ ਹੈ ਕਿ ਪਿਛਲੇ ਤਿੰਨ ਕੁ ਮਹੀਨੇ ਵਿਚ ਹੀ 400 ਦੇ ਕਰੀਬ ਪੰਜਾਬੀ ਡਿਪੋਰਟ ਕੀਤੇ ਜਾ ਚੁੱਕੇ ਹਨ। ਪਤਾ ਲੱਗਾ ਹੈ ਕਿ ਇਸ ਵੇਲੇ ਘੱਟੋ-ਘੱਟ 900 ਦੇ ਕਰੀਬ ਪੰਜਾਬੀ ਮਿਸੀਸਿਪੀ, ਕੈਲੀਫੋਰਨੀਆ ਤੇ ਟੈਕਸਾਸ ਦੀਆਂ ਜੇਲ੍ਹਾਂ ਵਿਚ ਸੜ ਰਹੇ ਹਨ, ਦਰਜਨ ਦੇ ਕਰੀਬ ਹੋਰ ਅਜਿਹੇ ਕੇਂਦਰ ਹਨ ਜਿਥੇ ਅਮਰੀਕਾ ਵਿਚ ਗ਼ੈਰ-ਕਾਨੂੰਨੀ ਦਾਖ਼ਲ ਹੋਏ, ਗ੍ਰਿਫਤਾਰ ਕੀਤੇ ਵਿਅਕਤੀ ਰੱਖੇ ਜਾ ਰਹੇ ਹਨ। ਇਨ੍ਹਾਂ ਕੇਂਦਰਾਂ ਵਿਚ ਪੰਜਾਬੀਆਂ ਦੀ ਗਿਣਤੀ ਬਾਰੇ ਪਤਾ ਨਹੀਂ ਲੱਗ ਸਕਿਆ। ਵਾਪਸ ਪਰਤੇ ਸੁਲਤਾਨਪੁਰ ਲੋਧੀ ਤੇ ਤਰਨ ਤਾਰਨ ਖ਼ੇਤਰ ਦੇ ਕੁਝ ਨੌਜਵਾਨਾਂ ਨਾਲ ਗੱਲਬਾਤ ਤੋਂ ਪਤਾ ਲੱਗਾ ਹੈ ਕਿ 50 ਪੰਜਾਬੀ 18 ਅਗਸਤ ਨੂੰ, 19 ਜਣੇ 22 ਅਗਸਤ ਤੇ 36 ਪੰਜਾਬੀ 24 ਅਗਸਤ ਤੋਂ ਫਲਾਈਟਾਂ ਰਾਹੀਂ ਡਿਪੋਰਟ ਹੋ ਕੇ ਦਿੱਲੀ ਹਵਾਈ ਅੱਡੇ 'ਤੇ ਉਤਰੇ ਹਨ। ਡਿਪੋਰਟ ਹੋਏ ਇਹ ਵਿਅਕਤੀ ਸ਼ਿਕਾਗੋ ਤੋਂ ਏਅਰ ਇੰਡੀਆ ਦੀ ਉਡਾਣ ਰਾਹੀਂ ਨਵੀਂ ਦਿੱਲੀ ਹਵਾਈ ਅੱਡੇ 'ਤੇ ਉਤਰੇ ਹਨ।

ਅਦਾਲਤ ਵਲੋਂ ਵਾਪਸ ਭੇਜਣ ਦੇ ਹੁਕਮਾਂ ਵਾਲੇ ਪੰਜਾਬੀਆਂ ਨੂੰ ਵੱਖ-ਵੱਖ ਸਟੇਟਾਂ ਤੋਂ ਸ਼ਿਕਾਗੋ ਵਿਖੇ ਇਕੱਠਾ ਕਰਕੇ ਜਹਾਜ਼ ਚੜ੍ਹਾਇਆ ਜਾ ਰਿਹਾ ਹੈ। ਵਾਪਸ ਪਰਤੇ ਵਿਅਕਤੀਆਂ ਤੇ ਅਮਰੀਕਾ ਵਿਚ ਇਮੀਗ੍ਰੇਸ਼ਨ ਨਾਲ ਜੁੜੇ ਕੁਝ ਵਕੀਲਾਂ ਤੋਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਕੈਲੀਫੋਰਨੀਆ ਵਿਚ ਅਡਲੈਂਟੋ ਤੇ ਸੈਨਡਿਆਗੋ, ਐਰੀਜ਼ੋਨਾ ਸਟੇਟ ਵਿਚ ਸੈਨ ਲੁਈਸ, ਲੂਸੀਆਨਾ ਸਟੇਟ ਵਿਚ ਸੈਲੇ, ਫਲੋਰੀਡਾ ਦੇ ਮਿਆਮੀ, ਟੈਕਸਾਸ ਵਿਚ ਮੌਂਟਗੋਮਰੀ ਅਤੇ ਜੌਏਕੋਰਲੇ ਦੇ ਡਿਟੈਨਸ਼ਨ ਕੇਂਦਰਾਂ ਵਿਚ ਗ਼ੈਰ-ਕਾਨੂੰਨੀ ਗਏ ਪੰਜਾਬੀਆਂ ਨੂੰ ਰੱਖਿਆ ਜਾ ਰਿਹਾ ਹੈ। ਵੱਖ-ਵੱਖ ਸੂਤਰਾਂ ਦੇ ਦੱਸਣ ਮੁਤਾਬਿਕ ਇਸ ਵੇਲੇ ਯੂਐਸ ਇਮੀਗ੍ਰੇਸ਼ਨ ਤੇ ਕਸਟਮ ਇਨਫੋਰਸਮੈਂਟ ਦੇ ਅਧਿਕਾਰੀ ਥੋਕ ਵਿਚ ਗ਼ੈਰ-ਕਾਨੂੰਨੀ ਦਾਖ਼ਲੇ ਵਾਲੇ ਵਿਅਕਤੀਆਂ ਦੇ ਕੇਸ ਰੱਦ ਕਰ ਰਹੇ ਹਨ, ਫਿਰ ਜਦ ਫੜੇ ਵਿਅਕਤੀ ਅਦਾਲਤ ਸਾਹਮਣੇ ਅਪੀਲ ਪਾਉਂਦੇ ਹਨ, ਉਥੇ ਵੀ ਕੋਈ ਸੁਣਵਾਈ ਨਹੀਂ। ਟੈਕਸਾਸ ਦੇ ਮੌਂਟਗੋਮਰੀ ਕੇਂਦਰ ਤੋਂ ਵਾਪਸ ਪਰਤੇ ਇਕ ਨੌਜਵਾਨ ਨੇ ਦੱਸਿਆ ਕਿ ਕੇਂਦਰਾਂ ਵਿਚ ਹੀ ਅਦਾਲਤਾਂ ਲਗਦੀਆਂ ਹਨ ਤੇ ਜੱਜ ਕੇਸ ਪੜ੍ਹਨ ਜਾਂ ਸੁਣਵਾਈ ਕਰਨ ਦੀ ਬਜਾਏ ਕਮਰੇ ਵਿਚ 10-10 ਵਿਅਕਤੀਆਂ ਨੂੰ ਸੱਦ ਕੇ ਕੇਸ ਰੱਦ ਕਰਨ ਦੇ ਫ਼ੈਸਲੇ ਸੁਣਾਏ ਜਾ ਰਹੇ ਹਨ। ਸੁਲਤਾਨਪੁਰ ਲੋਧੀ ਦੇ ਇਕ ਨੌਜਵਾਨ ਨੇ ਦੱਸਿਆ ਕਿ ਉਹ ਅਪ੍ਰੈਲ ਮਹੀਨੇ ਗਿਆ ਸੀ ਤੇ 35 ਲੱਖ ਰੁਪਏ ਲੁਟਾ ਵਾਪਸ ਵੀ ਆ ਗਿਆ ਹੈ। ਉਸ ਨੇ ਦੱਸਿਆ ਕਿ ਅਸੀਂ ਮੈਕਸੀਕੋ ਰਾਹੀਂ ਅਮਰੀਕਾ ਵਿਚ ਦਾਖ਼ਲ ਹੋਏ ਸੀ ਤੇ ਢਾਈ ਮਹੀਨਿਆਂ ਵਿਚ ਹੀ ਸਾਡਾ ਕੇਸ ਖਾਰਜ ਕਰਕੇ ਵਾਪਸ ਭੇਜ ਦਿੱਤਾ। ਸੂਤਰਾਂ ਮੁਤਾਬਿਕ ਮਿਸੀਸਿਪੀ ਦੇ ਕੇਂਦਰ ਵਿਚ ਇਸ ਵੇਲੇ 450 ਦੇ ਕਰੀਬ, ਕੈਲੀਫੋਰਨੀਆ ਵਿਚ ਅਡਲੈਂਟੋ ਤੇ ਸੈਨ ਡਿਆਗੋ ਕੇਂਦਰਾਂ ਵਿਚ 325 ਦੇ ਕਰੀਬ, ਟੈਕਸਾਸ ਦੇ ਜੌਏਕੋਰਲੇ ਕੇਂਦਰ ਵਿਚ 150 ਤੇ ਮੌਂਟਗੋਮਰੀ ਕੇਂਦਰ ਵਿਚ 7 ਪੰਜਾਬੀ ਬੰਦ ਹਨ।

## ਦੁਆਬੇ ਵਿਚ ਏਜੰਟਾਂ ਦਾ ਵਿਛਿਆ ਜਾਲ-

ਦੁਆਬਾ ਖੇਤਰ ਵਿਚੋਂ ਗ਼ੈਰ-ਕਾਨੂੰਨੀ ਅਮਰੀਕਾ, ਕੈਨੇਡਾ ਤੇ ਯੂਰਪੀਨ ਮੁਲਕਾਂ ਨੂੰ ਬੰਦੇ ਭੇਜਣ ਲਈ ਏਜੰਟਾ ਦਾ ਵੱਡਾ ਜਾਲ ਵਿਛਿਆ ਹੋਇਆ ਹੈ। ਇਨ੍ਹਾਂ ਏਜੰਟਾਂ ਦੀਆਂ ਵੱਖ-ਵੱਖ ਪਰਤਾਂ ਹਨ। ਕੁਝ ਪਿੰਡਾਂ ਤੋਂ ਗਾਹਕ ਲੱਭਦੇ ਹਨ ਤੇ ਫਿਰ ਵੱਡੇ ਏਜੰਟਾਂ ਦੇ ਸਪੁਰਦ ਕਰ ਦਿੰਦੇ ਹਨ। ਇਨ੍ਹਾਂ ਏਜੰਟਾਂ ਦੇ ਅੱਗੇ ਦਿੱਲੀ ਦੇ ਮੈਕਸੀਕੋ ਜਾਂ ਹੋਰ ਥਾਵਾਂ 'ਤੇ ਮਨੁੱਖੀ ਤਸਕਰੀ ਵਿਚ ਲੱਗੇ ਲੋਕਾਂ ਨਾਲ ਸਬੰਧ ਹਨ। ਇਸ ਤਰ੍ਹਾਂ ਮਨੁੱਖੀ ਤਸਕਰੀ ਦਾ ਇਹ ਕੌਮਾਂਤਰੀ ਪੱਧਰ ਦਾ ਗਰੋਹ ਹੈ, ਜਿਸ ਦੀਆਂ ਤੰਦਾਂ ਸਥਾਨਕ ਪੁਲਿਸ ਅਫ਼ਸਰਸ਼ਾਹੀ ਤੇ ਸਿਆਸਤਦਾਨਾਂ ਨਾਲ ਜੁੜੀਆਂ ਹੋਈਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਅਨੇਕ ਵਾਰ ਵੱਡੇ ਏਜੰਟਾਂ ਦਾ ਖੁਲਾਸਾ ਹੋ ਚੁੱਕਾ ਹੈ ਪਰ ਉਨ੍ਹਾਂ ਨੂੰ ਕੋਈ ਹੱਥ ਪਾਉਣ ਲਈ ਤਿਆਰ ਨਹੀਂ ਗ਼ ਕਪੂਰਥਲਾ ਜ਼ਿਲ੍ਹੇ, ਖਾਸ ਕਰ ਸੁਲਤਾਨਪੁਰ ਲੋਧੀ ਖੇਤਰ ਵਿਚ ਦੋ ਵੱਡੇ ਏਜੰਟਾਂ ਵਲੋਂ ਦੋ ਹਜ਼ਾਰ ਤੋਂ ਵਧੇਰੇ ਲੋਕਾਂ ਨੂੰ 25 ਤੋਂ 30 ਲੱਖ ਰੁਪਏ ਲੈ ਕੇ ਅਮਰੀਕਾ ਭੇਜਿਆ ਦੱਸਿਆ ਜਾਂਦਾ ਹੈ। ਸ਼ੁਰੂ ਵਿਚ ਭੇਜੇ ਕਾਫੀ ਲੋਕਾਂ ਨੂੰ ਤਾਂ ਅਮਰੀਕਾ ਵਿਚ ਸ਼ਰਨ ਮਿਲ ਗਈ ਪਰ ਪਿਛਲੇ ਦੋ ਸਾਲ ਤੋਂ ਖ਼ਰਾਬ ਕੇਸਾਂ ਵਾਲੇ ਜਾਂ ਹੁਣ 5-6 ਮਹੀਨੇ ਤੋਂ ਫੜੇ ਗਏ ਲੋਕਾਂ ਦੀ ਕਿਸਮਤ ਫੁੱਟ ਗਈ ਹੈ ਤੇ ਉਹ ਸਾਰੇ ਵਾਪਸ ਭੇਜੇ ਜਾ ਰਹੇ ਹਨ ਤੇ ਵਾਪਸ ਪਰਤੇ ਅਜਿਹੇ ਲੋਕ ਹੁਣ ਏਜੰਟਾਂ ਦੁਆਲੇ ਹੋ ਰਹੇ ਹਨ। ਅਜਿਹੇ ਲੋਕਾਂ ਵਲੋਂ ਪੁਲਿਸ ਕੋਲ ਸ਼ਿਕਾਇਤਾਂ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਪੁਲਿਸ ਕਾਰਵਾਈ ਦੇ ਖਦਸ਼ੇ ਤੋਂ ਵਾਕਫ਼ ਇਨ੍ਹਾਂ ਏਜੰਟਾਂ ਨੇ ਭੇਜੇ ਗਏ ਵਿਅਕਤੀਆਂ ਤੋਂ ਪਹਿਲਾਂ ਹਲਫ਼ੀਆ ਬਿਆਨ ਲਏ ਹੋਏ ਹਨ ਕਿ ਉਨ੍ਹਾਂ ਦੀ ਜ਼ਿੰਮੇਵਾਰੀ ਸਿਰਫ ਮੈਕਸੀਕੋ ਰਾਹੀਂ ਅਮਰੀਕਾ ਦਾਖ਼ਲ ਕਰਨ ਦੀ ਹੈ। ਉਥੇ ਕੇਸ ਫੇਲ੍ਹ ਹੁੰਦਾ ਹੈ ਜਾਂ ਡਿਪੋਰਟ ਕਰ ਦਿੰਦੇ ਹਨ ਇਸ ਦੇ ਉਹ ਜ਼ਿੰਮੇਵਾਰ ਨਹੀਂ ਹੋਣਗੇ।

ਜਲੰਧਰ ਜ਼ਿਲ੍ਹੇ ਵਿਚੋਂ ਵੀ ਕਾਫੀ ਗਿਣਤੀ ਵਿਚ ਗ਼ੈਰ-ਕਾਨੂੰਨੀ ਲੋਕ ਅਮਰੀਕਾ ਗਏ ਹਨ। ਪਤਾ ਲੱਗਾ ਹੈ ਕਿ ਜਲੰਧਰ ਦੇ ਦੋ ਏਜੰਟਾਂ ਰਾਹੀਂ ਵੱਡੀਆਂ ਰਕਮਾਂ ਤਾਰ ਕੇ ਇਹ ਲੋਕ ਗਏ ਸਨ ਤੇ ਹੁਣ ਵਾਪਸ ਪਰਤਣੇ ਸ਼ੁਰੂ ਹੋ ਗਏ ਹਨ। ਬੀਐਮਸੀ ਚੌਕ ਲਾਗੇ ਇਕ ਦਫ਼ਤਰ ਬਣਾ ਕੇ ਗ਼ੈਰ-ਕਾਨੂੰਨੀ ਮਨੁੱਖੀ ਤਸਕਰੀ ਦਾ ਧੰਦਾ ਕਰਨ ਵਾਲੇ ਏਜੰਟ ਵਲੋਂ ਵੀ ਦਰਜਨਾਂ ਵਿਅਕਤੀ ਗ਼ੈਰ-ਕਾਨੂੰਨੀ ਤਰੀਕੇ ਨਾਲ ਭੇਜੇ ਦੱਸੇ ਜਾਂਦੇ ਹਨ।

40 ਡਿਪੋਰਟ ਪੰਜਾਬੀ 17 ਸਤੰਬਰ ਨੂੰ ਚੜ੍ਹਨਗੇ ਜਹਾਜ਼ – ਪਤਾ ਲੱਗਾ ਹੈ ਕਿ ਕੈਲੀਫੋਰਨੀਆ ਤੇ ਟੈਕਸਾਸ ਦੇ ਕੇਂਦਰਾਂ ਤੋਂ ਡਿਪੋਰਟ ਕੀਤੇ ਘੱਟੋ-ਘੱਟ 40 ਪੰਜਾਬੀ 17 ਸਤੰਬਰ ਨੂੰ ਸ਼ਿਕਾਗੋ ਤੋਂ ਜਹਾਜ਼ ਰਾਹੀਂ ਦਿੱਲੀ ਲਈ ਰਵਾਨਾ ਹੋਣਗੇ। ਇਨ੍ਹਾਂ ਵਿਚ ਕਪੂਰਥਲਾ ਵਿਚ ਤਾਇਨਾਤ ਇਕ ਥਾਣੇਦਾਰ ਦਾ ਲੜਕਾ ਵੀ ਹੈ, ਜੋ 4 ਕੁ ਮਹੀਨੇ ਸੁਲਤਾਨਪੁਰ ਲੋਧੀ ਵਿਚ ਕੰਮ ਕਰਨ ਵਾਲੇ ਮਸ਼ਹੂਰ ਏਜੰਟ ਰਾਹੀਂ ਭੇਜਿਆ ਸੀ। ਉਕਤ ਏਜੰਟ ਦੇ ਪਿੰਡ ਹਰਨਾਮਪੁਰ ਦੇ ਭਤੀਜੇ ਦੇ ਵੀ ਡਿਪੋਰਟ ਹੋਣ ਦੇ ਹੁਕਮ ਹੋ ਚੁੱਕੇ ਹਨ। ਉਸ ਵਲੋਂ ਦੋ ਵਾਰ ਅਪੀਲ ਕੀਤੀ ਗਈ ਸੀ, ਪਰ ਉਹ ਰੱਦ ਕਰ ਦਿੱਤੀ ਗਈ।

## ਨਵੇਂ ਗਿਆਂ ਦੇ ਕਰਦੇ ਨੇ ਹੱਡ ਠੰਢੇ -

ਵਾਪਸ ਪਰਤੇ ਪੰਜਾਬੀਆਂ ਨੇ ਦੱਸਿਆ ਕਿ ਮੈਕਸੀਕੋ ਸਰਹੱਦ ਟੱਪ ਕੇ ਅਮਰੀਕਾ ਗਏ ਲੋਕਾਂ ਦੇ ਫੜੇ ਜਾਣ 'ਤੇ ਸਾਰਿਆਂ ਨੂੰ ਸਭ ਤੋਂ ਪਹਿਲਾਂ ਐਰੀਜ਼ੋਨਾ ਦੇ ਸੈਨਲੂਈਜ਼ ਪੁੱਛਗਿੱਛ ਕੇਂਦਰ ਵਿਚ ਲਿਜਾਇਆ ਜਾਂਦਾ ਹੈ। ਫੜੇ ਗਏ ਵਿਅਕਤੀ ਹਾਲ ਵਿਚ ਬੰਦ ਕਰਕੇ ਏਸੀ ਪੂਰੀ ਠੰਢਕ 'ਤੇ ਛੱਡ ਦਿੱਤਾ ਜਾਂਦਾ ਹੈ ਤੇ ਉੱਪਰ ਲੈਣ ਲਈ ਪਤਲਾ ਜਿਹਾ ਕੱਪੜਾ ਦਿੱਤਾ ਜਾਂਦਾ ਹੈ। ਤਿੰਨ-ਚਾਰ ਘੰਟੇ ਹਾਲ ਵਿਚ ਬੰਦ ਕਰਕੇ ਫੜੇ ਗਏ ਵਿਅਕਤੀਆਂ ਦੇ ਹੱਡ ਏਨੇ ਠੰਢੇ ਕਰ ਦਿੱਤੇ ਜਾਂਦੇ ਹਨ ਕਿ ਕਈ ਦਿਨ ਉਹ ਬੇਸੁਰਤ ਜਿਹੇ ਹੋਏ ਫਿਰਦੇ ਰਹਿੰਦੇ ਹਨ। ਕੁਝ ਦਿਨਾਂ ਬਾਅਦ ਉਨ੍ਹਾਂ ਨੂੰ ਵੱਖ-ਵੱਖ ਕੇਂਦਰਾਂ ਵਿਚ ਭੇਜ ਦਿੱਤਾ ਜਾਦਾ ਹੈ। ਜੇਲ੍ਹਨੁਮਾ ਕੇਂਦਰਾਂ ਵਿਚ ਪੰਜਾਬ ਤੋਂ ਗਏ ਲੋਕਾਂ ਨੂੰ ਬੇਹੱਦ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ।

## ਅਮਰੀਕਾ 'ਤੇ ਬਹੁਤ ਭਾਰੂ ਰਿਹਾ ਲੰਘਿਆ ਹਫਤਾ

ਤਬਾਹੀ ਦੀ ਜਾਣਕਾਰੀ ਦੇ ਰਹੀਆਂ ਹਨ। ਅਬਾਕੋ ਦੀਪ ਦਾ ਇੱਕ ਹਿੱਸਾ ਜਲ-ਥਲ ਹੈ। ਮੌਸਮ ਵਿਭਾਗ ਨੇ 18 ਤੋਂ 23 ਫੁੱਟ ਉਚੀਆਂ ਲਹਿਰਾਂ ਉੱਠਣ ਦੀ ਚੇਤਾਵਨੀ ਦਿੱਤੀ ਸੀ।

ਬਹਾਮਾਸ ਦੇ ਪ੍ਰਧਾਨ ਮੰਤਰੀ ਹੁਬਰਟ ਮਿਨਿਸ ਨੇ ਕਿਹਾ, ਇਹ ਮੇਰੀ ਜ਼ਿੰਦਗੀ ਦਾ ਸਭ ਤੋਂ ਖ਼ਰਾਬ ਤੇ ਦੁਖੀ ਕਰਨ ਵਾਲਾ ਦਿਨ ਹੈ।' ਉਨ੍ਹਾਂ ਨੇ ਅੱਗੇ ਕਿਹਾ, ਅਸੀਂ ਚੱਕਰਵਾਤ ਦਾ ਸਾਹਮਣਾ ਕਰ ਰਹੇ ਹਾਂ। ਅਸੀਂ ਬਹਾਮਾਸ ਦੇ ਇਤਿਹਾਸ 'ਚ ਅਜਿਹਾ ਕਦੇ ਨਹੀਂ ਵੇਖਿਆ।'

## ਕਿਸ਼ਤੀ ਨੂੰ ਅੱਗ ਲੱਗਣ ਕਾਰਨ ਢਾਈ ਦਰਜਨ ਤੋਂ ਵੱਧ ਦੀ ਮੌਤ-

ਸਾਂਟਾ ਬਾਰਬਰਾ : ਦੱਖਣੀ ਕੈਲੀਫੋਰਨੀਆ ਕੰਢੇ ਨੇੜੇ ਟਾਪੂ 'ਤੇ ਕਿਸ਼ਤੀ 'ਚ ਲੰਘੇ ਸੋਮਵਾਰ ਤੜਕੇ ਅੱਗ ਲੱਗਣ ਕਾਰਨ 25 ਵਿਅਕਤੀਆਂ ਦੀ ਮੌਤ ਹੋ ਗਈ । ਕਿਸ਼ਤੀ 'ਤੇ ਸਕੂਬਾ ਡਾਈਵਿੰਗ ਦੇ ਸ਼ੌਕੀਨ ਵਿਅਕਤੀ ਸਵਾਰ ਸਨ। ਕਿਸ਼ਤੀ 'ਤੇ ਸਵਾਰ ਚਾਲਕ ਦਲ ਦੇ ਪੰਜ ਮੈਂਬਰਾਂ ਨੇ ਪਾਣੀ 'ਚ ਛਾਲਾਂ ਮਾਰ ਕੇ ਜਾਨ ਬਚਾਈ। ਬਚਾਅ ਦਲ ਨੂੰ ਚਾਰ ਲਾਸ਼ਾਂ ਲਾਸ ਏਂਜਲਸ ਦੇ ਉੱਤਰ-ਪੱਛਮ 'ਚ 145 ਕਿਲੋਮੀਟਰ ਦੂਰ ਸਾਂਟਾ ਕਰੂਜ਼ ਟਾਪੂ ਕੋਲ ਮਿਲੀਆਂ ਹਨ। ਸਾਹਿਲੀ ਰੱਖਿਅਕਾਂ ਨੇ ਦੱਸਿਆ ਕਿ ਪੰਜ ਲਾਸ਼ਾਂ ਕਿਸ਼ਤੀ ਹੇਠਾਂ ਦੱਬੀਆਂ ਹੋਈਆਂ ਸਨ । ਸਾਹਿਲੀ ਰੱਖਿਅਕ ਕੈਪਟਨ ਮੋਨਿਕਾ ਰੋਚੇਸਟਰ ਤੇ ਲੈਫ਼ਟੀਨੈਂਟ ਕਮਾਂਡਰ ਮੈਥਿਊ ਕਰੌਲ ਨੇ ਕਿਹਾ ਕਿ ਸ਼ੁਰੂ 'ਚ ਜਿਹੜੀਆਂ ਚਾਰ ਲਾਸ਼ਾਂ ਮਿਲੀਆਂ, ਉਨ੍ਹਾਂ ਦੀ ਮੌਤ ਡੁੱਬਣ ਕਾਰਨ ਹੋਈ। ਉਂਜ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਸਮੁੰਦਰ ਦੀ ਸਤਹਿ 'ਤੇ ਮੌਜੂਦ ਲਾਸ਼ਾਂ ਨੂੰ ਕਦੋਂ ਬਾਹਰ ਕੱਢਿਆ ਜਾਵੇਗਾ। ਸਾਂਟਾ ਬਾਰਬਰਾ ਕਾਊਂਟੀ ਸ਼ੈਰਿਫ ਬਿਲ ਬ੍ਰਾਊਨ ਨੇ ਕਿਹਾ ਕਿ ਕਿਸ਼ਤੀ ਘੱਟ ਪਾਣੀ ਵਾਲੀ ਥਾਂ 'ਤੇ ਪਲਟ ਗਈ। 23 ਮੀਟਰ ਲੰਬੀ ਕਿਸ਼ਤੀ ਤਿੰਨ ਦਿਨ ਦੇ ਰੋਮਾਂਚਕ ਸਫ਼ਰ 'ਤੇ ਸੀ। ਹਾਦਸੇ 'ਚ ਬਚੇ ਅਮਲੇ ਦੇ ਪੰਜ ਮੈਂਬਰਾਂ ਨੇ 'ਦਿ ਗਰੇਪ ਐਸਕੇਪ' ਕਿਸ਼ਤੀ 'ਚ ਪਨਾਹ ਲਈ। ਕਿਸ਼ਤੀ ਦੇ ਮਾਲਕਾਂ ਬੌਬ ਅਤੇ ਸ਼ਰਲੇ ਹਨਸੇਨ ਨੇ ਦੱਸਿਆ ਕਿ ਜਦੋਂ ਉਨ੍ਹਾਂ ਤੜਕੇ ਰੌਲਾ ਪੈਣ 'ਤੇ ਦੇਖਿਆ ਤਾਂ ਕਿਸ਼ਤੀ ਪੂਰੀ ਤਰ੍ਹਾਂ ਨਾਲ ਅੱਗ ਨਾਲ ਘਿਰੀ ਹੋਈ ਸੀ।

## ਅੱਲੜ ਮੁੰਡੇ ਨੇ ਪਰਿਵਾਰ ਦੇ ਪੰਜ ਜੀਆਂ ਨੂੰ ਗੋਲੀਆਂ ਨਾਲ ਭੁੰਨਿਆਂ-

ਮਿਆਮੀ : ਇੱਕ 14 ਸਾਲ ਦੇ ਲੜਕੇ ਨੇ ਅਮਰੀਕਾ ਦੇ ਅਲਬਾਮਾ ਸੂਬੇ ਵਿੱਚ ਐਲਕਮੌਂਟ ਵਿੱਚ ਆਪਣੇ ਪੰਜ ਪਰਿਵਾਰਕ ਜੀਆਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਅਤੇ ਫਿਰ ਪੁਲੀਸ ਨੂੰ ਬੁਲਾ ਕੇ ਆਪਣਾ ਜੁਰਮ ਕਬੂਲ ਕਰ ਲਿਆ ਹੈ। ਇਹ ਜਾਣਕਾਰੀ ਪੁਲੀਸ ਨੇ ਦਿੱਤੀ ਹੈ। ਇਨ੍ਹਾਂ ਵਿੱਚੋਂ ਤਿੰਨ ਜੀਅ ਘਰ ਵਿੱਚ ਤੁਰੰਤ ਮਰ ਗਏ ਅਤੇ ਦੋ ਹੈਲੀਕਾਪਟਰ ਐਂਬੂਲੈਂਸ ਰਾਹੀਂ ਲੈ ਕੇ ਜਾਣ ਸਮੇਂ ਦਮ ਤੋੜ ਗਏ।

ਲਾਈਮਸਟੋਨ ਕਾਊਂਟੀ ਦੇ ਪੁਲੀਸ ਮੁਖੀ ਨੇ ਦੱਸਿਆ ਲੜਕੇ ਨੇ ਇਨ੍ਹਾਂ ਹੱਤਿਆਵਾਂ ਲਈ 9 ਐੱਮਐੱਮ ਦੀ ਗੰਨ ਵਰਤੀ। ਇਹ ਘਟਨਾ ਵੀ ਸੋਮਵਾਰ ਰਾਤ ਨੂੰ ਹੀ ਘਟੀ ਹੈ। ਪੁਲੀਸ ਨੇ ਲੜਕੇ ਦੀ ਸ਼ਨਾਖਤ ਨਹੀਂ ਦੱਸੀ ਅਤੇ ਨਾ ਹੀ ਅਜੇ ਤਕ ਘਟਨਾ ਪਿਛਲੇ ਕਾਰਨਾਂ ਦਾ ਪਤਾ ਲੱਗ ਸਕਿਆ ਹੈ। ਪੁਲੀਸ ਅਨੁਸਾਰ ਲੜਕਾ ਜਾਂਚ ਵਿੱਚ ਪੂਰਾ ਸਹਿਯੋਗ ਦੇ ਰਿਹਾ ਹੈ ਅਤੇ ਪੁਲੀਸ ਅਪਰਾਧ ਕਰਨ ਲਈ ਵਰਤੀ ਗੰਨ ਨੂੰ ਲੱਭਣ ਵਿੱਚ ਲੱਗੀ ਹੈ, ਜੋ ਕਿ ਲੜਕੇ ਨੇ ਆਪਣੇ ਘਰ ਦੇ ਨਜ਼ਦੀਕ ਹੀ ਸੁੱਟ ਦਿੱਤੀ ਸੀ।

## ਸ਼ਿਕਾਗੋ 'ਚ ਸੱਤ ਜਣਿਆਂ ਦੀ ਗੋਲੀਆਂ ਮਾਰ ਕੇ ਹੱਤਿਆ-

ਸ਼ਿਕਾਗੋ : ਇਥੇ ਤਿੰਨ ਦਿਨ ਵਿੱਚ ਦੋ ਬੱਚਿਆਂ ਸਮੇਤ ਸੱਤ ਵਿਅਕਤੀਆਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਡਬਲਿਊਐਲਐੱਸ-ਟੀਵੀ ਦੀ ਰਿਪੋਰਟ ਅਨੁਸਾਰ ਮ੍ਰਿਤਕਾਂ ਵਿੱਚ ਦੋ ਨਾਬਾਲਗ ਵੀ ਸ਼ਾਮਲ ਹਨ। ਇਨ੍ਹਾਂ ਵਿੱਚੋਂ ਇੱਕ 15 ਸਾਲਾ ਦਾਵਾਂਤੇ ਜੈਕਸਨ ਹੈ, ਉਸ ਨੂੰ ਉਸ ਦੇ ਘਰ ਤੋਂ ਕੁੱਝ ਕਦਮਾਂ ਉੱਤੇ ਗੋਲੀ ਮਾਰੀ ਗਈ। ਜੈਕਸਨ ਨੇ ਮੰਗਲਵਾਰ ਤੋਂ ਹਾਈ ਸਕੂਲ ਜਾਣਾ ਸ਼ੁਰੂ ਕਰਨਾ ਸੀ। ਉਸ ਦੀ ਭੈਣ ਅਲੈਕਸਿਸ ਜੈਕਸਨ ਨੇ ਦੱਸਿਆ ਕਿ ਉਸਨੂੰ ਕਿਸੇ ਨੇ ਫੋਨ ਕਰਕੇ ਘਰ ਤੋਂ ਬਾਹਰ ਬੁਲਾਇਆ ਸੀ ਅਤੇ ਘਰੋਂ ਨਿਕਲਦਿਆਂ ਸਾਰ ਹੀ ਉਸ ਨੂੰ ਗੋਲੀ ਮਾਰ ਦਿੱਤੀ ਗਈ। ਸ਼ਨਿਚਰਵਾਰ ਨੂੰ ਦੋ ਵਿਅਕਤੀਆਂ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ ਸਨ। ਇਨ੍ਹਾਂ ਦੀ ਉਮਰ 32 ਅਤੇ 26 ਸਾਲ ਸੀ। ਇਹ ਘਟਨਾਵਾਂ ਵੀ ਸ਼ਿਕਾਗੋ ਵਿੱਚ ਹੀ ਵਾਪਰੀਆਂ ਹਨ। ਇਸ ਘਟਨਾ ਵਿੱਚ ਤਿੰਨ ਵਿਅਕਤੀ ਜ਼ਖ਼ਮੀ ਵੀ ਹੋਏ।

## ਪੰਜਾਬ ਸਰਕਾਰ ਦੀ ਆਲੋਚਨਾ ਬਨਾਮ ਮੁੱਖ ਮੰਤਰੀ ਦੇ ਫੇਸਬੁੱਕ ਖਾਤੇ ਦੇ ਸਲ੍ਹਾਬੀ ਸੋਚ ਵਾਲੇ ਕੁਮੈਂਟ

ਪਰ ਦਲੀਲ ਨਾਲ ਸਵਾਲਾਂ ਦੇ ਜਵਾਬ ਦੇਣ ਦਾ ਜਿਗਰਾ ਕਿਸੇ ਕੋਲ ਵੀ ਨਹੀਂ। ਅਕਾਲੀ ਸਰਕਾਰ ਵੇਲੇ ਬੀਬਾ ਬਾਦਲ ਨੂੰ ਇਹਨਾਂ ਸਤਰਾਂ ਦੇ ਲੇਖਕ ਵੱਲੋਂ ਸੱਭਿਅਕ ਸ਼ਬਦਾਵਲੀ ਵਿੱਚ ਸਵਾਲ ਕੀਤਾ ਗਿਆ ਤਾਂ ਜਵਾਬ ਦੇਣ ਦੀ ਬਜਾਏ ਬਲੌਕ ਕਰ ਦਿੱਤਾ ਗਿਆ। ਕੈਪਟਨ ਸਾਹਿਬ ਨੂੰ ਕਿਸੇ ਵੀ ਮੰਚ ਤੋਂ ਆਹਮੋ ਸਾਹਮਣੇ ਜਵਾਬ ਦੇਣ ਦੀ ਪੇਸ਼ਕਸ਼ ਕੀਤੀ ਤਾਂ ਉਹ ਚੁੱਪ ਵੱਟ ਗਏ। ਹੈਰਾਨੀ ਨਾਲੋਂ ਦੁੱਖ ਵਧੇਰੇ ਹੋ ਰਿਹਾ ਹੈ ਕਿ ਸੂਬੇ ਦਾ ਮੁੱਖ ਮੰਤਰੀ ਸਵਾਲ ਕਰਨ ਵਾਲਿਆਂ ਨੂੰ ਉਹਨਾਂ ਦੀ ਔਕਾਤ ਦਿਖਾ ਰਿਹਾ ਹੋਵੇ, ਉਹਨਾਂ ਨੂੰ ਸਿੰਗਾਪੁਰ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਮੁਲਕਾਂ 'ਚ ਵਸੇ ਹੋਣ ਦਾ ਤਾਅਨਾ ਮਾਰ ਰਿਹਾ ਹੋਵੇ ਤੇ ਪੁੱਛ ਰਿਹਾ ਹੋਵੇ ਕਿ ਤੁਸੀਂ ਸਵਾਲ ਕਿਉਂ ਪੁੱਛ ਰਹੇ ਹੋ ? ? ਪਰ ਪੰਜਾਬ 'ਚੋਂ ਹਿਜਰਤ ਕਰ ਚੁੱਕੇ ਉਹਨਾਂ ਸਭ ਨਿੱਕੇ ਵੱਡਿਆਂ ਦੀ ਤਰਫੋਂ ਇਹ ਸਵਾਲ ਵੀ ਪੁੱਛਣਾ ਬਣਦਾ ਹੈ ਕਿ ਉਹਨਾਂ ਸਭ ਨੂੰ ਪ੍ਰਦੇਸੀ ਬਨਾਉਣ ਵਿੱਚ ਕਿਹਨਾਂ ਦੀਆਂ ਬਣਾਈਆਂ ਨੀਤੀਆਂ ਜ਼ਿੰਮੇਵਾਰ ਹਨ ? ਕੀ ਵਜ੍ਹਾ ਹੈ ਕਿ ਦਿਨ ਬ ਦਿਨ ਨੌਜਵਾਨੀ ਵਿਦੇਸ਼ਾਂ ਵੱਲ ਨੂੰ ਭੱਜ ਰਹੀ ਹੈ ? ਜੇ ਵਿਦੇਸ਼ 'ਚ ਵ ਸਕੇ ਸਵਾਲ ਕਰਨਾ ਗੁਨਾਂਹ ਹੈ ਤਾਂ ਵਿਦੇਸ਼ਾਂ 'ਚ ਪੜ੍ਹ ਕੇ ਲੋਕਾਂ 'ਤੇ ਰਾਜ ਕਰਨਾ ਵੀ ਕਿੱਧਰਲੀ ਸਿਆਣਪ ਹੈ ? ਕੀ ਮਜ਼ਬੂਰੀ ਹੈ ਕਿ ਨੇਤਾਵਾਂ ਵੱਲੋਂ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਵੀ ਵਿਦੇਸ਼ਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ ? ਕੀ ਵਜ੍ਹਾ ਹੈ ਕਿ ਵਿਦੇਸ਼ਾਂ 'ਚ ਹੁੰਦੇ ਪਾਰਟੀ ਹਿਮਾਇਤੀਆਂ ਦੇ ਸਿਆਸੀ ਸਮਾਗਮਾਂ 'ਚ ਨਿੱਠ ਕੇ ਸ਼ਮੂਲੀਅਤ ਕੀਤੀ ਜਾਂਦੀ ਹੈ ? ਕੋਈ ਅਨਪੜ੍ਹ ਕਿਸਮ ਦਾ ਬੰਦਾ ਅਜਿਹੀ ਸ਼ਬਦਾਵਲੀ ਵਰਤੇ ਤਾਂ ਅਸੀਂ ਪਾਸਾ ਵੱਟ ਸਕਦੇ ਹਾਂ ਪਰ ਸੂਬੇ ਦਾ ਮੁੱਖ ਮੰਤਰੀ ਸਿਸਟਮ ਦੇ ਸਤਾਏ ਦੇਸੋਂ ਪ੍ਰਦੇਸੀ ਹੋਇਆਂ ਨੂੰ ਮੇਹਣੇ ਰੂਪੀ ਕੁਮੈਂਟ ਕਰੇ ਤਾਂ ਹੜ੍ਹਾਂ ਦੇ ਦਿਨਾਂ 'ਚ ਸੂਬੇ ਦੇ ਮੁੱਖ ਮੰਤਰੀ ਦੀ ਸਲ੍ਹਾਬੀ ਹੋਈ ਸੋਚ 'ਤੇ ਤਰਸ ਕਰਨਾ ਬਣਦਾ ਹੈ। ਮੁੱਖ ਮੰਤਰੀ ਸਾਹਿਬ ਦੇ ਕੁਮੈਂਟ ਵਿੱਚ ਸਵਾਲ ਕਰਨ ਵਾਲਿਆਂ ਨੂੰ ਅਕਸਰ ਹੀ ਅਕਾਲੀ ਜਾਂ ਆਪ ਵਾਲੇ ਕਹਿ ਕੇ ਮਿਹਣਾ ਮਾਰਿਆ ਜਾਂਦਾ ਹੈ। ਕੀ ਸਵਾਲ ਪੁੱਛਣਾ ਗੁਨਾਹ ਹੈ ? ਕੀ ਅਜਿਹੀ ਸ਼ਬਦਾਵਲੀ ਇੱਕ ਜਿੰਮੇਵਾਰ ਕੁਰਸੀ 'ਤੇ ਬੈਠੇ ਸੇਵਾਦਾਰ ਨੂੰ ਸ਼ੋਭਾ ਦਿੰਦੀ ਹੈ ? ਚਾਹੀਦਾ ਤਾਂ ਇਹ ਸੀ ਕਿ ਮੁੱਖ ਮੰਤਰੀ ਸਾਹਿਬ ਆਪਣੀ ਪਾਰਟੀ ਦੇ ਸਮੂਹ ਵਿਧਾਇਕਾਂ ਅਤੇ ਵਿਰੋਧੀ ਪਾਰਟੀਆਂ ਦੇ ਵਿਧਾਇਕਾਂ ਨੂੰ ਇਸ ਗੱਲ ਲਈ ਸਹਿਮਤ ਕਰਦੇ ਕਿ ਜਿਹੜੇ ਲੋਕਾਂ ਦੇ ਸਿਰੋਂ ਸਹੂਲਤਾਂ ਮਾਣ ਰਹੇ ਹਨ, ਉਹਨਾਂ ਲਈ ਇੱਕ ਮਹੀਨੇ ਦੀ ਤਨਖਾਹ ਦਾਨ ਕੀਤੀ ਜਾਵੇ। ਪਰ ਅਫਸੋਸ ਕਿ ਲੋਕ ਜਿੰਨੇ ਵਧੇਰੇ ਦੁਖੀ ਹੋਣਗੇ, ਓਨੀ ਹੀ ਜੀ-ਹਜ਼ੂਰੀ ਵਧੇਰੇ ਕਰਨਗੇ। ਉਮੀਦ ਕਰਨੀ ਬਣਦੀ ਹੈ ਕਿ ਸੂਬੇ ਦੇ ਮੁੱਖ ਮੰਤਰੀ ਸਾਹਿਬ ਆਪਣੇ ਉਂਗਲਾਂ ਦੇ ਪੋਟਿਆਂ ਨੂੰ ਮਿਹਣਿਆਂ ਦੀ ਬਜਾਏ ਕਿਸੇ ਚੰਗੀ ਸ਼ਬਦਾਵਲੀ ਲਈ ਜ਼ਰੂਰ ਵਰਤਣਗੇ, ਨਹੀਂ ਤਾਂ ਕੰਧ 'ਤੇ ਲਿਖਿਆ ਸੱਚ ਇਹੀ ਹੈ ਕਿ ਕੁਰਸੀਆਂ ਓਹੀ ਰਹਿੰਦੀਆਂ ਹਨ, ਚਿਹਰੇ ਅਕਸਰ ਹੀ ਬਦਲ ਜਾਂਦੇ ਹਨ। ਸਤਿਕਾਰ ਤੇ ਪਿਆਰ ਜਿੰਨਾ ਕਿਸੇ ਨੂੰ ਦਿਓਗੇ, ਉਸ ਤੋਂ ਕਈ ਗੁਣਾ ਵਧੇਰੇ ਬਿਨਾ ਮੰਗਿਆਂ ਆਪ ਮੁਹਾਰੇ ਮਿਲਦਾ ਰਹਿੰਦਾ ਹੈ।

## ਖੱਬੇ ਪੱਖੀ-ਮਾਨਸਿਕਤਾ ਸਿੱਖਾਂ ਅਤੇ ਸਿੱਖੀ ਤੋਂ ਦੂਰ-ਦੂਰ ਕਿਉਂ ?

ਪਰ ਦਿਲਚਸਪ ਗੱਲ ਇਹ ਸੀ ਕਿ ਟ੍ਰਿਬਿਊਨ ਮੈਨੇਜਮੈਂਟ ਦੀ ਹਦਾਇਤ ਸੀ ਕਿ ਤੁਹਾਨੂੰ ਸਿੰਘ ਸ਼ਬਦ ਲਿਖਣਾ ਪਵੇਗਾ ਕਿਉਂਕਿ ਤੁਹਾਡੇ ਦਸਵੀਂ ਦੇ ਸਰਟੀਫਿਕੇਟਾਂ ਵਿੱਚ ਤੁਹਾਡੇ ਮਾਪਿਆਂ ਨੇ 'ਸਿੰਘ' ਲਿਖਵਾਇਆ ਹੋਇਆ ਸੀ।

ਦੋਸਤੋ ! ਤੁਹਾਡੇ ਨਾਲ਼ ਗਿਲਾ ਹੈ ਕਿ ਤੁਸੀਂ ਚੀਜ਼ਾਂ ਤੇ ਵਰਤਾਰਿਆਂ ਨੂੰ ਧਿਆਨ ਨਾਲ ਨਹੀਂ ਦੇਖਦੇ ਜਦਕਿ ਅਰਦਾਸ ਵਿੱਚ ਗੁਰੂ ਮਹਾਰਾਜ ਨੇ 'ਵਾਹਿਗੁਰੂ' ਬੋਲਣ ਤੋਂ ਪਹਿਲਾਂ 'ਧਿਆਨ' ਧਰਨ ਦਾ ਵਿਸ਼ੇਸ਼ ਹੁਕਮ ਜਾਰੀ ਕੀਤਾ ਹੋਇਆ ਹੈ। ਕਿਉਂ ਭੁੱਲਦੇ ਜਾ ਰਹੇ ਹੋ ?

ਪੰਜਾਬੀ ਟ੍ਰਿਬਿਊਨ ਦੇ ਆਖਰੀ ਪੰਨੇ ਤੇ ਹੇਠਾਂ ਜਿਹੇ ਕਰਕੇ ਸੰਪਾਦਕ ਅਤੇ ਅਖ਼ਬਾਰ ਬਾਰੇ ਸੰਖੇਪ ਜਾਣਕਾਰੀ ਹੁੰਦੀ ਹੈ, ਜਿਸ ਨੂੰ ਅਸੀਂ ਪ੍ਰਿੰਟ ਲਾਈਨ ਕਹਿੰਦੇ ਹਾਂ। ਇਸ ਪ੍ਰਿੰਟ ਲਾਈਨ ਵਿੱਚ ਵਰਤਮਾਨ ਸੰਪਾਦਕ ਦਾ ਨਾਂ ਪੜ੍ਹ ਕੇ ਦੇਖ ਲ ?, ਉੱਥੇ ਸੰਪਾਦਕ ਨੂੰ ਸਿੰਘ ਸ਼ਬਦ ਦੀ ਵਰਤੋਂ ਕਰਨੀ ਹੀ ਪੈਂਦੀ ਹੈ।

ਹੋਰ ਵੀ ਬੜੀਆਂ ਮਿਸਾਲਾਂ ਹਨ ਜਿੱਥੇ ਕਿ, ਕੀ ਨੌਜਵਾਨ ਕਾਮਰੇਡ, ਕੀ ਬੁੱਢੇ ਕਾਮਰੇਡ, ਸਭ ਨੇ ਥੋਕ ਵਿੱਚ 'ਸਿੰਘ' ਸ਼ਬਦ ਆਪਣੇ ਨਾਂ ਨਾਲੋਂ ਹਟਾ ਦਿੱਤਾ ਹੈ। ਆਪਣੇ ਅਸਲੇ ਤੋਂ ਭੱਜੇ ਜਾ ਰਹੇ ਇਨ੍ਹਾਂ ਕਾਮਰੇਡ ਭਰਾਵਾਂ ਨੂੰ ਕੋਈ ਸੁਕਰਾਤ ਵਾਂਗ ਰੋਕ ਕੇ ਜੇ ਕਦੇ ਸਵਾਲ ਕਰੇ ਕਿ ਭਰਾਵੋ ! ਤੁਸੀਂ ਦਸਮੇਸ਼ ਪਿਤਾ ਵੱਲੋਂ ਬਖਸ਼ੇ 'ਸਿੰਘ' ਸ਼ਬਦ ਨੂੰ ਕਿਉਂ ਹਟਾ ਦਿੱਤਾ ਹੈ, ਜਦੋਂ ਕਿ ਤੁਸੀਂ ਖੁਦ ਦਸਮੇਸ਼ ਪਿਤਾ ਦੀ ਉਸਤਤ ਵਿੱਚ ਸਟੇਜਾਂ ਉੱਤੇ ਭਾਰੀ ਨੁਮਾਇਸ਼ ਕਰਦੇ ਹੋ ? ਤਾਂ ਇਨ੍ਹਾਂ ਭਰਾਵਾਂ ਕੋਲ ਸ਼ਰਮਿੰਦੇ ਹੋਣ ਤੋਂ ਬਿਨਾ ਕੀ ਹੋਰ ਕੋਈ ਜਵਾਬ ਹੋ ਸਕਦਾ ਹੈ ?

ਖੱਬੇ ਪੱਖੀ -ਮਾਨਸਿਕਤਾ ਦੇ ਤੰਦੂਆ- ਜਾਲ ਦੀਆਂ ਦੂਰ-ਨੇੜੇ ਫੈਲੀਆਂ ਤੰਦਾਂ ਦਾ ਹਿਸਾਬ-ਕਿਤਾਬ ਅੱਗੇ ਵੀ ਜਾਰੀ ਰਹੇਗਾ। ਪਰ ਦੋਸਤੋ ! ਸਿਰਫ ਫੇਸਬੁੱਕ ਉਤੇ ਲਾਈਕ ਕਰਨ ਦੀ ਆਦਤ ਤੋਂ ਖਹਿੜਾ ਛੁਡਾ ? ਤੇ ਕੁਮੈਂਟ ਦੀ ਦੁਨੀਆ ਵਿੱਚ ਦਾਖਲ ਹੋਵੋ ਕਿਉਂਕਿ ਪੰਥ ਨੂੰ ਇਸ ਸਮੇਂ ਬੌਧਿਕ-ਇਨਕਲਾਬ ਅਤੇ ਬੌਧਿਕ-ਚਮਤਕਾਰ ਦੀ ਭਾਰੀ ਲੋੜ ਹੈ।




# 22

## GET FLAT 22 CENTS DISCOUNT AT




TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਅਪੀਲ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ, ਜੋ ਆਉਣ ਵਾਲੇ ਦਿਨਾਂ ਵਿਚ ਹੋਣ ਜਾ ਰਹੀਆਂ ਹਨ, ਉਸ ਲਈ ਆਪ ਜੀ ਦੀ ਵੋਟ ਬਣਨੀ ਅਤੇ ਵੋਟ ਪਾਉਣੀ ਬਹੁਤ ਜ਼ਰੂਰੀ ਹੈ। ਅਗਰ ਆਪ ਜੀ ਦੇ ਪਰਿਵਾਰ ਵਿਚ ਕਿਸੇ ਮੈਂਬਰ ਦੀ ਹਾਲੇ ਤੱਕ ਵੋਟ ਨਹੀਂ ਬਣੀ, ਤਾਂ ਜ਼ਰੂਰ ਬਣਾਉ ਜੀ। ਜੇਕਰ ਆਪ ਜੀ ਦੇ ਪਰਿਵਾਰ ਦਾ ਮੈਂਬਰ, ਰਿਸ਼ਤੇਦਾਰ, ਦੋਸਤ-ਮਿੱਤਰ ਜਾਂ ਕੋਈ ਹੋਰ ਸਾਕ-ਸੰਬੰਧੀ, ਸੈਂਟਾ ਕਲਾਰਾ, ਸੈਨ ਮੈਟੀਉ, ਸੈਂਟਾ ਕਰੂਜ਼, ਮੋਨਟਰੇਅ, ਸੈਨ ਬਨੀਟੋ ਅਤੇ ਕਾਂਟਰਾ ਕੋਸਟਾ ਕਾਉਂਟੀਆਂ ਵਿਚ ਰਹਿੰਦਾ ਹੈ, ਤਾਂ ਉਸ ਦੀ ਵੋਟ ਵੀ ਜ਼ਰੂਰ ਬਣਾਉ ਜੀ। ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗੇ ਜੀ।



ਡਾ. ਤਰਲੋਚਨ ਸਿੰਘ ਨਾਹਲ | ਬਲਬੀਰ ਸਿੰਘ ਢਿੱਲੋਂ | ਜਸਪਾਲ ਸੈਣੀ | ਭੁਪਿੰਦਰ ਸਿੰਘ ਚੀਮਾ | ਬਲਵਿੰਦਰ ਸਿੰਘ ਲੰਗੜੋਆ | ਹਰਪ੍ਰੀਤ ਸਿੰਘ | ਹਰਪ੍ਰੀਤ ਸਿੰਘ ਗਿੱਲ | ਓਂਕਾਰ ਸਿੰਘ ਨਾਹਲ | ਭਾਈ ਗੁਰਮੇਲ ਸਿੰਘ ਖਾਲਸ | ਨੀਟੂ ਸਿੰਘ ਕਾਹਲੋਂ | ਹਰਬਖਸ਼ ਸਿੰਘ ਰਾਊਕੇ



ਸਰਬਜੋਤ ਸਿੰਘ ਸਵੱਦੀ | ਉਪਜਿੰਦਰ ਸਿੰਘ | ਪ੍ਰੀਤ ਸਿੰਘ ਰੰਧਾਵਾ | ਜਗਜੀਤ ਸਿੰਘ ਮੰਡ | ਬਲਕਾਰ ਸਿੰਘ | ਵਿਕਰਮ ਸਿੰਘ | ਕਸ਼ਮੀਰ ਸਿੰਘ ਸੀਵੀਆ | ਸੁਖਵਿੰਦਰ ਸਿੰਘ ਮਾਨ | ਇੰਦਰਜੀਤ ਸਿੰਘ ਬਿਦ | ਜਰਨੈਲ ਸਿੰਘ ਰਾਜਾ | ਮਨਪ੍ਰੀਤ ਸਿੰਘ ਬਦੇਸ਼ਾ



ਸੁਰਿੰਦਰ ਸਿੰਘ ਮਾਹਲ | ਹਰਦੁੱਮਣ ਸਿੰਘ ਬਿੱਲਾ ਸੰਘੇੜਾ | ਸੁਖਵਿੰਦਰ ਸਿੰਘ ਗਰੇਵਾਲ | ਇਕਬਾਲ ਸਿੰਘ ਮਾਨ | ਮਹਿੰਦਰ ਸਿੰਘ ਮਾਨ | ਤਰਸੇਮ ਸਿੰਘ ਅਟਵਾਲ | ਪ੍ਰਿਤਪਾਲ ਸਿੰਘ ਗਿਰਨ | ਬੱਗਾ ਸਿੰਘ ਰੰਧਾਵਾ | ਅਵਤਾਰ ਸਿੰਘ ਖੇਲਾ | ਜਗਜੀਤ ਸਿੰਘ ਕੰਗ | ਗੁਰਿੰਦਰ ਸਿੰਘ ਢਿੱਲੋਂ



ਜੋਗਿੰਦਰ ਸਿੰਘ ਮਾਨ | ਰਣਜੀਤ ਸਿੰਘ ਅਖਾੜਾ | ਜਸਵੰਤ ਸਿੰਘ ਹੋਠੀ | ਜਰਨੈਲ ਸਿੰਘ ਰਾਏ | ਬਿਕਰਾਜ ਸਿੰਘ ਸੰਧੂ | ਸਤਪਾਲ ਸਿੰਘ ਸਿੱਧੂ | ਗੁਰਦੇਵ ਸਿੰਘ ਕਲਸੀ | ਹਰਪਾਲ ਸਿੰਘ ਚਾਹਲ | ਗੁਰਦੇਵ ਸਿੰਘ ਬੰਗਾ | ਕਮਲਜੀਤ ਸਿੰਘ ਚੀਮਾ | ਹਰਕੇਵਲ ਸਿੰਘ ਸੰਧੂ



ਸੰਦੀਪ ਸਿੰਘ ਸੰਧੂ | ਜੰਗ ਸਿੰਘ ਬਦੇਸ਼ਾ | ਪਰਮਜੀਤ ਸਿੰਘ ਗਿਰਨ | ਜੈਸੀ ਸਿੰਘ | ਅਵਤਾਰ ਸਿੰਘ ਗਿਰਨ | ਸੁਖਦੀਪ ਸਿੰਘ ਵੜੈਚ | ਹਰਦਿਆਲ ਸਿੰਘ ਗਰੇਵਾਲ | ਭੁਪਿੰਦਰ ਸਿੰਘ ਗਿੱਲ | ਅਮਰਜੀਤ ਸਿੰਘ ਦਿਓਲ | ਹਰਜਿੰਦਰ ਸਿੰਘ ਸੈਣੀ | ਬਘੇਲ ਸਿੰਘ ਜੰਸਵਾਲ | ਕੈਪਟਨ ਦਰਸ਼ਨ ਸਿੰਘ



ਗੁਰਮੀਤ ਸਿੰਘ ਸੈਣੀ | ਗੁਰਸੇਵਕ ਸਿੰਘ ਭੰਗੂ | ਗੁਰਜੀਤ ਸਿੰਘ ਗਿੱਲ | ਗੁਰਮੀਤ ਸਿੰਘ ਸਿੱਧੂ | ਜੇ.ਪੀ. ਸਿੰਘ | ਬਲਜੀਤ ਸਿੰਘ | ਰਣਜੀਤ ਸਿੰਘ ਨਾਗਰਾ | ਸੰਦੀਪ ਸਿੰਘ ਸੰਧੂ | ਇੰਦਰਜੀਤ ਸਿੰਘ | ਪਰਮਿੰਦਰ ਸਿੰਘ ਸਹੋਤਾ | ਰਵਿੰਦਰ ਸਿੰਘ ਮਿਨਹਾਸ | ਸੁਖਵਿੰਦਰ ਸਿੰਘ ਸੰਧੂ

Designed By Punjab Mail USA

ਵੱਲੋਂ

## ਸਾਧ ਸੰਗਤ ਸਲੇਟ

408-449-1639


SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM